@Qpatrika @qaumipatrika punjabi instagram.com/qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
Qaumi Patrika NO.1
Punjabi National Daily
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Tuesday, 21 January 2025
VISIT: www.qaumipatrika.org Email: qpatrika@gmail.com
ਨਵੀਂ ਦਿੱਲੀ: ਮੰਗਲਵਾਰ 21 ਜਨਵਰੀ 2025, 9 ਮਾਘ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 72, qpatrika@gmail.com ਫੋਨ : 9971359517 www.qaumipatrika.org

## ਭਾਰਤ ਨਾਲ ਜੁੜਿਆ ਹੈ ਆਟੋ ਸੈਕਟਰ ਦਾ ਭਵਿੱਖ ਗਲੋਬਲ ਮੋਬਿਲਿਟੀ ਐਕਸਪੋ 'ਚ ਬੋਲੇ ਪ੍ਰਧਾਨ ਮੰਤਰੀ ਮੋਦੀ

**ਸਿੰਮੀ ਕੌਰ ਬੱਬਰ**

ਨੈਸ਼ਨਲ ਡੈਸਕ 20 ਜਨਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਿੱਲੀ ਦੇ ਭਾਰਤ ਮੰਡਪਮ ਵਿਖੇ ਗਲੋਬਲ ਵਾਹਨ ਪ੍ਰਦਰਸਨੀ ਇੰਡੀਆ ਮੋਬਿਲਿਟੀ ਗਲੋਬਲ ਐਕਸਪੋ 2025 ਦਾ ਉਦਘਾਟਨ ਕੀਤਾ। ਇਸ ਦੌਰਾਨ, ਪੀ.ਐੱਮ. ਮੋਦੀ ਨੇ ਕਿਹਾ ਕਿ ਸਾਡਾ ਧਿਆਨ ਆਟੋ ਉਦਯੋਗ ਲਈ ਨਵੇਂ ਮੌਕੇ ਖੋਲ੍ਹਣ 'ਤੇ ਹੈ। ਉਨ੍ਹਾਂ ਕਿਹਾ ਕਿ ਆਟੋ ਸੈਕਟਰ ਦਾ ਭਵਿੱਖ ਭਾਰਤ ਨਾਲ ਜੁੜਿਆ ਹੋਇਆ ਹੈ। ਪਿਛਲੇ ਇਕ ਸਾਲ 'ਚ 25 ਮਿਲੀਅਨ ਵਾਹਨਾਂ ਦੀ ਵਿਕਰੀ ਅਤੇ ਚਾਰ ਸਾਲਾਂ 'ਚ 36 ਬਿਲੀਅਨ ਡਾਲਰ ਦਾ ਵਿਦੇਸੀ ਸਿੱਧਾ ਨਿਵੇਸ () ਇਸਦੀ ਪੁਸਟੀ ਕਰਦਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਉਨ੍ਹਾਂ ਨਿਵੇਸਕਾਂ ਲਈ ਇਕ ਪ੍ਰਮੁੱਖ ਮੰਜ?ਿਲ ਬਣ ਗਿਆ ਹੈ ਜੋ ਆਟੋ ਸੈਕਟਰ 'ਚ ਵਾਧਾ ਕਰਨਾ ਅਤੇ ਆਪਣਾ ਭਵਿੱਖ ਬਣਾਉਣਾ ਚਾਹੁੰਦੇ ਹਨ। ਤੁਹਾਨੂੰ ਦੱਸ ਦੇਈਏ ਕਿ ਇਸ ਸਾਲ ਇਹ ਪ੍ਰਦਰਸਨੀ ਤਿੰਨ ਥਾਵਾਂ 'ਤੇ ਆਯੋਜਿਤ ਕੀਤੀ ਜਾ ਰਹੀ ਹੈ, ਦਿੱਲੀ 'ਚ ਭਾਰਤ ਮੰਡਪਮ ਅਤੇ ਯਸੋਭੂਮੀ, ਇਨ੍ਹਾਂ ਤੋਂ ਇਲਾਵਾ, ਗ੍ਰੇਟਰ ਨੋਇਡਾ 'ਚ ਇੰਡੀਆ ਐਕਸਪੋ ਸੈਂਟਰ ਅਤੇ ਮਾਰਟ। ਪ੍ਰਦਰਸਨੀ 'ਚ ਵਾਹਨਾਂ, ਸਪੇਅਰ ਪਾਰਟਸ ਅਤੇ ਤਕਨਾਲੋਜੀ ਨਾਲ ਸਬੰਧਤ 100 ਤੋਂ ਵੱਧ ਨਵੇਂ ਉਤਪਾਦ ਪੇਸ ਕੀਤੇ ਜਾਣ ਦੀ ਉਮੀਦ ਹੈ। ਵਾਹਨਾਂ ਦੀ ਇਹ ਪ੍ਰਦਰਸਨੀ 17 ਤੋਂ 22 ਜਨਵਰੀ ਤੱਕ ਚੱਲੇਗੀ। ਇਸ 'ਚ, ਵੱਖ-ਵੱਖ ਕਿਸਮਾਂ ਦੇ ਵਾਹਨਾਂ ਦੇ ਨਾਲ-ਨਾਲ ਵਾਹਨਾਂ ਨਾਲ ਸਬੰਧਤ ਹਰ ਚੀਜ ਇਕ ਛੱਤ ਹੇਠ ਦੇਖੀ ਜਾਵੇਗੀ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਆਟੋਮੋਟਿਵ ਉਦਯੋਗ ਨਵੀਨਤਾ ਅਤੇ ਤਕਨਾਲੋਜੀ ਦੁਆਰਾ ਚਲਾਇਆ ਜਾਂਦਾ ਹੈ ਅਤੇ ਇਸ ਖੇਤਰ ਦਾ ਭਵਿੱਖ ਪੂਰਬ, ਏਸੀਆ ਅਤੇ ਭਾਰਤ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਭਾਰਤ ਉਨ੍ਹਾਂ ਸਾਰੇ ਨਿਵੇਸਕਾਂ ਲਈ ਇਕ ਸਾਨਦਾਰ ਸਥਾਨ ਹੈ ਜੋ ਆਵਾਜਾਈ ਖੇਤਰ 'ਚ ਆਪਣਾ ਭਵਿੱਖ ਲੱਭ ਰਹੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਰਕਾਰ ਹਰ ਸੰਭਵ ਸਹਾਇਤਾ ਪ੍ਰਦਾਨ ਕਰ ਰਹੀ ਹੈ ਅਤੇ ਸਾਰਿਆਂ ਨੂੰ ਮੇਕ ਇਨ ਇੰਡੀਆ, ਮੇਕ ਫਾਰ ਦ ਵਰਲਡ ਦੇ ਮੰਤਰ ਨਾਲ ਅੱਗੇ ਵਧਣ ਲਈ ਉਤਸਾਹਿਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੇਕ ਇਨ ਇੰਡੀਆ ਪਹਿਲਕਦਮੀ ਨੇ ਆਟੋਮੋਬਾਈਲ ਉਦਯੋਗ ਦੇ ਵਿਕਾਸ 'ਚ ਵੱਡੀ ਭੂਮਿਕਾ ਨਿਭਾਈ ਹੈ। ਮੇਕ ਇਨ ਇੰਡੀਆ ਪਹਿਲਕਦਮੀ ਨੂੰ ਪੀ.ਐਲ.ਆਈ. (ਉਤਪਾਦਨ ਲਿੰਕਡ ਇੰਸੈਂਟਿਵ) ਸਕੀਮ ਤੋਂ ਵੀ ਹੁਲਾਰਾ ਮਿਲਿਆ। ਇਸ ਨਾਲ ਇਸ ਖੇਤਰ 'ਚ 2.25 ਲੱਖ ਕਰੋੜ ਰੁਪਏ ਤੋਂ ਵੱਧ ਦੀ ਵਿਕਰੀ ਹੋਣ 'ਚ ਮਦਦ ਮਿਲੀ ਹੈ। ਇਸ ਯੋਜਨਾ ਨੇ ਇਸ ਖੇਤਰ 'ਚ ਸਿੱਧੇ ਤੌਰ 'ਤੇ 1.5 ਲੱਖ ਤੋਂ ਵੱਧ ਨੌਕਰੀਆਂ ਪੈਦਾ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਇੱਛਾਵਾਂ ਅਤੇ ਨੌਜਵਾਨਾਂ ਦੀ ਊਰਜਾ ਤੋਂ ਪ੍ਰੇਰਿਤ ਹੋ ਕੇ, ਭਾਰਤ ਦਾ ਆਟੋ ਸੈਕਟਰ ਬੇਮਿਸਾਲ ਬਦਲਾਅ ਦੇਖ ਰਿਹਾ ਹੈ। ਪੀ.ਐੱਮ. ਮੋਦੀ ਨੇ ਕਿਹਾ ਕਿ ਪਿਛਲੇ ਸਾਲ ਭਾਰਤ ਦੇ ਆਟੋਮੋਬਾਈਲ ਉਦਯੋਗ 'ਚ ਲਗਭਗ 12



ਫੀਸਦੀ ਦਾ ਵਾਧਾ ਹੋਇਆ ਹੈ ਅਤੇ ਨਿਰਯਾਤ 'ਚ ਵੀ ਵਾਧਾ ਹੋਇਆ ਹੈ। ਭਾਰਤ 'ਚ ਹਰ ਸਾਲ ਵਿਕਣ ਵਾਲੀਆਂ ਕਾਰਾਂ ਦੀ ਗਿਣਤੀ ਕਈ ਦੇਸਾਂ ਦੀ ਆਬਾਦੀ ਤੋਂ ਵੱਧ ਹੈ। ਹਰ ਸਾਲ ਲਗਭਗ 2.5 ਕਰੋੜ ਕਾਰਾਂ ਦੀ ਵਿਕਰੀ ਭਾਰਤ 'ਚ ਲਗਾਤਾਰ ਵੱਧ ਰਹੀ ਮੰਗ ਨੂੰ ਦਰਸਾਉਂਦੀ ਹੈ। ਭਾਰਤ ਇਸ ਸਮੇਂ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਅਰਥਚਾਰਾ ਅਤੇ ਤੀਜਾ ਸਭ ਤੋਂ ਵੱਡਾ ਯਾਤਰੀ ਵਾਹਨ ਬਾਜਾਰ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਜਿਵੇਂ ਕਿ ਭਾਰਤ ਵਿਸਵ ਪੱਧਰ 'ਤੇ ਚੋਟੀ ਦੀਆਂ ਤਿੰਨ ਅਰਥਵਿਵਸਥਾਵਾਂ 'ਚੋਂ ਇਕ ਬਣਨ ਵੱਲ ਵਧ ਰਿਹਾ ਹੈ। ਦੇਸ ਦੇ ਆਟੋਮੋਟਿਵ ਬਾਜਾਰ 'ਚ ਬੇਮਿਸਾਲ ਬਦਲਾਅ ਅਤੇ ਵਿਸਥਾਰ ਦੇਖਣ ਨੂੰ ਮਿਲੇਗਾ। ਉਨ੍ਹਾਂ ਕਿਹਾ ਕਿ ਭਾਰਤ 'ਚ ਆਟੋ ਸੈਕਟਰ ਦਾ ਭਵਿੱਖ ਕਈ ਕਾਰਕਾਂ ਦੁਆਰਾ ਚਲਾਇਆ ਜਾਂਦਾ ਹੈ, ਜਿਸ 'ਚ ਦੇਸ਼ ਦੀ ਵੱਡੀ ਨੌਜਵਾਨ ਆਬਾਦੀ, ਵਧਦਾ ਮੱਧ ਵਰਗ, ਤੇਜੀ ਨਾਲ ਸਹਿਰੀਕਰਨ, ਆਧੁਨਿਕ ਬੁਨਿਆਦੀ ਢਾਂਚੇ ਦਾ ਵਿਕਾਸ ਅਤੇ ਮੇਕ ਇਨ ਇੰਡੀਆ ਪਹਿਲਕਦਮੀ ਰਾਹੀਂ ਕਿਫਾਇਤੀ ਵਾਹਨ ਸਾਮਲ ਹਨ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਦਾ ਮੁੱਖ ਗਾਹਕ ਅਧਾਰ ਮੱਧ ਵਰਗ ਹੈ ਅਤੇ ਪਿਛਲੇ ਦਹਾਕੇ 'ਚ, 25 ਕਰੋੜ ਭਾਰਤੀ ਗਰੀਬੀ ਤੋਂ ਬਾਹਰ ਆਏ ਹਨ, ਜਿਸ ਨਾਲ ਇਕ ਨਵਾਂ ਮੱਧ ਵਰਗ ਉਭਰਿਆ ਹੈ ਜੋ ਆਪਣਾ ਪਹਿਲਾ ਵਾਹਨ ਖਰੀਦ ਰਿਹਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਇਕ ਅਜਿਹੀ ਆਵਾਜਾਈ ਪ੍ਰਣਾਲੀ ਦਾ ਨਿਰਮਾਣ ਕਰ ਰਿਹਾ ਹੈ ਜੋ ਅਰਥਵਿਵਸਥਾ ਅਤੇ ਵਾਤਾਵਰਣ ਦੋਵਾਂ ਦਾ ਸਮਰਥਨ ਕਰਦੀ ਹੈ।

## ਸੁਪਰੀਮ ਕੋਰਟ ਨੇ ਰਾਹੁਲ ਵਿਰੁੱਧ ਮਾਣਹਾਨੀ ਮਾਮਲੇ ਦੀ ਕਾਰਵਾਈ 'ਤੇ ਲਾਈ ਰੋਕ

ਨਵੀਂ ਦਿੱਲੀ 20 ਜਨਵਰੀ। ਸੁਪਰੀਮ ਕੋਰਟ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਵਿਰੁੱਧ ਕਥਿਤ ਅਪਮਾਨਜਨਕ ਟਿੱਪਣੀਆਂ ਲਈ ਦਾਇਰ ਅਪਰਾਧਿਕ ਮਾਣਹਾਨੀ ਦੇ ਮਾਮਲੇ 'ਚ ਕਾਂਗਰਸ ਦੇ ਨੇਤਾ ਰਾਹੁਲ ਗਾਂਧੀ ਵਿਰੁੱਧ ਝਾਰਖੰਡ ਦੀ ਇਕ ਹੇਠਲੀ ਅਦਾਲਤ ਦੀ ਕਾਰਵਾਈ 'ਤੇ ਸੋਮਵਾਰ ਨੂੰ ਅਗਲੇ ਹੁਕਮ ਤੱਕ ਰੋਕ ਲਾ ਦਿੱਤੀ। ਭਾਰਤੀ ਜਨਤਾ ਪਾਰਟੀ ਦੇ ਵਰਕਰ ਨਵੀਨ ਝਾਅ ਨੇ 2019 'ਚ ਸਾਹ ਵਿਰੁੱਧ ਕਥਿਤ ਟਿੱਪਣੀਆਂ ਲਈ ਰਾਹੁਲ ਗਾਂਧੀ



ਖਿਲਾਫ ਕੇਸ ਦਾਇਰ ਕੀਤਾ ਸੀ। 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਚਾਈਬਾਸਾ 'ਚ ਆਪਣੇ ਭਾਸਣ ਦੌਰਾਨ ਰਾਹੁਲ ਗਾਂਧੀ ਨੇ ਸਾਹ ਲਈ ਕਥਿਤ ਤੌਰ 'ਤੇ 'ਕਾਤਲ' ਸਬਦ ਦੀ ਵਰਤੋਂ ਕੀਤੀ ਸੀ। ਰਾਹੁਲ ਗਾਂਧੀ ਦੀ ਅਪੀਲ 'ਤੇ ਜਸਟਿਸ ਵਿਕਰਮ ਨਾਥ ਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਨੇ ਝਾਰਖੰਡ ਸਰਕਾਰ ਤੇ ਭਾਜਪਾ ਨੇਤਾ ਨਵੀਨ ਝਾਅ ਨੂੰ ਨੋਟਿਸ ਜਾਰੀ ਕਰ ਕੇ ਉਨ੍ਹਾਂ ਤੋਂ ਜਵਾਬ ਮੰਗਿਆ ਹੈ। ਬੈਂਚ ਨੇ ਕਿਹਾ ਕਿ ਨੋਟਿਸ ਜਾਰੀ ਕੀਤਾ ਜਾਵੇ। ਮਾਮਲੇ ਦੀ ਅਗਲੀ ਸੁਣਵਾਈ ਤਕ ਹੁਕਮਾਂ ਤੱਕ ਰੋਕ ਰਹੇਗੀ। ਰਾਹੁਲ ਵੱਲੋਂ ਪੇਸ ਹੋਏ ਸੀਨੀਅਰ ਵਕੀਲ ਅਭਿਸੇਕ ਸਿੰਘਵੀ ਨੇ ਕਿਹਾ ਕਿ ਕਈ ਫੈਸਲੇ ਹਨ ਜੋ ਇਹ ਕਹਿੰਦੇ ਹਨ ਕਿ ਸਿਰਫ ਪੀੜਤ ਵਿਅਕਤੀ ਹੀ ਅਪਰਾਧਿਕ ਮਾਣਹਾਨੀ ਦੀ ਸ?ਿਕਾਇਤ ਦਰਜ ਕਰਵਾ ਸਕਦਾ ਹੈ। ਮਾਣਹਾਨੀ ਦੀ ਸ?ਿਕਾਇਤ 'ਪ੍ਰੌਕਸੀ' ਭਾਵ ਤੀਜੀ ਧਿਰ ਵੱਲੋਂ ਦਾਇਰ ਨਹੀਂ ਕੀਤੀ ਜਾ ਸਕਦੀ। ਝਾਅ ਵੱਲੋਂ ਸੀਨੀਅਰ ਵਕੀਲ ਮਹੇਸ ਜੇਠਮਲਾਨੀ ਪੇਸ ਹੋਏ। ਕਾਂਗਰਸੀ ਨੇਤਾ ਨੇ ਮੈਜਿਸਟ੍ਰੇਟੀ ਅਦਾਲਤ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ ਜਿਸ ਨੇ ਉਨ੍ਹਾਂ ਨੂੰ ਮੁਕੱਦਮੇ ਲਈ ਅਦਾਲਤ 'ਚ ਨਿੱਜੀ ਤੌਰ 'ਤੇ ਪੇਸ ਹੋਣ ਦਾ ਨਿਰਦੇਸ ਦਿੱਤਾ ਸੀ। ਗਾਂਧੀ ਨੇ ਬਾਅਦ 'ਚ ਹਾਈ ਕੋਰਟ ਦਾ ਦਰਵਾਜਾ ਖੜਕਾਇਆ ਜਿਸ ਨੇ ਹੇਠਲੀ ਅਦਾਲਤ 'ਚ ਉਨ੍ਹਾਂ ਵਿਰੁੱਧ ਕਿਸੇ ਵੀ ਅਗਲੀ ਕਾਰਵਾਈ 'ਤੇ ਰੋਕ ਲਾ ਦਿੱਤੀ। ਕਾਇਤਕਰਤਾ ਤੇ ਗਵਾਹਾਂ ਦੇ ਬਿਆਨ ਦਰਜ ਕਰਨ ਤੋਂ ਬਾਅਦ ਮੈਜਿਸਟ੍ਰੇਟ ਨੇ ਨੋਟ ਕੀਤਾ ਸੀ ਕਿ ਰਾਹੁਲ ਵਿਰੁੱਧ ਮਾਮਲਾ ਬਣਾਇਆ ਗਿਆ ਸੀ ।

## ਆਪ ਨੇ 40 ਸਟਾਰ ਪ੍ਰਚਾਰਕਾਂ ਦੀ ਸੂਚੀ ਕੀਤੀ ਜਾਰੀ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 20 ਜਨਵਰੀ। ਆਮ ਆਦਮੀ ਪਾਰਟੀ ਨੇ ਐਤਵਾਰ ਨੂੰ ਦਿੱਲੀ ਚੋਣਾਂ ਲਈ 40 ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ ਕੀਤੀ। ਇਸ ਸੂਚੀ ਵਿਚ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਦਿੱਲੀ ਦੀ ਮੁੱਖ ਮੰਤਰੀ ਆਤਿਸੀ, ਮਨੀਸ ਸਿਸੋਦੀਆ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਂ ਸਾਮਲ ਹਨ। ਇਨ੍ਹਾਂ ਤੋਂ ਇਲਾਵਾ ਸੰਸਦ ਮੈਂਬਰ ਸੰਜੇ ਸਿੰਘ ਅਤੇ ਰਾਘਵ ਚੱਢਾ, ਵਿਧਾਇਕ ਗੋਪਾਲ ਰਾਏ ਅਤੇ ਸੌਰਭ ਭਾਰਦਵਾਜ ਅਤੇ ਸਾਬਕਾ ਮੰਤਰੀ ਸਤੇਂਦਰ ਜੈਨ ਦੇ ਨਾਂ ਵੀ ਇਸ ਸੂਚੀ ਵਿਚ ਹਨ। ਦਿੱਲੀ 'ਚ 5 ਫਰਵਰੀ ਨੂੰ ਵੋਟਾਂ ਪੈਣਗੀਆਂ ਜਦਕਿ 8 ਫਰਵਰੀ ਨੂੰ ਵੋਟਾਂ ਦੀ ਗਿਣਤੀ ਹੋਵੇਗੀ। ਦਿੱਲੀ ਵਿਚ ਤਿਕੋਣਾ ਮੁਕਾਬਲਾ ਦੇਖਣ ਨੂੰ ਮਿਲ ਸਕਦਾ ਹੈ ਜਿਸ ਵਿਚ ਆਪ, ਭਾਜਪਾ ਅਤੇ ਕਾਂਗਰਸ ਸਾਮਲ ਹਨ। ਦਿੱਲੀ ਵਿਚ ਲਗਾਤਾਰ 15 ਸਾਲਾਂ ਤੋਂ ਸੱਤਾ ਵਿਚ ਰਹੀ ਕਾਂਗਰਸ ਨੂੰ ਪਿਛਲੀਆਂ ਦੋ ਵਿਧਾਨ ਸਭਾ ਚੋਣਾਂ ਵਿਚ ਵੱਡਾ ਝਟਕਾ ਲੱਗਾ ਹੈ ਅਤੇ



ਪਾਰਟੀ ਇਕ ਵੀ ਸੀਟ ਜਿੱਤਣ ਵਿਚ ਨਾਕਾਮ ਰਹੀ ਹੈ। 2020 ਦੀਆਂ ਵਿਧਾਨ ਸਭਾ ਚੋਣਾਂ 'ਚ 'ਆਪ' ਨੇ 70 'ਚੋਂ 62 ਸੀਟਾਂ ਜਿੱਤ ਕੇ ਦਬਦਬਾ ਬਣਾਇਆ ਜਦਕਿ ਭਾਜਪਾ ਨੂੰ ਸਿਰਫ ਅੱਠ ਸੀਟਾਂ ਮਿਲੀਆਂ। ਇਸ ਵਾਰ ਵੀ 'ਆਪ' ਆਪਣੀ ਜਿੱਤ ਦੁਹਰਾਉਣ ਅਤੇ ਵਿਰੋਧੀ ਪਾਰਟੀਆਂ ਭਾਜਪਾ ਅਤੇ ਕਾਂਗਰਸ ਨੂੰ ਸਖਤ ਟੱਕਰ ਦੇਣ ਦੀ ਤਿਆਰੀ ਕਰ ਰਹੀ ਹੈ। 'ਆਪ' ਦੇ ਸਟਾਰ ਪ੍ਰਚਾਰਕਾਂ ਦੀ ਇਸ ਸੂਚੀ ਵਿਚ ਪਾਰਟੀ ਦੇ ਪ੍ਰਮੁੱਖ ਆਗੂਆਂ ਦੇ ਨਾਲ-ਨਾਲ ਨੌਜਵਾਨਾਂ ਨੂੰ ਵੀ ਤਰਜੀਹ ਦਿੱਤੀ ਗਈ ਹੈ। ਇਸ ਚੋਣ ਵਿਚ 'ਆਪ' ਦਾ ਮੁੱਖ ਏਜੰਡਾ ਦਿੱਲੀ ਦੇ ਵਿਕਾਸ ਦੇ ਨਾਲ-ਨਾਲ ਸਿੱਖਿਆ ਅਤੇ ਸਿਹਤ ਸੇਵਾਵਾਂ ਵਿਚ ਸੁਧਾਰ ਲਿਆਉਣਾ ਹੈ ਅਤੇ ਪਾਰਟੀ ਦਾ ਦਾਅਵਾ ਹੈ ਕਿ ਉਸ ਨੇ ਆਪਣੇ ਪਿਛਲੇ ਕਾਰਜਕਾਲ ਵਿਚ ਇਸ ਖੇਤਰ 'ਤੇ ਜੋਰ ਦਿੱਤਾ ਹੈ। ਜ?ਿਕਰਯੋਗ ਹੈ ਕਿ ਦਿੱਲੀ ਵਿਧਾਨ ਸਭਾ ਚੋਣਾਂ 'ਚ ਅਰਵਿੰਦ ਕੇਜਰੀਵਾਲ ਨਵੀਂ ਦਿੱਲੀ ਸੀਟ ਤੋਂ ਭਾਜਪਾ ਦੇ ਪ੍ਰਵੇਸ ਵਰਮਾ ਖਿਲਾਫ ਚੋਣ ਲੜ ਰਹੇ ਹਨ। ਸੀਐੱਮ ਆਤਿਸੀ ਕਾਲਕਾਜੀ ਸੀਟ ਤੋਂ ਚੋਣ ਲੜਨਗੇ, ਜਿਨ੍ਹਾਂ ਦਾ ਮੁਕਾਬਲਾ ਭਾਜਪਾ ਦੇ ਰਮੇਸ ਬਿਧੂੜੀ ਨਾਲ ਹੋਵੇਗਾ।

## ਦਿੱਲੀ ਦਾ ਸੀਰੀਅਲ ਕਿਲਰ ਚੰਦਰਕਾਂਤ ਝਾਅ ਮੁੜ ਗ੍ਰਿਫਤਾਰ

ਨਵੀਂ ਦਿੱਲੀ 20 ਜਨਵਰੀ। ਦਿੱਲੀ ਪੁਲਸ ਦੀ ਅਪਰਾਧ ਸਾਖਾ ਨੇ ਸੀਰੀਅਲ ਕਿਲਰ ਚੰਦਰਕਾਂਤ ਝਾਅ ਨੂੰ ਮੁੜ ਗ੍ਰਿਫਤਾਰ ਕਰ ਲਿਆ ਹੈ। ਪੈਰੋਲ ਮਿਲਣ ਪਿੱਛੋਂ ਉਹ ਫਰਾਰ ਹੋ ਗਿਆ ਸੀ। ਚੰਦਰਕਾਂਤ ਨੇ 2006 ਤੇ 2007 ਦਰਮਿਆਨ ਰਾਸਟਰੀ ਰਾਜਧਾਨੀ 'ਚ ਦਹਿਸਤ ਪੈਦਾ ਕੀਤੀ ਸੀ। ਉਹ ਇਕ ਸਾਲ ਤੋਂ ਵੱਧ ਸਮੇਂ ਤੱਕ ਗ੍ਰਿਫਤਾਰੀ ਤੋਂ ਬਚਦਾ ਰਿਹਾ ਸੀ। ਪੁਲਸ ਨੇ ਉਸ 'ਤੇ 50,000 ਰੁਪਏ ਦਾ ਇਨਾਮ ਰੱਖਿਆ ਹੋਇਆ ਸੀ। ਉਹ ਕਤਲ ਦੇ 3 ਮਾਮਲਿਆਂ 'ਚ ਉਮਰ ਕੈਦ ਦੀ ਸਜਾ ਕੱਟ ਰਿਹਾ ਸੀ। ਕਾਲ ਡਾਟਾ ਰਿਕਾਰਡਾਂ ਦਾ ਵਿਸਲੇਸਣ ਕਰਦੇ ਸਮੇਂ ਪੁਲਸ ਨੇ ਇਕ ਸੱਕੀ ਮੋਬਾਈਲ ਨੰਬਰ ਦੀ ਪਛਾਣ ਕੀਤੀ, ਜਿਸ ਨੇ ਅੰਤ 'ਚ ਟੀਮ ਨੂੰ ਚੰਦਰਕਾਂਤ ਝਾਅ ਤੱਕ ਪਹੁੰਚਾਇਆ। 17 ਜਨਵਰੀ ਨੂੰ ਚੰਦਰਕਾਂਤ ਝਾਅ ਪੁਰਾਣੀ ਦਿੱਲੀ ਰੇਲਵੇ ਸਟੇਸਨ ਤੋਂ ਬਿਹਾਰ ਭੱਜਣ ਦੀ ਕੋਸ?ਿਸ ਕਰ ਰਿਹਾ ਸੀ। ਚੰਦਰਕਾਂਤ ਝਾਅ ਮੂਲ ਰੂਪ 'ਚ ਬਿਹਾਰ ਦਾ ਰਹਿਣ ਵਾਲਾ ਹੈ। ਉਹ ਦਿੱਲੀ ਦੀ ਆਜਾਦਪੁਰ ਮੰਡੀ ਨੇੜੇ ਰਹਿੰਦਾ ਸੀ ਅਤੇ ਨੌਜਵਾਨਾਂ ਨੂੰ ਨੌਕਰੀਆਂ ਤੇ ਭੋਜਨ ਮੁਹੱਈਆ ਕਰਵਾਉਣ 'ਚ ਮਦਦ ਕਰਦਾ ਸੀ। ਛੋਟੀ ਜਿਹੀ ਅਸਹਿਮਤੀ 'ਤੇ ਚੰਦਰਕਾਂਤ ਗੁੱਸੇ ਵਿਚ ਆ ਕੇ ਉਸ ਨੂੰ ਮਾਰ ਦਿੰਦਾ ਸੀ।

## ਜੰਮੂ ਕਸ਼ਮੀਰ 'ਚ ਅੱਤਵਾਦੀਆਂ ਨਾਲ ਮੁਕਾਬਲੇ 'ਚ ਇੱਕ ਜਵਾਨ ਸ਼ਹੀਦ

ਸ੍ਰੀਨਗਰ 20 ਜਨਵਰੀ। ਜੰਮੂ-ਕਸਮੀਰ ਦੇ ਸੋਪੋਰ ਇਲਾਕੇ ਵਿੱਚ ਅੱਤਵਾਦੀਆਂ ਨਾਲ ਰਾਤ ਭਰ ਚੱਲੇ ਮੁਕਾਬਲੇ ਵਿੱਚ ਭਾਰਤੀ ਫੌਜ ਦਾ ਇੱਕ ਜਵਾਨ ਸਹੀਦ ਹੋ ਗਿਆ। ਅਧਿਕਾਰੀਆਂ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਸੋਪੋਰ ਪੁਲਸ ਜ?ਿਲ੍ਹੇ ਦੇ ਜਾਲੂਰਾ ਗੁੱਜਰਪੇਟੀ ਵਿੱਚ ਇੱਕ ਅੱਤਵਾਦੀ ਟਿਕਾਣੇ ਨੇੜੇ ਮੁਕਾਬਲੇ ਦੌਰਾਨ ਹੋਈ ਗੋਲੀਬਾਰੀ ਵਿੱਚ ਇੱਕ ਜਵਾਨ ਜਖਮੀ ਹੋ ਅਤੇ ਮੁਕਾਬਲੇ ਵਾਲੀ ਥਾਂ ਤੋਂ ਬਾਹਰ ਕੱਢੇ ਜਾਣ ਦੌਰਾਨ ਉਸ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਸੁਰੱਖਿਆ ਬਲਾਂ ਨੇ ਐਤਵਾਰ ਨੂੰ ਇੱਕ ਅੱਤਵਾਦੀ ਟਿਕਾਣੇ ਦਾ ਪਤਾ ਲਗਾਇਆ ਅਤੇ ਇਸ ਦੌਰਾਨ ਹੋਈ ਗੋਲੀਬਾਰੀ ਕਾਰਨ ਫੌਜ ਨੇ ਉਥੇ ਘੇਰਾਬੰਦੀ ਕੀਤੀ। ਉਨ੍ਹਾਂ ਕਿਹਾ ਕਿ ਸੁਰੱਖਿਆ ਬਲਾਂ ਨੇ ਰਾਤ ਨੂੰ ਜਾਲੂਰਾ ਗੁੱਜਰਪੇਟੀ ਵਿਖੇ ਸਖਤ ਨਿਗਰਾਨੀ ਰੱਖੀ ਅਤੇ ਸੋਮਵਾਰ ਸਵੇਰੇ ਇਲਾਕੇ ਵਿੱਚ ਸੱਕੀ ਅੱਤਵਾਦੀਆਂ ਦੀ ਭਾਲ ਤੇਜ ਕਰ ਦਿੱਤੀ।

## ਡੋਨਾਲਡ ਟਰੰਪ ਨੇ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਚੁੱਕੀ ਸਹੁੰ

ਵੈੱਬ ਡੈਸਕ 20 ਜਨਵਰੀ। ਡੋਨਾਲਡ ਟਰੰਪ ਨੇ ਸੋਮਵਾਰ (20 ਜਨਵਰੀ, 2025) ਨੂੰ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਦੇ ਅਹੁਦੇ ਦੀ ਸਹੁੰ ਚੁੱਕ ਲਈ ਹੈ। ਇਸ ਦੌਰਾਨ ਅਮਰੀਕਾ ਸਣੇ ਦੁਨੀਆ ਦੀਆਂ



ਮਸ਼ਹੂਰ ਹਸਤੀਆਂ ਨੇ ਸ਼ਿਰਕਤ ਕੀਤੀ। ਇਸ ਦੌਰਾਨ ਸਾਬਕਾ ਰਾਸਟਰਪਤੀ, ਡੈਮੋਕ੍ਰੇਟ ਜੋਅ ਬਿਡੇਨ ਤੇ ਉਨ੍ਹਾਂ ਦੀ ਪਤਨੀ ਵੀ ਮੌਜੂਦ ਰਹੇ। ਇਸ ਦੌਰਾਨ ਸਾਰੇ ਜੀਵਤ ਸਾਬਕਾ ਰਾਸਟਰਪਤੀ - ਬਿਲ ਕਲਿੰਟਨ, ਜਾਰਜ ਡਬਲਯੂ. ਬੁਸ਼ ਅਤੇ ਬਰਾਕ ਓਬਾਮਾ-ਇਸ ਸਮਾਰੋਹ 'ਚ ਸਾਮਲ ਹੋਏ ਤੇ ਉਨ੍ਹਾਂ ਦੀਆਂ ਪਤਨੀਆਂ ਵੀ ਇਸ ਸਮਾਗਮ ਵਿਚ ਸ਼ਾਮਲ ਹੋਈਆਂ। ਇਸ ਸਮਾਗਮ ਵਿਚ ਟਰੰਪ ਦੇ ਸਲਾਹਕਾਰ ਐਲੋਨ ਮਸਕ, ਟੇਸਲਾ ਅਤੇ ਸਪੇਸਐਕਸ ਦੇ ਸੀਈਓ, ਐਮਾਜਾਨ ਦੇ ਕਾਰਜਕਾਰੀ ਚੇਅਰਮੈਨ ਜੈਫ ਬੇਜੋਸ ਅਤੇ ਮੈਟਾ ਪਲੇਟਫਾਰਮਸ ਦੇ ਸੀਈਓ ਮਾਰਕ ਜੁਕਰਬਰਗ ਵੀ ਮੌਜੂਦ ਰਹੇ। ਦੱਸ ਦਈਏ ਕਿ ਇਸ ਤੋਂ ਪਹਿਲਾਂ ਡੋਨਾਲਡ ਟਰੰਪ ਨੇ ਇਕ ਰੈਲੀ ਵਿਚ ਕਿਹਾ ਕਿ ਉਹ ਸੋਮਵਾਰ ਨੂੰ ਕਈ ਕਾਰਜਕਾਰੀ ਕਾਰਵਾਈਆਂ 'ਤੇ ਦਸਤਖਤ ਕਰਨਗੇ ਜਿਸ 'ਚ ਕੰਮ ਵਾਲੀ ਥਾਂ 'ਤੇ ਲਿੰਗ ਅਤੇ ਨਸਲੀ ਵਿਭਿੰਨਤਾ ਨੂੰ ਯਕੀਨੀ ਬਣਾਉਣ ਦੇ ਉਦੇਸ ਨਾਲ ਸਰਕਾਰੀ ਪ੍ਰੋਗਰਾਮਾਂ ਨੂੰ ਖਤਮ ਕਰਨ ਤੋਂ ਲੈ ਕੇ ਮੈਕਸੀਕੋ ਨਾਲ ਦੱਖਣੀ ਸਰਹੱਦ ਨੂੰ ਸੁਰੱਖਿਅਤ ਕਰਨ ਤੱਕ ਕਈ ਮੁੱਦਿਆਂ ਨੂੰ ਸਾਮਲ ਕੀਤਾ ਜਾਵੇਗਾ। ਯੋਜਨਾਬੰਦੀ ਤੋਂ ਜਾਣੂ ਇੱਕ ਸਰੋਤ ਨੇ ਕਿਹਾ ਕਿ ਟਰੰਪ ਪਹਿਲੇ ਦਿਨ 200 ਤੋਂ ਵੱਧ ਕਾਰਜਕਾਰੀ ਕਾਰਵਾਈਆਂ 'ਤੇ ਦਸਤਖਤ ਕਰਨ ਦੀ ਤਿਆਰੀ ਕਰ ਰਹੇ ਹਨ।

## ਕੋਲਕਾਤਾ ਜਬਰ-ਜਿਨਾਹ ਮਾਮਲਾ; ਦੋਸ਼ੀ ਸੰਜੇ ਰਾਏ ਨੂੰ ਉਮਰ ਕੈਦ ਦੀ ਸਜਾ

**ਤੇਜਿੰਦਰ ਕੌਰ ਬੱਬਰ**

ਕੋਲਕਾਤਾ 20 ਜਨਵਰੀ। ਕੋਲਕਾਤਾ ਦੇ ਸਰਕਾਰੀ ਆਰ. ਜੀ. ਕਰ ਮੈਡੀਕਲ ਕਾਲਜ ਅਤੇ ਹਸਪਤਾਲ 'ਚ ਇਕ ਮਹਿਲਾ ਸਿਖਿਆਰਥੀ ਡਾਕਟਰ ਦੇ ਕਤਲ ਅਤੇ ਜਬਰ-ਜ?ਿਨਾਹ ਦੇ ਦੋਸੀ ਪਾਏ ਗਏ ਸੰਜੇ ਰਾਏ ਨੂੰ ਪੱਛਮੀ ਬੰਗਾਲ ਵਿਚ ਸਿਆਲਦਾਹ ਦੀ ਇਕ ਸੈਸਨ ਅਦਾਲਤ ਨੇ ਉਮਰ ਕੈਦ ਦੀ ਸਜਾ ਸੁਣਾਈ ਗਈ ਹੈ। ਸੰਜੇ ਨੂੰ ਮਰਦੇ ਦਮ ਤੱਕ ਉਮਰ ਕੈਦ ਦਿੱਤੀ ਗਈ ਹੈ। ਅਦਾਲਤ ਨੇ ਫੈਸਲਾ ਸੁਣਾਉਂਦੇ ਹੋਏ ਦੋਸੀ ਨੂੰ ਉਮਰ ਕੈਦ ਅਤੇ 50 ਹਜਾਰ ਰੁਪਏ ਜੁਰਮਾਨੇ ਦੀ ਸਜਾ ਸੁਣਾਈ ਹੈ। ਇਸ ਨੂੰ ਦੁਰਲੱਭ ਮਾਮਲਾ ਦੱਸਦੇ ਹੋਏ ਸੀ. ਬੀ. ਆਈ ਨੇ ਦੋਸੀ ਨੂੰ ਮੌਤ ਦੀ ਸਜਾ ਦੇਣ ਦੀ ਅਪੀਲ ਕੀਤੀ ਸੀ ਪਰ ਅਦਾਲਤ ਨੇ ਕਿਹਾ ਕਿ ਇਹ ਅਜਿਹਾ ਮਾਮਲਾ ਨਹੀਂ ਹੈ। ਅਦਾਲਤ ਨੇ ਸੂਬਾ ਸਰਕਾਰ ਨੂੰ ਪੀੜਤ ਡਾਕਟਰ ਦੇ ਪਰਿਵਾਰ ਨੂੰ 17 ਲੱਖ ਰੁਪਏ ਮੁਆਵਜੇ ਵਜੋਂ ਦੇਣ ਦਾ ਹੁਕਮ ਵੀ ਦਿੱਤਾ ਹੈ। ਪੀੜਤ ਸਿਖਿਆਰਥੀ ਪੋਸਟ ਗ੍ਰੈਜੂਏਟ ਦੂਜੇ ਸਾਲ ਦੀ ਵਿਦਿਆਰਥਣ ਸੀ ਅਤੇ ਹਸਪਤਾਲ ਵਿਚ ਸਿਖਿਆਰਥੀ ਰੈਜੀਡੈਂਟ ਡਾਕਟਰ ਵਜੋਂ ਕੰਮ ਕਰ ਰਹੀ ਸੀ। ਮਹਿਲਾ ਸਿਖਿਆਰਥੀ ਡਾਕਟਰ ਦੀ ਲਾਸ਼ ਅਗਸਤ 2024 ਨੂੰ ਕੋਲਕਾਤਾ ਦੇ ਹਸਪਤਾਲ ਕੰਪਲੈਕਸ ਵਿਚ ਮਿਲੀ ਸੀ। ਅਦਾਲਤ ਦੇ ਜੱਜ ਅਨਿਰਬਾਨ ਦਾਸ ਨੇ 18



ਜਨਵਰੀ ਨੂੰ ਸੰਜੇ ਨੂੰ ਦੋਸ਼ੀ ਕਰਾਰ ਦਿੱਤਾ ਸੀ। ਮੀਡੀਆ ਰਿਪੋਰਟਾਂ ਮੁਤਾਬਕ ਅਦਾਲਤ ਦੀ ਕਾਰਵਾਈ ਸੋਮਵਾਰ ਦੁਪਹਿਰ ਸੁਰੂ ਹੋਈ। ਜੱਜ ਨੇ ਦੋਸ਼ੀ ਸੰਜੇ ਰਾਏ ਅਤੇ ਪੀੜਤ ਦੇ ਮਾਤਾ-ਪਿਤਾ ਨੂੰ ਕੇਸ 'ਤੇ ਆਪਣਾ ਅੰਤਿਮ ਬਿਆਨ ਦੇਣ ਦੀ ਇਜਾਜਤ ਦਿੱਤੀ। ਇਸ ਤੋਂ ਬਾਅਦ ਅਦਾਲਤ ਦੇ ਜੱਜ ਨੇ ਇਸ ਮਾਮਲੇ 'ਚ ਦੋਸ਼ੀ ਸੰਜੇ ਨੂੰ ਉਮਰ ਕੈਦ ਦੀ ਸਜਾ ਸੁਣਾਈ, ਜੱਜ ਨੇ ਕਿਹਾ ਕਿ ਸੰਜੇ ਮਰਦੇ ਦਮ ਤੱਕ ਜੇਲ੍ਹ ਵਿਚ ਰਹੇਗਾ। ਸੰਜੇ ਨੂੰ 10 ਅਗਸਤ, 2024 ਨੂੰ ਆਰ.ਜੀ. ਕਰ ਹਸਪਤਾਲ ਦੇ ਸੈਮੀਨਾਰ ਰੂਮ 'ਚ 31 ਸਾਲਾ ਡਾਕਟਰ ਦੀ ਲਾਸ ਮਿਲਣ ਤੋਂ ਇਕ ਦਿਨ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ। ਜੱਜ ਨੇ ਦੋਸ਼ੀ ਨੂੰ ਭਾਰਤੀ ਨਿਆਂਇਕ ਸੰਹਿਤਾ () ਦੀ ਧਾਰਾ 64, 66 ਅਤੇ 103 (1) ਦੇ ਤਹਿਤ ਦੋਸੀ ਠਹਿਰਾਇਆ ਹੈ। ਦੀ ਧਾਰਾ 103(1) (ਕਤਲ) ਦੇ ਤਹਿਤ ਦੋਸੀ ਲਈ ਮੌਤ ਦੀ ਸਜਾ ਜਾਂ ਉਮਰ ਕੈਦ ਦੀ ਵਿਵਸਥਾ ਹੈ। ਕੋਲਕਾਤਾ ਹਾਈ ਕੋਰਟ ਨੇ ਮਾਮਲੇ ਦੀ ਜਾਂਚ ਕੋਲਕਾਤਾ ਪੁਲਸ ਤੋਂ ਕੇਂਦਰੀ ਜਾਂਚ ਬਿਊਰੋ () ਨੂੰ ਸੌਂਪ ਦਿੱਤੀ ਸੀ। ਪਿਛਲੇ ਸਾਲ 9 ਅਗਸਤ ਨੂੰ ਰਾਤ ਦੀ ਡਿਊਟੀ 'ਤੇ ਨਾਗਰਿਕ ਸਹਾਇਤਾ ਦੇ ਤੌਰ 'ਤੇ ਕੰਮ ਕਰ ਰਹੇ ਸੰਜੇ ਰਾਏ ਨੇ ਪੀੜਤ ਡਾਕਟਰ ਨੂੰ ਕਮਰੇ ਵਿਚ ਇਕੱਲੀ ਦੇਖ ਕੇ ਉਸ ਨਾਲ ਜਬਰ-ਜ?ਿਨਾਹ ਕੀਤਾ ਅਤੇ ਉਸ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ।



# ਪੰਜਾਬ 'ਚ ਵਾਪਰਿਆ ਕਹਿਰ, 7 ਭੈਣਾਂ ਦੇ ਭਰਾ ਨੂੰ ਇੰਝ ਆਵੇਗੀ ਮੌਤ ਸੋਚਿਆ ਨਾ ਸੀ

ਭਵਾਨੀਗੜ੍ਹ 20 ਜਨਵਰ। ਬੀਤੀ ਦੇਰ ਸ਼ਾਮ ਪਿੰਡ ਘਰਾਚੋਂ ਵਿਖੇ ਸੁਨਾਮ ਰੋਡ 'ਤੇ ਅਣਪਛਾਤੇ ਵਾਹਨ ਨੇ ਇਕ ਮੋਟਰਸਾਈਕਲ ਨੂੰ ਸਿੱਧੀ ਟੱਕਰ ਮਾਰ ਦਿੱਤੀ ਅਤੇ ਮੌਕੇ ਤੋਂ ਫਰਾਰ ਹੋ ਗਿਆ। ਘਟਨਾ 'ਚ ਮੋਟਰਸਾਈਕਲ ਸਵਾਰ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ 20 ਸਾਲਾ ਚੰਨੀ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਘਰਾਚੋਂ ਵਜੋਂ ਹੋਈ। ਇਸ ਸਬੰਧੀ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਭਵਾਨੀਗੜ੍ਹ ਦੇ ਬਲਾਕ ਆਗੂ ਹਰਜਿੰਦਰ ਸਿੰਘ ਘਰਾਚੋਂ ਨੇ ਦੱਸਿਆ ਕਿ ਮ੍ਰਿਤਕ ਚੰਨੀ ਸਿੰਘ ਲਾਗਲੇ ਪਿੰਡ ਨਾਗਰੀ ਵਿਖੇ ਇਕ ਭੱਠੇ 'ਤੇ ਮਜ਼ਦੂਰੀ ਕਰਦਾ ਸੀ ਅਤੇ ਸੱਤ ਭੈਣਾਂ ਦਾ ਇਕਲੌਤਾ ਭਰਾ ਸੀ । ਬੀਤੀ ਦੇਰ ਸ਼ਾਮ ਜਦੋਂ ਉਹ ਆਪਣੇ ਮੋਟਰਸਾਈਕਲ ਰਾਹੀ ਭੱਠੇ ਤੋਂ ਕੰਮ ਰਕੇ ਪਰਤ ਰਿਹਾ ਸੀ ਤਾਂ ਪਿੰਡ ਘਰਾਚੋਂ ਨੇੜੇ ਸੁਨਾਮ ਮੁੱਖ ਸੜਕ 'ਤੇ ਸਾਹਮਣੇ ਤੋਂ ਆਉਂਦੇ ਅਣਪਛਾਤੇ ਵਾਹਨ ਨੇ ਚੰਨੀ ਨੂੰ ਜੋਰਦਾਰ ਟੱਕਰ ਮਾਰ ਦਿੱਤੀ ਤੇ ਇਸ ਭਿਆਨਕ ਹਾਦਸੇ ਵਿਚ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਿ਼ਕਰਯੋਗ ਹੈ ਕਿ ਮ੍ਰਿਤਕ ਨੌਜਵਾਨ ਬਹੁਤ ਹੀ ਗਰੀਬ ਪਰਿਵਾਰ ਨਾਲ ਸਬੰਧਤ ਸੀ ਤੇ ਸੱਤ ਭੈਣਾਂ ਦਾ ਭਰਾ ਸੀ। ਕਿਸਾਨ ਆਗੂ ਘਰਾਚੋਂ ਨੇ ਜਥੇਬੰਦੀ ਵੱਲੋਂ ਪੰਜਾਬ ਸਰਕਾਰ ਤੋਂ ਮ੍ਰਿਤਕ ਦੇ ਪਰਿਵਾਰ ਦੀ ਆਰਥਿਕ ਸਹਾਇਤਾ ਕਰਨ ਦੀ ਮੰਗ ਕੀਤੀ। ਘਟਨਾ ਤੋਂ ਬਾਅਦ ਮ੍ਰਿਤਕ ਨੌਜਵਾਨ ਦੀ ਲਾਸ਼ ਕਾਫੀ ਸਮਾਂ ਖਤਾਨਾਂ 'ਚ ਪਈ ਰਹੀ ਜਿਸ ਨੂੰ ਲੈ



ਕੇ ਮੌਕੇ 'ਤੇ ਇਕੱਤਰ ਹੋਏ ਕਿਸਾਨ ਆਗੂਆਂ ਅਤੇ ਆਮ ਲੋਕਾਂ ਵਿਚ ਗੁੱਸਾ ਫੈਲ ਗਿਆ। ਪੰਜਾਬ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਖਿ਼ਲਾਫ ਗੁੱਸਾ ਜਾਹਿਰ ਕਰਦਿਆਂ ਲੋਕਾਂ ਨੇ ਜੋਰਦਾਰ ਨਾਅਰੇਬਾਜੀ ਕਰਦਿਆਂ ਸੁਨਾਮ-ਪਟਿਆਲਾ ਮੁੱਖ ਸੜਕ ਨੂੰ ਕੁੱਝ ਸਮੇਂ ਲਈ ਜਾਮ ਕਰ ਦਿੱਤਾ। ਇਸ ਮੌਕੇ ਕਿਸਾਨ ਆਗੂ ਹਰਜਿੰਦਰ ਸਿੰਘ ਘਰਾਚੋਂ ਨੇ ਕਿਹਾ ਕਿ ਹਾਦਸੇ ਦੀ ਸੂਚਨਾ ਦੇਣ ਤੋਂ ਕਾਫੀ ਸਮਾਂ ਬਾਅਦ ਵੀ ਪੁਲਸ ਪ੍ਰਸ਼ਾਸਨ ਵੱਲੋਂ ਲਾਸ਼ ਨੂੰ ਚੁੱਕਣ ਲਈ ਕਿਸੇ ਐਂਬੂਲੈਂਸ ਜਾਂ ਹੋਰ ਗੱਡੀ ਨੂੰ ਮੰਗਵਾਉਣ ਵਿਚ ਗੰਭੀਰਤਾ ਨਹੀਂ ਦਿਖਾਈ ਜਿਸ ਕਰਕੇ ਜਜਬਾਤੀ ਹੋਏ ਲੋਕ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹੋ ਗਏ। ਲੋਕਾਂ ਦੇ ਵਿਰੋਧ ਪ੍ਰਦਰਸ਼ਨ ਉਪਰੰਤ ਪੁਲਸ ਪ੍ਰਸਾਸ਼ਨ ਨੇ ਐਬੂਲੈਂਸ ਮੰਗਵਾ ਕਿ ਮ੍ਰਿਤਕ ਦੀ ਲਾਸ਼ ਨੂੰ ਚੁੱਕ ਕੇ ਸੰਗਰੂਰ ਦੇ ਸਰਕਾਰੀ ਹਸਪਤਾਲ ਵਿਖੇ ਭਿਜਵਾਇਆ। ਉੱਧਰ ਏਐੱਸਆਈ ਮੇਜਰ ਸਿੰਘ ਕਿਹਾ ਕਿ ਨੌਜਵਾਨ ਨੂੰ ਟੱਕਰ ਮਾਰਨ ਵਾਲੇ ਵਾਹਨ ਦੀ ਪਛਾਣ ਕਰਨ ਲਈ ਸੀ.ਸੀ.ਟੀ.ਵੀ ਕੈਮਰੇ ਚੈੱਕ ਕੀਤੇ ਜਾ ਰਹੇ ਹਨ। ਮਾਮਲੇ ਸਬੰਧੀ ਮ੍ਰਿਤਕ ਦੇ ਪਰਿਵਾਰਿਕ ਮੈਂਬਰਾਂ ਦੇ ਬਿਆਨ ਦਰਜ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ।

## ਹੱਸਦੇ-ਖੇਡਦੇ ਬੱਚੇ ਦੀਆਂ ਨਿਕਲ ਗਈਆਂ ਚੀਕਾਂ, ਸੁਣ ਬਾਹਰ ਆਈ ਮਾਂ ਨੇ ਵੀ ਹਾਲ ਦੇਖ ਛੱਡੇ ਹੱਥ-ਪੈਰ

ਮਾਛੀਵਾੜਾ ਸਾਹਿਬ 20 ਜਨਵਰ। ਬੀਤੇ ਲੰਬੇ ਸਮੇਂ ਤੋਂ ਪੰਜਾਬ ਦੇ ਹਰ ਇਲਾਕੇ 'ਚ ਆਵਾਰਾ ਕੁੱਤਿਆਂ ਦੇ ਆਤੰਕ ਦੀਆਂ ਖੌਫਨਾਕ ਖਬਰਾਂ ਸਾਹਮਣੇ ਆ ਰਹੀਆਂ ਹਨ। ਇਹ ਕੁੱਤੇ ਬੱਚਿਆਂ ਤੋਂ ਲੈ ਕੇ ਬਜੁਰਗਾਂ ਤੱਕ ਨੂੰ ਨੋਚ ਖਾਂਦੇ ਹਨ। ਅਜਿਹਾ ਹੀ ਇਕ ਮਾਮਲਾ ਸਤਲੁਜ ਦਰਿਆ ਕਿਨਾਰੇ ਵਸਦੇ ਪਿੰਡ ਸੈਸੋਂਵਾਲ ਖੁਰਦ ਤੋਂ ਸਾਹਮਣੇ ਆਇਆ ਹੈ, ਜਿੱਥੇ ਇਕ ਅਵਾਰਾ ਕੁੱਤੇ ਨੇ ਘਰ ਦੇ ਬਾਹਰ ਖੇਡ ਰਹੇ ਡੇਢ ਸਾਲਾ ਮਾਸੂਮ ਬੱਚੇ 'ਤੇ ਹਮਲਾ ਕਰ ਉਸ ਨੂੰ ਨੋਚ ਖਾਧਾ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਸੈਸੋਂਵਾਲ ਖੁਰਦ ਦੇ ਵਾਸੀ ਅਮਰ ਸਿੰਘ ਦਾ ਡੇਢ ਸਾਲਾਂ ਪੁੱਤਰ ਰਾਜਵੀਰ ਸਿੰਘ ਖੇਡਦਾ-ਖੇਡਦਾ ਘਰ ਬਾਹਰ ਚਲਾ ਗਿਆ ਜਿਸ ਦੀ ਮਾਂ ਘਰੇਲੂ ਕੰਮਕਾਰ ਵਿਚ ਲੱਗੀ ਹੋਈ ਸੀ। ਦੁਪਹਿਰ ਕਰੀਬ 2 ਵਜੇ ਇੱਕ ਅਵਾਰਾ ਕੁੱਤੇ ਨੇ ਘਰ ਬਾਹਰ ਖੇਡ ਰਹੇ ਰਾਜਵੀਰ ਸਿੰਘ 'ਤੇ ਹਮਲਾ ਕਰ ਉਸ ਦੇ ਮੂੰਹ ਨੂੰ ਨੋਚ ਲਿਆ। ਬੱਚੇ ਦਾ ਰੌਲਾ ਸੁਣ ਕੇ ਉਸਦੀ ਮਾਂ ਭੱਜ ਕੇ ਆਈ ਜਿਸ ਨੇ ਬੜੀ ਮੁਸ਼ਕਿਲ ਨਾਲ ਕੁੱਤੇ ਕੋਲੋਂ ਆਪਣੇ ਪੁੱਤਰ ਨੂੰ ਛੁਡਾਇਆ। ਅਵਾਰਾ ਕੁੱਤੇ ਦੇ ਨੋਚਣ ਨਾਲ ਮਾਸੂਮ ਬੱਚੇ ਦਾ ਮੂੰਹ ਲਹੂ ਲੁਹਾਨ ਹੋ ਗਿਆ ਜਿਸ ਨੂੰ ਇਲਾਜ ਲਈ ਸੀ.ਐੱਮ.ਸੀ. ਹਸਪਤਾਲ ਲਿਆਂਦਾ ਗਿਆ। ਜਾਣਕਾਰੀ ਅਨੁਸਾਰ ਹਸਪਤਾਲ ਵਿਚ ਬੱਚੇ ਦੀ ਸਰਜਰੀ ਕੀਤੀ ਜਾ ਰਹੀ ਹੈ। ਪਿੰਡ ਦੇ ਸਾਬਕਾ ਸਰਪੰਚ ਸੁਰਜੀਤ ਸਿੰਘ ਨੇ ਦੱਸਿਆ ਕਿ ਪਿੰਡ ਵਿਚ ਕਾਫ਼ੀ ਅਵਾਰਾ ਕੁੱਤੇ ਘੁੰਮਦੇ ਹਨ ਅਤੇ ਅੱਜ ਦੀ ਘਟਨਾ ਤੋਂ ਬਾਅਦ ਸਾਰੇ ਪਿੰਡ ਵਿਚ ਹੀ ਸਹਿਮ ਦਾ ਮਾਹੌਲ ਛਾਇਆ ਹੋਇਆ ਹੈ ਜਿਸ ਕਾਰਨ ਲੋਕ ਆਪ ਤੇ ਆਪਣੇ ਬੱਚਿਆਂ ਨੂੰ ਅਸੁਰੱਖਿਤ ਮਹਿਸੂਸ ਕਰ ਰਹੇ ਹਨ।

## ਤਾਰ ਚੋਰੀ ਕਰਨ ਲਈ ਟ੍ਰਾਂਸਫਾਰਮਰ 'ਤੇ ਚੜ੍ਹਿਆ ਨੌਜਵਾਨ, ਮਿਲੀ ਦਰਦਨਾਕ ਮੌਤ

ਨਾਗਪੁਰ 20 ਜਨਵਰ। ਮਹਾਰਾਸਟਰ ਦੇ ਨਾਗਪੁਰ ਜਿ਼ਲ੍ਹੇ ਵਿੱਚ ਟ੍ਰਾਂਸਫਾਰਮਰ ਤੋਂ ਤਾਰ ਚੋਰੀ ਕਰਨ ਦੀ ਕੋਸਿ਼ਸ ਕਰਦੇ ਸਮੇਂ ਕਰੰਟ ਲੱਗਣ ਕਾਰਨ 25 ਸਾਲਾ ਨੌਜਵਾਨ ਦੀ ਮੌਤ ਹੋ ਗਈ। ਪੁਲਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਇੱਕ ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ ਐਤਵਾਰ ਦੇਰ ਰਾਤ ਜਾਮਥਾ ਇਲਾਕੇ ਵਿੱਚ ਵਾਪਰੀ। ਅਧਿਕਾਰੀ ਨੇ ਦੱਸਿਆ ਕਿ ਪਰਸੋਦੀ ਵਿਚ ਸ੍ਰਮਿਕ ਨਗਰ ਝੁੱਗੀ-ਝੌਂਪੜੀ ਦਾ ਨਿਵਾਸੀ ਅੰਕੁਸ ਰਾਜੇਂਦਰ ਪਟੇਲ ਟ੍ਰਾਂਸਫਾਰਮਰ 'ਤੇ ਫਸ ਗਿਆ ਅਤੇ ਸੋਮਵਾਰ ਸਵੇਰੇ



ਉਸਦੀ ਸੜੀ ਹੋਈ ਲਾਸ ਮਿਲੀ। ਪਟੇਲ ਨੇ ਮੌਲੀ ਨਗਰ ਦੇ ਟ੍ਰਾਂਸਫਾਰਮਰ ਤੋਂ ਤੇਲ ਅਤੇ ਤਾਰ ਚੋਰੀ ਕਰਨ ਦਾ ਫੈਸਲਾ ਕੀਤਾ ਸੀ। ਉਨ੍ਹਾਂ ਕਿਹਾ ਕਿ ਉਹ ਇਹ ਸੋਚ ਕੇ ਟ੍ਰਾਂਸਫਾਰਮਰ 'ਤੇ ਚੜ੍ਹ ਗਿਆ ਕਿ ਬਿਜਲੀ ਬੰਦ ਹੋ ਗਈ ਹੈ ਪਰ ਉਸ ਨੂੰ ਕਰੰਟ ਲੱਗ ਗਿਆ। ਅਧਿਕਾਰੀ ਨੇ ਕਿਹਾ ਕਿ ਪਟੇਲ ਇੱਕ "ਇਸਟ੍ਰੀਸ਼ੀਟਰ" ਸੀ ਅਤੇ ਉਸ ਵਿਰੁੱਧ ਹਿੰਗਨਾ ਅਤੇ ਬੇਲਤਰੋਡੀ ਪੁਲਸ ਥਾਣਿਆਂ ਵਿੱਚ ਚੋਰੀ ਦੇ ਕਈ ਮਾਮਲੇ ਦਰਜ ਸਨ। ਉਹ ਟ੍ਰਾਂਸਫਾਰਮਰ ਤੋਂ ਤੇਲ, ਤਾਰ ਅਤੇ ਲੋਹਾ ਚੋਰੀ ਕਰਨ ਵਿੱਚ ਸਾਮਲ ਸੀ।

## ਖੂਹ ਪੁੱਟਦੇ ਸਮੇਂ ਮਲਬੇ ਹੇਠ ਫਸਣ ਕਾਰਨ ਤਿੰਨ ਮਜਦੂਰਾਂ ਦੀ ਮੌਤ

ਛਿੰਦਵਾੜਾ 20 ਜਨਵਰ। ਮੱਧ ਪ੍ਰਦੇਸ ਦੇ ਛਿੰਦਵਾੜਾ ਜਿ਼ਲ੍ਹੇ ਦੇ ਇੱਕ ਪਿੰਡ ਵਿੱਚ ਖੂਹ ਪੁੱਟਦੇ ਸਮੇਂ ਮਿੱਟੀ ਡਿੱਗਣ ਕਾਰਨ ਮਲਬੇ ਹੇਠ ਫਸੇ ਤਿੰਨ ਮਜਦੂਰਾਂ ਦੀ ਮੌਤ ਹੋ ਜਾਣ ਦੀ ਸੂਚਨਾ ਮਿਲੀ ਹੈ। ਮੁੱਖ ਮੰਤਰੀ ਮੋਹਨ ਯਾਦਵ ਨੇ ਬੁੱਧਵਾਰ ਨੂੰ ਇਸ ਘਟਨਾ ਦੀ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਪਹਿਲਾਂ ਕਿਹਾ ਸੀ ਕਿ ਮੰਗਲਵਾਰ ਸਾਮ ਨੂੰ ਜਿ਼ਲ੍ਹੇ ਦੇ ਪਿੰਡ ਖੁਨਾਝੀਰ ਖੁਰਦ ਵਿੱਚ ਇੱਕ ਨਿਰਮਾਣ ਅਧੀਨ ਖੂਹ ਡਿੱਗਣ ਕਾਰਨ ਇੱਕ ਔਰਤ ਸਮੇਤ ਤਿੰਨ ਲੋਕ ਫਸ ਗਏ ਸਨ। ਮੁੱਖ ਮੰਤਰੀ ਯਾਦਵ ਨੇ ਸੋਸਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਪੋਸਟ ਵਿੱਚ ਕਿਹਾ ਕਿ



ਪੁਲਸ, ਹੋਮ ਗਾਰਡ ਦੇ ਜਵਾਨਾਂ ਨਾਲ ਰਾਸਟਰੀ ਆਫਤ ਪ੍ਰਤੀਕਿਰਿਆ ਬਲ (ਐਨਡੀਆਰਐਫ) ਦੀ ਟੀਮ ਨੇ ਤੁਰੰਤ ਬਚਾਅ ਕਾਰਜ ਸੁਰੂ ਕਰ ਦਿੱਤਾ ਅਤੇ ਮਜਦੂਰਾਂ ਨੂੰ ਸੁਰੱਖਿਅਤ ਕੱਢਣ ਲਈ ਹਰ ਸੰਭਵ ਕੋਸਿ਼ਸ ਕੀਤੀ। ਇਸ ਦੇ ਬਾਵਜੂਦ ਉਹਨਾਂ ਨੂੰ ਬਚਾਇਆ ਨਹੀਂ ਜਾ ਸਕਿਆ। ਉਨ੍ਹਾਂ ਕਿਹਾ, "ਛਿੰਦਵਾੜਾ ਜਿ਼ਲ੍ਹੇ ਦੇ ਪਿੰਡ ਖੁਨਾਝੀਰ ਖੁਰਦ ਵਿੱਚ ਇੱਕ ਨਿੱਜੀ ਜਮੀਨ 'ਤੇ ਇੱਕ ਪੁਰਾਣੇ ਖੂਹ ਦੀ ਖੁਦਾਈ ਦੌਰਾਨ ਮਿੱਟੀ ਡਿੱਗਣ ਕਾਰਨ ਹੋਏ ਹਾਦਸੇ ਵਿੱਚ ਤਿੰਨ ਮਜਦੂਰਾਂ ਦੀ ਬੇਵਕਤੀ ਮੌਤ ਬਾਰੇ ਦੁਖਦਾਈ ਖਬਰ ਮਿਲੀ ਹੈ।" ਯਾਦਵ ਨੇ ਕਿਹਾ ਕਿ ਨਿਯਮਾਂ ਅਨੁਸਾਰ, ਸਰਕਾਰ ਹਰੇਕ ਮ੍ਰਿਤਕ ਦੇ ਪਰਿਵਾਰ ਨੂੰ 4 ਲੱਖ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕਰੇਗੀ। ਉਨ੍ਹਾਂ ਕਿਹਾ, "ਮੈਂ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਵਿਛੜੀਆਂ ਰੂਹਾਂ ਨੂੰ ਸਾਂਤੀ ਦੇਵੇ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇਸ ਭਾਰੀ ਨੁਕਸਾਨ ਨੂੰ ਸਹਿਣ ਦੀ ਤਾਕਤ ਦੇਵੇ।"

# ਜੇਲ੍ਹ ਤੋਂ ਬਾਹਰ ਆਇਆ 'ਡੇਰਾ ਮੁਖੀ', ਪ੍ਰੇਮੀਆਂ ਨੇ ਕੀਤੀ ਫੁੱਲਾਂ ਦੀ ਵਰਖਾ

ਜੋਧਪੁਰ 20 ਜਨਵਰ। ਪਿਛਲੇ 12 ਸਾਲਾਂ ਤੋਂ ਰਾਜਸਥਾਨ ਦੀ ਜੋਧਪੁਰ ਜੇਲ੍ਹ ਵਿਚ ਬੰਦ ਆਸਾਰਾਮ ਨੂੰ ਜਮਾਨਤ ਮਿਲ ਗਈ ਹੈ। ਇਸ ਤੋਂ ਬਾਅਦ ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਮੰਗਲਵਾਰ ਦੇਰ ਰਾਤ ਹਾਈਕੋਰਟ ਤੋਂ ਆਦੇਸ ਮਿਲਣ ਤੋਂ ਬਾਅਦ ਆਸਾਰਾਮ ਦੇ ਵਕੀਲਾਂ ਨੇ ਤੇਜੀ ਦਿਖਾਈ ਅਤੇ ਜੇਲ੍ਹ 'ਚ ਆਦੇਸ਼ ਦੇ ਕੇ ਆਸਾਰਾਮ ਨੂੰ ਰਿਹਾਅ ਕਰਵਾਇਆ। ਆਸਾਰਾਮ 31 ਮਾਰਚ ਤੱਕ ਅੰਤਿਮ ਜਮਾਨਤ 'ਤੇ ਜੇਲ੍ਹ ਤੋਂ ਬਾਹਰ ਰਹੇਗਾ। ਇਸ ਤੋਂ ਬਾਅਦ ਉਹ ਜੋਧਪੁਰ ਦੇ ਪਾਲ ਪਿੰਡ 'ਚ ਸਥਿਤ ਆਪਣੇ ਆਸਰਮ 'ਚ ਪਹੁੰਚੇ, ਜਿੱਥੇ ਉਨ੍ਹਾਂ ਦੇ ਹਜਾਰਾਂ ਸਰਧਾਲੂ ਪਹਿਲਾਂ ਹੀ ਉਡੀਕ ਕਰ ਰਹੇ ਸਨ। ਆਸਾਰਾਮ ਦੀ ਰਿਹਾਈ ਦਾ ਜਸਨ ਮਨਾਉਣ ਲਈ ਆਸਰਮ ਦੇ ਮੁੱਖ ਗੇਟ ਨੂੰ ਸਜਾਇਆ ਗਿਆ ਅਤੇ ਉਥੇ ਰੰਗੋਲੀ ਬਣਾਈ ਗਈ। ਆਸਾਰਾਮ ਨਾਲ ਹਾਈ ਕੋਰਟ ਦੇ ਨਿਰਦੇਸ਼ 'ਤੇ ਤਿੰਨ ਚਾਲਾਨੀ ਗਾਰਡ ਵੀ ਭੇਜੇ ਗਏ ਹਨ, ਜੋ ਉਨ੍ਹਾਂ 'ਤੇ ਨਿਗਰਾਨੀ ਰੱਖਣਗੇ। ਆਸਰਮ ਵਿਚ ਦਾਖਲ ਹੋਣ ਤੋਂ ਬਾਅਦ ਸ਼ਰਧਾਲੂਆਂ ਨੇ ਉਨ੍ਹਾਂ 'ਤੇ ਫੁੱਲਾਂ ਦੀ ਵਰਖਾ ਕੀਤੀ ਅਤੇ ਬਾਅਦ ਵਿਚ ਆਸਾਰਾਮ ਨੇ



ਆਪਣੇ ਸਰਧਾਲੂਆਂ ਨੂੰ ਇਸਾਰਾ ਕੀਤਾ ਅਤੇ ਫਿਰ ਆਪਣੇ ਕਮਰੇ ਵਿਚ ਚਲੇ ਗਏ। ਆਸਾਰਾਮ ਨੂੰ ਜੋਧਪੁਰ ਪੁਲਸ ਨੇ 31 ਸਤੰਬਰ 2013 ਨੂੰ ਇੰਦੌਰ ਤੋਂ ਗ੍ਰਿਫਤਾਰ ਕੀਤਾ ਸੀ। ਆਸਾਰਾਮ ਖਿ਼ਲਾਫ 15 ਅਗਸਤ 2013 ਨੂੰ ਜੋਧਪੁਰ ਦੇ ਮਥਾਨੀਆ ਸਥਿਤ ਮਨਾਈ ਆਸ਼ਰਮ 'ਚ ਨਾਬਾਲਗ ਕੁੜੀ ਨਾਲ ਜਿਨਸੀ ਸ਼ੋਸ਼ਣ ਦਾ ਮਾਮਲਾ ਸਾਹਮਣੇ ਆਇਆ ਸੀ। ਇਸ ਮਾਮਲੇ 'ਚ ਆਸਾਰਾਮ ਨਿਆਇਕ ਹਿਰਾਸਤ 'ਚ ਰਹਿਣ ਤੋਂ ਬਾਅਦ 2018 ਤੋਂ ਉਮਰ ਕੈਦ ਦੀ ਸਜਾ ਕੱਟ ਰਿਹਾ ਸੀ। ਹਾਲ ਹੀ 'ਚ ਜੋਧਪੁਰ ਹਾਈ ਕੋਰਟ ਨੇ ਉਸ ਨੂੰ ਇਲਾਜ ਲਈ ਪੈਰੋਲ ਦਿੱਤੀ ਸੀ, ਜਿਸ ਤੋਂ ਬਾਅਦ ਆਸਾਰਾਮ ਦੀ ਜਮਾਨਤ ਪਟੀਸਨ ਸੁਪਰੀਮ ਕੋਰਟ 'ਚ ਪਾਈ ਗਈ ਸੀ, ਜਿਸ ਨੂੰ ਮਨਜੂਰ ਕਰ ਲਿਆ ਗਿਆ ਸੀ। ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਆਸਾਰਾਮ ਦੇ ਵਕੀਲਾਂ ਨੇ ਵੀ ਜੋਧਪੁਰ ਹਾਈਕੋਰਟ 'ਚ ਪਟੀਸਨ ਦਾਇਰ ਕੀਤੀ, ਜਿਸ 'ਤੇ ਸੁਣਵਾਈ ਹੋਈ। ਇਸ ਤੋਂ ਬਾਅਦ ਸੁਪਰੀਮ ਕੋਰਟ ਦੇ ਨਿਰਦੇਸਾਂ 'ਤੇ ਹਾਈਕੋਰਟ ਨੇ ਆਸਾਰਾਮ ਨੂੰ 31 ਮਾਰਚ ਤੱਕ ਜਮਾਨਤ 'ਤੇ ਰਿਹਾਅ ਕਰਨ ਦਾ ਸਰਤੀਆ ਹੁਕਮ ਜਾਰੀ ਕੀਤਾ।

## ਚਿੱਲਰ ਦੇ ਕੇ ਗਾਹਕ ਨੇ ਭਰਿਆ ਬਿਜਲੀ ਬਿੱਲ, ਗਿਣਨ 'ਚ ਲੱਗੇ 5 ਘੰਟੇ, ਮੁਲਾਜਮਾਂ ਦੇ ਛੁੱਟੇ ਪਸੀਨੇ

ਨੈਸ਼ਨਲ ਡੈਸਕ 20 ਜਨਵਰ। ਸਾਡਾ ਦੇਸ ਡਿਜੀਟਲ ਭੁਗਤਾਨ ਦੇ ਮਾਮਲੇ ਵਿੱਚ ਦੁਨੀਆ ਵਿੱਚ ਸਿਖਰ 'ਤੇ ਹੈ ਪਰ ਇਹ ਸਾਰੀ ਤਰੱਕੀ ਉਦੋਂ ਬੇਕਾਰ ਹੋ ਗਈ ਜਦੋਂ ਇੱਕ ਵਿਅਕਤੀ ਨੇ 1 ਅਤੇ 2 ਰੁਪਏ ਦੇ ਸਿੱਕਿਆਂ ਦੀ ਵਰਤੋਂ ਕਰਕੇ ਆਪਣਾ ਬਿਜਲੀ ਦਾ ਬਿੱਲ ਭਰਿਆ। ਵਿਅਕਤੀ ਨੇ ਬਿਜਲੀ ਦੇ ਬਿੱਲ ਵਜੋਂ 7,160 ਰੁਪਏ ਦੇਣੇ ਸਨ, ਜਿਸ ਦਾ ਉਸਨੇ 7160 ਰੁਪਏ ਦੇ ਸਿੱਕੇ ਦੇ ਕੇ ਭੁਗਤਾਨ ਕੀਤਾ। ਇਨ੍ਹਾਂ ਸਿੱਕਿਆਂ ਦਾ ਕੁੱਲ ਭਾਰ ਲਗਭਗ 40 ਕਿਲੋ ਸੀ। ਇਸ ਘਟਨਾ ਦੀ ਵੀਡੀਓ ਇਸ ਸਮੇਂ ਸੋਸਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਵਾਇਰਲ ਵੀਡੀਓ ਵਿੱਚ ਬਿਜਲੀ ਵਿਭਾਗ ਦੇ ਮੁਲਾਜਮ ਸਿੱਕੇ ਗਿਣਦੇ ਹੋਏ ਦੇਖੇ ਜਾ ਸਕਦੇ ਹਨ। ਉਨ੍ਹਾਂ ਦੇ



ਸਾਹਮਣੇ ਮੇਜ ਉੱਤੇ ਸਾਰੇ ਪਾਸੇ ਸਿੱਕੇ ਪਏ ਹੋਏ ਹਨ। ਉਹ ਉਨ੍ਹਾਂ ਨੂੰ ਗਿਣ ਰਹੇ ਹਨ ਅਤੇ ਉਨ੍ਹਾਂ ਨੂੰ ਇੱਕ ਕ੍ਰਮ ਵਿੱਚ ਰੱਖ ਰਹੇ ਹਨ। ਇਹ ਮਾਮਲਾ ਮਹਾਰਾਸਟਰ ਦੇ ਰਿਸੋੜ ਸਹਿਰ ਦਾ ਦੱਸਿਆ ਜਾ ਰਿਹਾ ਹੈ। ਜਿੱਥੇ ਇਹ ਦਿਲਚਸਪ ਘਟਨਾ ਮਹਾਵਿਤਰਨ ਦੀ ਰਿਕਵਰੀ ਮੁਹਿੰਮ ਦੌਰਾਨ ਸਾਹਮਣੇ ਆਈ। ਮਹਾਵਿਤਰਨ ਦੀ ਰਿਕਵਰੀ ਮੁਹਿੰਮ ਦੇ ਮੁਲਾਜਮਾਂ ਨੇ ਦੋਪਹੀਆ ਵਾਹਨ 'ਤੇ ਇੱਕ ਕਿਲੋਮੀਟਰ ਦੀ ਦੂਰੀ ਤੈਅ ਕਰਕੇ ਗਾਹਕ ਤੋਂ ਇਹ ਸਿੱਕੇ ਲੈ ਕੇ ਦਫਤਰ ਤੱਕ ਪਹੁੰਚਾਏ, ਜਿਸ ਤੋਂ ਬਾਅਦ ਬਿਜਲੀ ਵਿਭਾਗ ਦੇ 3 ਮੁਲਾਜਮਾਂ ਨੂੰ ਉਨ੍ਹਾਂ ਸਿੱਕਿਆਂ ਦੀ ਗਿਣਤੀ ਕਰਨ ਲਈ ਲਗਾਇਆ ਗਿਆ। ਇਨ੍ਹਾਂ ਸਿੱਕਿਆਂ ਦੀ ਗਿਣਤੀ ਕਰਨ ਵਿੱਚ ਕੁੱਲ 5 ਘੰਟੇ ਲੱਗੇ। ਇੰਨੀ ਠੰਢ ਦੇ ਬਾਵਜੂਦ, ਇਨ੍ਹਾਂ ਸਿੱਕਿਆਂ ਨੂੰ ਗਿਣਨ ਵਿਚ ਉਨ੍ਹਾਂ ਦਾ ਪਸੀਨਾ ਛੁੱਟ ਗਿਆ।

## ਪੋਤਰੀਆਂ ਨਾਲ ਕੀਰਤਨ ਸੁਣਨ ਜਾ ਰਹੀ ਦਾਦੀ ਨਾਲ ਹੋ ਗਿਆ ਵੱਡਾ ਕਾਂਡ

ਜਲੰਧਰ 20 ਜਨਵਰੀ। ਜਲੰਧਰ ਵਿਖੇ ਗੁਰੂ ਗੋਬਿੰਦ ਸਿੰਘ ਨਗਰ ਵਿਚ ਲੁਟੇਰਿਆਂ ਵੱਲੋਂ ਗਲੀ ਵਿਚੋਂ ਲੰਘ ਰਹੀ ਮਹਿਲਾ ਦੇ ਕੰਨਾਂ ਦੀਆਂ ਵਾਲੀਆਂ ਖੋਹ ਲਈਆਂ ਗਈਆਂ। ਘਟਨਾ ਇਲਾਕੇ ਵਿਚ ਲੱਗੇ ਸੀ. ਸੀ. ਟੀ. ਵੀ. ਵਿਚ ਕੈਦ ਹੋ ਗਈ ਹੈ। ਹਾਲਾਂਕਿ ਵਾਲੀਆਂ ਨਕਲੀ ਸੀ ਤਾਂ ਮਹਿਲਾ ਨੇ ਕੋਈ ਸ਼ਿਕਾਇਤ ਦਰਜ ਨਹੀਂ ਕਰਵਾਈ। ਘਟਨਾ ਦੇ ਕਾਰਨ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਬਣ ਗਿਆ। ਜਦੋਂ ਸੀ.ਸੀ.ਟੀ.ਵੀ. ਮੀਡੀਆ ਗਰੁੱਪਾਂ ਵਿਚ ਆਈ ਤਾਂ ਲੋਕਾਂ ਦਾ ਪੁਲਸ ਪ੍ਰਤੀ ਗੁੱਸਾ ਫੁੱਟ ਗਿਆ। ਇਲਾਕੇ ਦੇ ਲੋਕਾਂ ਨੇ ਇਸ ਘਟਨਾ 'ਤੇ ਚਿੰਤਾ ਪ੍ਰਗਟ ਕੀਤੀ ਕਿਉਂਕਿ ਜਿਸ ਕਾਲੋਨੀ ਵਿੱਚ ਇਹ ਘਟਨਾ ਵਾਪਰੀ ਹੈ, ਉਹ ਸਹਿਰ ਦੀਆਂ ਪਾਸ ਕਲੋਨੀਆਂ ਵਿੱਚੋਂ ਇਕ ਗਿਣੀ ਜਾਂਦੀ ਹੈ। ਐਕਟਿਵਾ 'ਤੇ ਸਵਾਰ ਲੁਟੇਰੇ ਔਰਤ ਦੇ ਕੰਨਾਂ ਦੀਆਂ ਵਾਲੀਆਂ ਖੋਹਦੇ ਹੋਏ ਮੌਕੇ 'ਤੇ ਲੱਗੇ ਸੀ. ਸੀ. ਟੀ. ਵੀ. ਕੈਮਰੇ ਵਿੱਚ ਕੈਦ ਹੋ ਗਏ। ਫੁਟੇਜ ਵਿੱਚ ਸਾਫ ਵਿਖਾਈ ਦੇ ਰਿਹਾ ਹੈ ਕਿ ਬਜੁਰਗ ਔਰਤ ਆਪਣੀਆਂ ਪੋਤਰੀਆਂ ਨਾਲ ਕੀਰਤਨ ਸੁਣਨ ਜਾ ਰਹੀ ਸੀ। ਇਸੇ ਦੌਰਾਨ ਐਕਟਿਵਾ 'ਤੇ ਸਵਾਰ ਇਕ ਵਿਅਕਤੀ ਅੱਗੇ ਚਲਾ ਜਾਂਦਾ ਹੈ ਅਤੇ ਉਸ ਦਾ ਸਾਥੀ ਪਿੱਛੇ ਤੋਂ ਮਹਿਲਾ ਦੇ ਕੰਨਾਂ ਦੀਆਂ ਵਾਲੀਆਂ ਖੋਹ ਕੇ ਐਕਟਿਵਾ 'ਤੇ ਸਵਾਰ ਹੋ ਕੇ ਫਰਾਰ ਹੋ ਜਾਂਦਾ ਹੈ। ਗਨੀਮਤ ਇਹ ਰਹੀ ਕਿ ਵਾਲੀਆਂ ਨਕਲੀ ਸਨ ਅਤੇ ਵਾਰਦਾਤ ਦੇ ਸਮੇਂ ਮਹਿਲਾ ਨੂੰ ਕੋਈ ਗੰਭੀਰ ਸੱਟਾਂ ਨਹੀਂ ਆਈਆਂ ਹਨ।

# ਪ੍ਰਿੰਸੀਪਲ ਦਾ ਸ਼ਰਮਨਾਕ ਕਾਰਾ, ਵਿਦਿਆਰਥਣਾਂ ਦੀਆਂ ਕਮੀਜਾਂ ਲੁਹਾ ਇਸ ਹਾਲਤ 'ਚ ਭੇਜਿਆ ਘਰ

ਨੈਸ਼ਨਲ ਡੈਸਕ 20 ਜਨਵਰ। ਧਨਬਾਦ ਦੇ ਇਕ ਨਾਮੀ ਨਿੱਜੀ ਸਕੂਲ 'ਚ 10ਵੀਂ ਜਮਾਤ ਦੀਆਂ ਵਿਦਿਆਰਥਣਾਂ ਨਾਲ ਪ੍ਰਿੰਸੀਪਲ ਨੇ ਸ਼ਰਮਨਾਕ ਵਿਵਹਾਰ ਕੀਤਾ ਹੈ। ਵੀਰਵਾਰ ਨੂੰ 10ਵੀਂ ਜਮਾਤ ਦੀਆਂ ਵਿਦਿਆਰਥਣਾਂ ਪੈੱਨ ਡੇਅ ਮਨਾ ਰਹੀਆਂ ਸਨ। ਇਸੇ ਦਿਨ ਇਨ੍ਹਾਂ ਦੀ ਪ੍ਰੀਖਿਆ ਦਾ ਆਖਰੀ ਦਿਨ ਸੀ। ਪੈੱਨ ਡੇਅ ਦੌਰਾਨ ਵਿਦਿਆਰਥਣਾਂ ਇਕ-ਦੂਜੇ ਦੀਆਂ ਕਮੀਜਾਂ 'ਤੇ ਸ਼ੁੱਭਕਾਮਨਾਵਾਂ ਲਿਖ ਰਹੀਆਂ ਸਨ ਪਰ ਇਹ ਗੱਲ ਸਕੂਲ ਦੇ ਪ੍ਰਿੰਸੀਪਲ ਨੂੰ ਰਾਸ ਨਹੀਂ ਆਈ। 100 ਦੇ ਕਰੀਬ ਵਿਦਿਆਰਥਣਾਂ ਇਸ ਕੰਮ ਵਿਚ ਸ਼ਾਮਲ ਸਨ। ਸਾਰੀਆਂ ਵਿਦਿਆਰਥਣਾਂ ਨੂੰ ਪਹਿਲਾਂ ਡਾਂਟਿਆ ਗਿਆ। ਉਸ ਤੋਂ ਬਾਅਦ ਉਨ੍ਹਾਂ ਦੀਆਂ ਕਮੀਜਾਂ ਉਤਰਵਾ ਦਿੱਤੀਆਂ ਗਈਆਂ। ਇੰਨਾ ਹੀ ਨਹੀਂ, ਕਮੀਜਾਂ ਉਤਰਵਾਉਣ ਤੋਂ ਬਾਅਦ ਦੁਬਾਰਾ ਪਹਿਨਣ ਵੀ ਨਹੀਂ ਦਿੱਤੀਆਂ ਗਈਆਂ। ਵਿਦਿਆਰਥਣਾਂ ਨੂੰ ਸਿਰਫ ਬਲੇਜਰ ਪਹਿਨਣ ਦਿੱਤਾ ਗਿਆ। ਬਲੇਜਰ ਪਹਿਨਕੇ ਹੀ ਵਿਦਿਆਰਥਣਾਂ ਆਪਣੇ-ਆਪਣੇ ਘਰ ਗਈਆਂ। ਘਰ ਪਹੁੰਚ ਕੇ ਵਿਦਿਆਰਥਣਾਂ ਨੇ ਪੂਰੀ ਗੱਲ ਆਪਣੇ-ਆਪਣੇ ਮਾਪਿਆਂ ਨੂੰ ਦੱਸੀ। ਇਸ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਹੋ ਰਹੀ ਹੈ। ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਵਿਦਿਆਰਥਣਾਂ ਦੇ ਮਾਪੇ ਗੁੱਸੇ 'ਚ ਆ ਗਏ। ਮਾਪੇ ਸ਼ਨੀਵਾਰ ਨੂੰ ਡੀਸੀ ਦਫਤਰ ਪਹੁੰਚ ਗਏ। ਡੀਸੀ ਤੋਂ ਸਕੂਲ ਦੇ ਪ੍ਰਿੰਸੀਪਲ ਖਿਲਾਫ ਕਾਰਵਾਈ ਦੀ ਮੰਗ ਕੀਤੀ ਗਈ ਹੈ। ਉਥੇ ਹੀ ਸਥਾਨਕ ਵਿਧਾਇਕ ਰਾਗਿਨੀ ਸਿੰਘ ਵੀ ਮਾਪਿਆਂ ਦੇ ਨਾਲ ਡੀਸੀ ਦਫਤਰ ਪਹੁੰਚੀ। ਡੀਸੀ ਮਾਧਵੀ ਮਿਸ਼ਰਾ ਨਾਲ ਵਿਦਿਆਰਥਣਾਂ ਦੇ ਮਾਪਿਆਂ ਅਤੇ ਵਿਧਾਇਕ ਰਾਗਿਨੀ ਸਿੰਘ ਦੀ ਗੱਲਬਾਤ ਹੋਈ। ਮਾਪਿਆਂ ਨੇ ਦੱਸਿਆ ਕਿ ਡੀਸੀ ਨੇ ਕਾਰਵਾਈ ਦਾ ਵਿਸ਼ਵਾਸ ਦਿੱਤਾ ਹੈ। ਉਥੇ ਹੀ ਸਥਾਨਕ ਵਿਧਾਇਕ ਰਾਗਿਨੀ ਸਿੰਘ ਨੇ ਕਿਹਾ ਕਿ ਇਹ ਘਟਨਾ ਬੇਹੱਦ ਮੰਦਭਾਗੀ ਅਤੇ ਸ਼ਰਮਨਾਕ ਹੈ। ਇਸ ਪੂਰੇ ਮਾਮਲੇ 'ਤੇ ਝਰੀਆ ਦੀ ਵਿਧਾਇਕ ਰਾਗਿਨੀ ਸਿੰਘ ਨੇ ਅਫਸੋਸ ਜਾਹਿਰ ਕੀਤਾ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਇਕ ਟੀਮ ਗਠਿਤ ਕਰਕੇ ਜਾਂਚ ਦਾ ਆਦੇਸ਼ ਦਿੱਤਾ ਗਿਆ ਹੈ। ਮਾਮਲਾ ਸਾਹਮਣੇ ਆਉਣ ਤੋਂ ਬਾਅਦ ਡਿਪਟੀ ਕਮਿਸਨਰ ਮਾਧਵੀ ਮਿਸਰਾ ਨੇ ਕਿਹਾ ਕਿ ਸਕੂਲ ਪ੍ਰਿੰਸੀਪਲ ਦੇ ਫਰਮਾਨ ਤੋਂ ਬਾਅਦ ਸਕੂਲੀ ਬੱਚਿਆਂ ਨੂੰ ਆਪਣੀਆਂ ਕਮੀਜਾਂ ਉਤਾਰ ਕੇ ਬਲੇਜਰ ਪਾ ਕੇ ਘਰ ਜਾਣਾ ਪਿਆ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਗਿਆ ਹੈ। ਇੱਕ ਜਾਂਚ ਕਮੇਟੀ ਬਣਾਈ ਗਈ ਹੈ, ਜਾਂਚ ਕਮੇਟੀ ਵੱਲੋਂ ਜਾਂਚ ਪੂਰੀ ਕਰ ਆਪਣੀ ਰਿਪੋਰਟ ਵਿਦਿਆਰਥਣਾਂ ਦੇ ਮਾਪੇ ਗੁੱਸੇ 'ਚ ਆ ਗਏ। ਮਾਪੇ ਸ਼ਨੀਵਾਰ ਨੂੰ ਡੀਸੀ ਦਫਤਰ ਪਹੁੰਚ ਗਏ। ਡੀਸੀ ਤੋਂ ਸਕੂਲ ਦੇ ਪ੍ਰਿੰਸੀਪਲ ਖਿਲਾਫ ਕਾਰਵਾਈ ਦੀ ਮੰਗ ਕੀਤੀ ਗਈ ਹੈ। ਉਥੇ ਹੀ ਸਥਾਨਕ ਵਿਧਾਇਕ ਰਾਗਿਨੀ ਸਿੰਘ ਵੀ ਮਾਪਿਆਂ ਦੇ ਨਾਲ ਡੀਸੀ ਦਫਤਰ ਪਹੁੰਚੀ। ਡੀਸੀ ਮਾਧਵੀ ਮਿਸ਼ਰਾ ਨਾਲ ਪਿਸ ਕਰਨ ਤੋਂ ਬਾਅਦ ਕਾਰਵਾਈ ਕੀਤੀ ਜਾਵੇਗੀ। ਉਥੇ ਹੀ ਵਿਦਿਆਰਥਣਾਂ ਦੇ ਮਾਪਿਆਂ ਦਾ ਕਹਿਣਾ ਹੈ ਕਿ ਇਹ ਇਕ ਤਾਲਿਬਾਨੀ ਫਰਮਾਨ ਹੈ। ਇਹ ਕਿਹੋ ਜਿਹਾ ਅਨੁਸ਼ਾਸਨ ਹੈ ਕਿ ਕੁੜੀਆਂ ਦੀ ਕਮੀਜ ਉਤਰਵਾ ਦਿੱਤੀ ਗਈ। ਇਹ ਘਟਨਾ ਸਾਨੂੰ ਸ਼ਰਮਸਾਰ ਕਰਦੀ ਹੈ।

## ਪੰਜਾਬੀਓ ਹੋ ਜਾਓ ਸਾਵਧਾਨ, 26 ਜਨਵਰੀ ਤੋਂ ਘਰ-ਘਰ ਪਹੁੰਚਣਗੇ ਚਲਾਨ

ਜਲੰਧਰ 20 ਜਨਵਰ। ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਲਈ ਅਹਿਮ ਖਬਰ ਸਾਹਮਣੇ ਆਈ ਹੈ। ਹੁਣ ਚੰਡੀਗੜ੍ਹ ਦੀ ਤਰਜ 'ਤੇ ਪੰਜਾਬ 'ਚ ਵੀ ਆਨਲਾਈਨ ਚਾਲਾਨ ਕੱਟੇ ਜਾਣਗੇ। ਦਰਅਸਲ ਪੰਜਾਬ ਦੇ ਜਲੰਧਰ ਸਮੇਤ 4 ਜਿ਼ਲ੍ਹਿਆਂ 'ਚ 26 ਜਨਵਰੀ ਤੋਂ ਆਨਲਾਈਨ ਚਾਲਾਨ ਕੱਟਣੇ ਸ਼ੁਰੂ ਹੋ ਜਾਣਗੇ। ਜਲੰਧਰ ਤੋਂ ਇਲਾਵਾ ਮੋਹਾਲੀ, ਅੰਮ੍ਰਿਤਸਰ ਅਤੇ ਲੁਧਿਆਣਾ ਵਿਚ 26 ਜਨਵਰੀ ਤੋਂ ਚਲਾਨ ਕੱਟੇ ਜਾਣਗੇ। ਸੂਤਰਾਂ ਦੇ ਮੁਤਾਬਕ ਟ੍ਰੈਫਿਕ ਸਿਗਨਲਾਂ 'ਤੇ ਲਾਏ ਗਏ ਸੀ. ਸੀ. ਟੀ. ਵੀ. ਕੈਮਰਿਆਂ ਦਾ ਟ੍ਰਾਇਲ ਪੂਰਾ ਹੋ ਗਿਆ ਹੈ। ਇਸ ਕਰਕੇ ਹੁਣ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਹਾਲਤ 'ਚ ਬਚ ਨਹੀਂ ਸਕਣਗੇ ਕਿਉਂਕਿ ਟ੍ਰੈਫਿਕ ਪੁਲਸ ਦੇ ਨਾਲ-ਨਾਲ ਹੁਣ ਕੈਮਰਿਆਂ ਦੀ ਨਿਗਰਾਨੀ ਹੇਠ ਰਹਿਣਗੇ। ਉਕਤ 4 ਜਿ਼ਲ੍ਹਿਆਂ 'ਚ ਕੈਮਰਿਆਂ ਲਈ ਕੰਟਰੋਲ ਰੂਮ ਵੀ ਬਣਾਏ ਗਏ ਹਨ, ਜਿਨ੍ਹਾਂ ਦੀ ਪੁਲਸ ਮੁਲਾਜਮ 24 ਘੰਟੇ ਨਿਗਰਾਨੀ ਕਰਨਗੇ। ਜਿਹੜੇ ਲੋਕਾਂ ਵੱਲੋਂ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕੀਤੀ ਜਾਵੇਗੀ,

# ਬਿਹਾਰ ਤੋਂ ਅਫੀਮ ਸਪਲਾਈ ਕਰਨ ਆਇਆ ਸਮੱਗਲਰ ਰੇਲਵੇ ਸਟੇਸ਼ਨ ਤੋਂ ਕਾਬੂ

ਲੁਧਿਆਣਾ 20 ਜਨਵਰ। ਬਿਹਾਰ ਤੋਂ ਲੁਧਿਆਣਾ 'ਚ ਅਫੀਮ ਦੀ ਸਪਲਾਈ ਕਰਨ ਆਏ ਨਸ਼ਾ ਸਮੱਗਲਰ ਨੂੰ ਥਾਣਾ ਜੀ. ਆਰ. ਪੀ. ਦੀ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਮੁਲਜ਼ਮ ਕੋਲੋਂ 1 ਕਿੱਲੋ 200 ਗ੍ਰਾਮ ਅਫੀਮ ਬਰਾਮਦ ਕੀਤੀ ਹੈ। ਪੁਲਸ ਨੇ ਮੁਲਜ਼ਮ ਖਿਲਾਫ ਨਸ਼ਾ ਸਮੱਗਲਿੰਗ ਕਰਨ ਦੇ ਦੋਸ਼ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਬਿਹਾਰ ਦੇ ਜ਼ਿਲ੍ਹਾ ਬੇਤੀਆ ਵਾਸੀ ਮੁਰਾਰੀ ਸ਼ਾਹ ਵਜੋਂ ਕੀਤੀ ਗਈ ਹੈ। ਪੁਲਸ ਨੇ ਮੁਲਜ਼ਮ ਨੂੰ ਕੋਰਟ 'ਚ ਪੇਸ਼ ਕਰ ਕੇ ਰਿਮਾਂਡ 'ਤੇ ਲਿਆ ਹੈ। ਜਾਣਕਾਰੀ ਦਿੰਦਿਆਂ ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਰੇਲਵੇ ਸਟੇਸ਼ਨ ਦੇ ਪਲੇਟਫਾਰਮ 'ਤੇ ਗਸ਼ਤ ਦੌਰਾਨ ਚੈਕਿੰਗ ਕਰ ਰਹੀ ਸੀ ਤਾਂ ਪਲੇਟਫਾਰਮ ਨੰ. 1 ਦੇ ਢੰਡਾਰੀ ਐਂਡ 'ਤੇ ਉਕਤ ਮੁਲਜ਼ਮ ਸ਼ੱਕੀ ਹਾਲਤ 'ਚ ਖੜ੍ਹਾ ਸੀ। ਸ਼ੱਕ ਹੋਣ 'ਤੇ ਜਦੋਂ ਪੁਲਸ ਪਾਰਟੀ ਉਸ ਦੇ ਕਰੀਬ ਗਈ ਤਾਂ ਉਸ ਨੇ ਉਥੋਂ



ਖਿਸਕਣ ਦਾ ਯਤਨ ਕੀਤਾ। ਨੌਜਵਾਨ ਨੂੰ ਰੋਕ ਕੇ ਉਸ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ ਅਫੀਮ ਬਰਾਮਦ ਕੀਤੀ ਗਈ। ਪੁਲਸ ਮਾਮਲੇ ਨੂੰ ਲੈ ਕੇ ਜਾਂਚ ਕਰ ਰਹੀ ਹੈ। ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਮੁਲਜ਼ਮ ਨੇ ਸ਼ੁਰੂਆਤੀ ਜਾਂਚ ਦੌਰਾਨ ਦੱਸਿਆ ਕਿ ਉਸ ਨੇ ਰੇਲਵੇ ਸਟੇਸ਼ਨ ਨੇੜੇ ਹੀ ਕਿਸੇ ਵਿਅਕਤੀ ਨੂੰ ਅਫੀਮ ਸਪਲਾਈ ਕਰਨੀ ਸੀ, ਜਿਸ ਬਦਲੇ ਉਸ ਨੂੰ 10,000 ਰੁਪਏ ਮਿਲਣੇ ਸੀ। ਮੁਲਜ਼ਮ ਕੋਲੋਂ ਉਸ ਦੇ ਸੰਪਰਕਾਂ ਬਾਰੇ ਪਤਾ ਲਗਾਇਆ ਜਾ ਰਿਹਾ ਹੈ ਤਾਂ ਕਿ ਮੁੱਖ ਨਸ਼ਾ ਸਮੱਗਲਰ ਨੂੰ ਫੜਿਆ ਜਾ ਸਕੇ।

## ਨਨਾਣ-ਭਰਜਾਈ ਦੀ ਕੁੱਟਮਾਰ ਕਰਨ 'ਤੇ 4 ਖਿਲਾਫ ਮਾਮਲਾ ਦਰਜ

ਫਿਰੋਜ਼ਪੁਰ 20 ਜਨਵਰ। ਇਕ ਘਰ ਅੰਦਰ ਵੜ ਕੇ ਨਨਾਣ-ਭਰਜਾਈ ਦੀ ਕੁੱਟਮਾਰ ਕਰਨ ਵਾਲੇ 4 ਮੁਲਜਮ ਦੇ ਖਿ਼ਲਾਫ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਘਟਨਾ ਥਾਣਾ ਸਦਰ ਦੇ ਅਧੀਨ ਪੈਂਦੇ ਪਿੰਡ ਰਾਮੇਵਾਲਾ ਦੀ ਹੈ। ਪੁਲਸ ਨੂੰ ਦਿੱਤੇ ਬਿਆਨਾਂ 'ਚ ਪੀੜਤਾ ਸਾਕਸ਼ੀ ਨੇ ਦੱਸਿਆ ਕਿ ਸੋਮਵਾਰ ਉਹ ਅਤੇ ਉਸਦੀ ਨਨਾਣ ਪ੍ਰਵੀਨ ਘਰ ਵਿਚ ਮੌਜੂਦ ਸਨ ਤਾਂ ਰਕੇਸ਼, ਸੁਖਦੇਵ ਸਿੰਘ, ਰਾਜਾ ਅਤੇ ਗੁਰਪ੍ਰੀਤ ਸਿੰਘ ਵਾਸੀ ਪਿੰਡ ਰਾਮੇਵਾਲਾ




ਉਨ੍ਹਾਂ ਦੇ ਘਰ ਅੰਦਰ ਵੜ ਆਏ ਅਤੇ ਉਸਦੇ ਸਹੁਰੇ ਬਾਰੇ ਪੁੱਛਿਆ। ਜਦ ਉਸ ਨੇ ਦੱਸਿਆ ਕਿ ਘਰ ਦੇ ਸਾਰੇ ਮਰਦ ਕੰਮਕਾਰ 'ਤੇ ਗਏ ਹੋਏ ਹਨ ਤਾਂ ਚਾਰਾਂ ਨੇ ਲਲਕਾਰੇ ਮਾਰਨੇ ਸ਼ੁਰੂ ਕਰ ਦਿੱਤੇ ਕਿ ਬਾਰਸ਼ ਦਾ ਪਾਣੀ ਸਾਡੇ ਘਰ ਵੱਲ ਕੱਢਣ ਦਾ ਮਜ਼ਾ ਅੱਜ ਇਨ੍ਹਾਂ ਨੂੰ ਚਖਾ ਦਿਓ। ਇਸ ਤੋਂ ਬਾਅਦ ਚਾਰਾਂ ਨੇ ਮਿਲ ਕੇ ਉਨ੍ਹਾਂ ਦੋਹਾਂ ਦੀ ਕੁੱਟਮਾਰ ਕੀਤੀ। ਉਹ ਆਪਣੀ ਜਾਨ ਬਚਾਉਣ ਲਈ ਘਰ ਦੇ ਕਮਰੇ ਵੱਲ ਜਾ ਰਹੀ ਸੀ ਤਾਂ ਮੁਲਜਮਾਂ ਨੇ ਉਸ ਨੂੰ ਫੜ ਲਿਆ ਅਤੇ ਉਸਦੇ ਕੱਪੜੇ ਫਾੜ ਦਿੱਤੇ। ਹੈੱਡ ਕਾਂਸਟੇਬਲ ਰਮੇਸ਼ ਕੁਮਾਰ ਦੇ ਅਨੁਸਾਰ ਬਿਆਨਾਂ ਦੇ ਆਧਾਰ 'ਤੇ ਚਾਰਾਂ ਦੇ ਖਿ਼ਲਾਫ ਮਾਮਲਾ ਦਰਜ ਕਰਨ ਉਪਰੰਤ ਜਾਂਚ ਕੀਤੀ ਜਾ ਰਹੀ ਹੈ।

# ਸਾਂਢੂ ਦੀ ਪਤਨੀ ਨੂੰ ਲੈ ਕੇ ਪੁਲਸ ਮੁਲਾਜਮ ਫਰਾਰ, ਨਾਮੋਸ਼ੀ 'ਚ ਪਤੀ ਨੇ ਚੁੱਕਿਆ ਖੌਫਨਾਕ ਕਦਮ

ਦੀਨਾਨਗਰ 20 ਜਨਵਰ। ਸਰਹੱਦ ਦੀ ਜਿ਼ਲਾ ਗੁਰਦਾਸਪੁਰ ਦੇ ਇੱਕ ਪਿੰਡ ਦੇ ਰਹਿਣ ਵਾਲੇ ਇਕ ਪੁਲਸ ਮੁਲਾਜਮ ਵਿਅਕਤੀ ਆਪਣੀ ਵਿਆਹੁਤਾ ਸਕੀ ਸਾਲੀ ਨੂੰ ਵਰਗਲਾ ਕੇ ਲੈ ਗਿਆ । ਜਦ ਇਸ ਸਬੰਧੀ ਉਸ ਦੇ ਸਾਂਢੂ ਨੂੰ ਪਤਾ ਲੱਗਾ ਉਸ ਨੇ ਨਾਮੋਸੀ ਵਿੱਚ ਆ ਕੇ ਜਹਿਰੀਲੀ ਦਵਾਈ ਸਲਫਾਸ ਨਿਗਲ ਕੇ ਆਤਮ ਹੱਤਿਆ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਉਧਰ ਆਤਮ ਹੱਤਿਆ ਕਰਨ ਤੋਂ ਪਹਿਲਾਂ ਵੀਡੀਓ ਬਣਾ ਕੇ ਆਪਣੀ ਮੌਤ ਦਾ ਵਜਾਂ ਵੀ ਜਗ ਜਾਹਿਰ ਕਰ ਦਿੱਤੀ। ਵੀਡੀਓ ਵਿੱਚ ਉਸ ਨੇ ਆਪਣੀ ਮੌਤ ਦਾ ਕਾਰਨ ਆਪਣੇ ਪੁਲਸ ਮੁਲਾਜਮ ਸਾਂਢੂ, ਆਪਣੀ ਪਤਨੀ ਅਤੇ ਉਸ ਦੀ ਸਿ਼ਕਾਇਤ 'ਤੇ ਕਾਰਵਾਈ ਨਾ ਕਰਨ ਵਾਲੇ ਪੁਲਸ ਅਧਿਕਾਰੀਆਂ ਨੂੰ ਦੱਸਿਆ ਗਿਆ ਹੈ। ਉਸ ਦੀ ਪਤਨੀ ਦੇ ਭਰਾ, ਤਾਇਆ ਅਤੇ ਮ੍ਰਿਤਕ ਦੇ ਭਰਾ ਨੇ ਮ੍ਰਿਤਕ ਦੀ ਪਤਨੀ ਅਤੇ ਪੁਲਸ ਮੁਲਾਜਮ ਸਾਂਢੂ ਉੱਪਰ ਕਾਰਵਾਈ ਕਰਕੇ ਇਨਸਾਫ ਦੀ ਗੁਹਾਰ ਲਗਾਈ ਹੈ। ਇਸ ਸਬੰਧੀ ਮ੍ਰਿਤਕ ਸੁਰਿੰਦਰ ਸਿੰਘ ਪੁੱਤਰ ਸਿ਼ੰਗਾਰਾ ਸਿੰਘ ਨਿਵਾਸੀ ਬੱਸੀ ਭਲਾਰਪੁਰ ਥਾਣਾ ਸਦਰ ਪਠਾਨਕੋਟ ਦੇ ਭਰਾ ਲਖਵਿੰਦਰ ਸਿੰਘ, ਲੜਕੀ ਦੇ ਭਰਾ ਹਰਪ੍ਰੀਤ ਸਿੰਘ ,ਤਾਇਆ ਨੱਥਾ ਸਿੰਘ ਨੇ ਦੱਸਿਆ ਕਿ ਸਾਡੀ ਵੱਡੀ ਬੇਟੀ ਦੀ ਤਿੰਨ ਚਾਰ ਮਹੀਨੇ ਪਹਿਲਾਂ ਮੌਤ ਹੋ ਗਈ ਸੀ ਤਾਂ ਹੁਣ ਸਾਡਾ ਵੱਡਾ ਜਵਾਈ ਸਾਡੀ ਛੋਟੀ ਲੜਕੀ ਨੂੰ ਵਰਗਲਾ ਕੇ ਕੁਝ ਦਿਨ ਪਹਿਲਾਂ ਲੈ ਗਿਆ ਹੈ। ਜਿਨ੍ਹਾਂ ਦੀ ਕਈ ਦਿਨ ਤੋਂ ਮ੍ਰਿਤਕ ਸੁਰਿੰਦਰ ਸਿੰਘ ਅਤੇ ਉਨ੍ਹਾਂ ਵੱਲੋਂ ਤਲਾਸ ਕੀਤੀ ਜਾ ਰਹੀ। ਉਨ੍ਹਾਂ ਦੱਸਿਆ ਕਿ ਮ੍ਰਿਤਕ ਸੁਰਿੰਦਰ ਸਿੰਘ ਨੇ ਮਰਨ ਤੋਂ ਪਹਿਲਾਂ ਆਪਣੇ ਬਿਆਨ ਦਿੱਤੇ ਹਨ ਕਿ ਉਸ ਦੀ ਪਤਨੀ ਨੇ ਕਿਹਾ ਸੀ ਕਿ ਉਸ ਨੇ ਆਪਣੇ ਪੇਕੇ ਜਾਣਾ ਹੈ ਤਾਂ ਉਸ ਨੂੰ ਉਹ ਬਰਿਆਰ ਅੱਡੇ ਛੱਡ ਕੇ ਆਇਆ ਸੀ। ਅੱਗੇ ਉਹ ਆਟ



'ਤੇ ਚਲੀ ਗਈ, ਪਰ ਉਹ ਪੇਕੇ ਨਹੀਂ ਪਹੁੰਚੀ। ਉਨ੍ਹਾਂ ਨੇ ਦੱਸਿਆ ਕਿ ਉਸ ਤੋਂ ਬਾਅਦ ਅਸੀਂ ਉਸ ਦੀ ਭਾਲ ਸੁਰੂ ਕੀਤੀ ਅਤੇ ਜਦੋਂ ਮ੍ਰਿਤਕ ਸੁਰਿੰਦਰ ਦੇ ਸਾਂਢੂ ਤੋਂ ਸੁਰਿੰਦਰ ਸਿੰਘ ਦੀ ਪਤਨੀ ਬਾਰੇ ਇਹ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ ਉਲਟਾ ਆਪਣੇ ਪੁਲਸੀਏ ਹੋਣ ਦਾ ਫਾਇਦਾ ਚੁੱਕ ਕੇ ਉਨ੍ਹਾਂ ਖਿਲਾਫ ਹੀ ਪੁਲਸ ਵਿੱਚ ਸਿ਼ਕਾਇਤ ਕਰ ਦਿੱਤੀ, ਜਿਸ ਤੋਂ ਦੁਖੀ ਹੋ ਕੇ ਸੁਰਿੰਦਰ ਸਿੰਘ ਨੇ ਇਹ ਕਦਮ ਚੁੱਕਿਆ ਹੈ। ਇਸ ਸਬੰਧੀ ਜਦ ਥਾਣਾ ਦੀਨਾਨਗਰ ਮੁਖੀ ਅਜਵਿੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮ੍ਰਿਤਕ ਸੁਰਿੰਦਰ ਸਿੰਘ ਦੀ ਪਤਨੀ ਰਾਜਵੀਰ ਕੌਰ ਲੋਹੜੀ ਵਾਲੇ ਦਿਨ ਬਿਨਾਂ ਦੱਸੇ ਘਰੋਂ ਚਲੀ ਗਈ ਸੀ ਜਿਸ ਨੂੰ ਪਰਿਵਾਰ ਦੋ ਚਾਰ ਦਿਨ ਲੱਭਦਾ ਰਿਹਾ। ਇਸ ਘਟਨਾ ਤੋਂ ਬਾਅਦ ਪਤੀ ਨੇ ਕੋਈ ਜਹਿਰੀਲੀ ਵਸਤੂ ਨਿਗਲੀ ਹੈ ਅਤੇ ਪ੍ਰਾਈਵੇਟ ਹਸਪਤਾਲ 'ਚ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਥਾਣਾ ਮੁਖੀ ਨੇ ਦੱਸਿਆ ਕਿ ਮ੍ਰਿਤਕ ਦੀ ਪਤਨੀ ਰਾਜਵੀਰ ਕੌਰ ਉਸ ਦੇ ਸਾਂਢੂ ਤਰਨਜੀਤ ਸਿੰਘ ਵਾਸੀ ਚੱਕ ਅਰਾਇਆ ਥਾਣਾ ਸਦਰ ਗੁਰਦਾਸਪੁਰ ਖਿਲਾਫ ਵੱਖ-ਵੱਖ ਧਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ। ਉਧਰ ਜਦ ਥਾਣਾ ਮੁਖੀ ਦੀਨਾਨਗਰ ਅਜਵਿੰਦਰ ਸਿੰਘ ਅਤੇ ਚੌਕੀ ਇੰਚਾਰਜ ਬਰਿਆਰ ਜਸਵਿੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਵੱਲੋਂ ਲੱਗੇ ਸਾਰੇ ਦੋਸਾਂ ਨੂੰ ਝੂਠਾ ਕਰਾਰ ਦੇ ਹੋਇਆ ਦੱਸਿਆ ਕਿ ਪੁਲਸ ਕਾਨੂੰਨ ਮੁਤਾਬਕ ਸਮੇਂ ਸਮੇਂ ਨਾਲ ਆਪਣੀ ਕਾਰਵਾਈ ਕਰ ਰਹੀ ਸੀ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਮੌਸਮ ਵਿਭਾਗ ਵੱਲੋਂ ਪੰਜਾਬ ਲਈ ਅਲਰਟ ਜਾਰੀ

ਜਲੰਧਰ 20 ਜਨਵਰ। ਬੁੱਧਵਾਰ ਨੂੰ ਪੰਜਾਬ ਦਾ ਘੱਟੋ-ਘੱਟ ਤਾਪਮਾਨ 2 ਡਿਗਰੀ ਦੇ ਲੱਗਭਗ ਦਰਜ ਕੀਤਾ ਗਿਆ, ਜੋ ਕਾਂਬਾ ਛੇੜ ਦੇਣ ਵਾਲੀ ਠੰਡ ਵੱਲ ਇਸ਼ਾਰਾ ਕਰ ਰਿਹਾ ਹੈ। ਮੌਸਮ ਵਿਭਾਗ ਮੁਤਾਬਕ ਪੰਜਾਬ 'ਚ ਮੋਗਾ (ਬੁੱਧ ਸਿੰਘ ਵਾਲਾ) 'ਚ ਘੱਟੋ-ਘੱਟ ਤਾਪਮਾਨ 2.2 ਡਿਗਰੀ ਰਿਹਾ, ਜਦੋਂਕਿ ਫਾਜ?ਿਲਕਾ 'ਚ 3.3 ਡਿਗਰੀ, ਫਿਰੋਜ਼ਪੁਰ 'ਚ 3.9 ਤੇ ਅੰਮ੍ਰਿਤਸਰ 'ਚ 2.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਦੁਪਹਿਰ ਵੇਲੇ ਧੁੱਪ ਨਿਕਲਣ ਨਾਲ ਭਾਵੇਂ ਰਾਹਤ ਮਿਲ ਰਹੀ ਹੈ ਪਰ ਸਵੇਰੇ ਤੜਕਸਾਰ ਤੇ ਸ਼ਾਮ ਵੇਲੇ ਸਰਦ ਹਵਾਵਾਂ ਨਾਲ ਸਾਰਿਆਂ ਦਾ ਹਾਲ ਬੇਹਾਲ ਹੈ। ਇਸੇ ਵਿਚਾਲੇ ਮੌਸਮ ਵਿਭਾਗ ਨੇ ਪੰਜਾਬ 'ਚ ਸੰਘਣੀ ਧੁੰਦ ਨੂੰ ਲੈ ਕੇ ਆਰੈਂਜ ਅਲਰਟ ਜਾਰੀ ਕੀਤਾ ਹੈ। ਮੌਸਮ ਵਿਗਿਆਨ ਵਿਭਾਗ ਦੇ ਚੰਡੀਗੜ੍ਹ ਕੇਂਦਰ ਵੱਲੋਂ 16 ਤੇ 20 ਜਨਵਰ ਨੂੰ ਆਰੈਂਜ ਅਲਰਟ ਦੱਸਿਆ ਮਿਲ ਰਹੀ ਹੈ ਪਰ ਸਵੇਰੇ ਤੜਕਸਾਰ ਤੇ ਸ਼ਾਮ ਵੇਲੇ ਸਰਦ ਹਵਾਵਾਂ ਨਾਲ ਸਾਰਿਆਂ ਦਾ ਹਾਲ ਬੇਹਾਲ ਹੈ। ਇਸੇ ਵਿਚਾਲੇ ਮੌਸਮ ਵਿਭਾਗ ਨੇ ਪੰਜਾਬ 'ਚ ਸੰਘਣੀ ਧੁੰਦਗਿਆ ਹੈ, ਜਦੋਂਕਿ ਇਸ ਤੋਂ ਬਾਅਦ ਯੈਲੋ ਅਲਰਟ ਰਹੇਗਾ। ਧੁੱਪ ਨਿਕਲਣ ਨਾਲ ਪੰਜਾਬ ਦੇ ਵੱਧ ਤੋਂ ਵੱਧ ਤਾਪਮਾਨ 'ਚ ਵਾਧਾ ਦਰਜ ਕੀਤਾ ਗਿਆ ਹੈ, ਜਿਸ ਕਾਰਨ ਬੁੱਧਵਾਰ ਨੂੰ ਫਰੀਦਕੋਟ ਦਾ ਵੱਧ ਤੋਂ ਵੱਧ ਤਾਪਮਾਨ 23.8 ਡਿਗਰੀ ਰਿਕਾਰਡ ਕੀਤਾ ਗਿਆ, ਜੋ 0.7 ਡਿਗਰੀ ਦਾ ਵਾਧਾ ਦੱਸ ਰਿਹਾ ਹੈ।

# ਪੈਟਰੋਲ ਪੰਪਾਂ ਅਤੇ ਸ਼ੈਲਰ 'ਤੇ ਲੁੱਟ-ਖੋਹ ਕਰਨ ਵਾਲੇ 3 ਲੁਟੇਰੇ ਹਥਿਆਰਾਂ ਸਮੇਤ ਕਾਬੂ

ਮੋਗਾ 20 ਜਨਵਰ। ਜ਼ਿਲ੍ਹਾ ਪੁਲਸ ਮੁਖੀ ਅਜੇ ਗਾਂਧੀ ਨੇ ਦੱਸਿਆ ਕਿ ਬਾਘਾ ਪੁਰਾਣਾ ਇਲਾਕੇ ਵਿਚ ਵੱਖ-ਵੱਖ ਪੈਟਰੋਲ ਪੰਪਾਂ, ਸ਼ੈਲਰ, ਰਾਈਸ ਮਿੱਲਾਂ ਦੇ ਮੁਲਾਜ਼ਮਾਂ ਨੂੰ ਕੁੱਟ-ਮਾਰ ਕਰਨ ਤੋਂ ਇਲਾਵਾ ਉਥੇ ਭੰਨ-ਤੋੜ ਕਰਕੇ ਨਕਦੀ ਅਤੇ ਹੋਰ ਸਾਮਾਨ ਲੁੱਟ ਕੇ ਲਿਜਾਣ ਵਾਲੇ ਗਿਰੋਹ ਦੇ 3 ਮੁਲਜ਼ਮਾਂ ਨੂੰ ਹਥਿਆਰਾਂ ਅਤੇ ਮੋਟਰਸਾਈਕਲਾਂ ਸਮੇਤ ਕਾਬੂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਬੀਤੀ 3-4 ਜਨਵਰੀ ਦੀ ਰਾਤ ਨੂੰ ਮੋਟਰਸਾਈਕਲ ਸਵਾਰ ਲੁਟੇਰਾ ਗਿਰੋਹ ਵੱਲੋਂ ਬਾਘਾ ਪੁਰਾਣਾ ਦੇ ਹਰਗੋਬਿੰਦ ਫਿਲਿੰਗ ਸਟੇਸ਼ਨ ਆਲਮਵਾਲਾ, ਆਇਸਰ ਫਿਲਿੰਗ ਸਟੇਸ਼ਨ ਆਲਮਵਾਲਾ, ਬਿੰਦਾਸ ਫੂਡ ਪ੍ਰਾਈਵੇਟ ਲਿਮਟਿਡ ਸ਼ੈਲਰ, ਸਿੱਧੂ ਬਰਾੜ ਫਿਲਿੰਗ ਸਟੇਸ਼ਨ ਨੱਥੂਵਾਲਾ, ਇੰਡੀਅਨ ਆਇਲ ਮਾਹਲਾ ਕਲਾਂ, ਮੁੱਦਕੀ ਪੰਪ 'ਤੇ ਰਾਤ ਸਮੇਂ ਜਾ ਕੇ ਉਥੇ ਮੌਜੂਦ ਮੁਲਾਜ਼ਮਾਂ ਨੂੰ ਬੰਧਕ ਬਣਾਉਣ ਦੇ ਇਲਾਵਾ ਬੁਰੀ ਤਰ੍ਹਾਂ ਭੰਨਤੋੜ ਕਰਨ ਦੇ ਮਾਮਲੇ ਵਿਚ ਤਿੰਨ ਮੁਲਜਮਾਂ ਨੂੰ ਕਾਬੂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਉਕਤ ਲੁਟੇਰਿਆਂ ਵੱਲੋਂ ਇਨ੍ਹਾਂ ਪੰਪਾਂ ਅਤੇ ਸ਼ੈਲਰਾਂ ਵਿਚ ਨਕਦੀ ਅਤੇ ਐੱਲ. ਸੀ. ਡੀ., ਐੱਲ. ਈ. ਡੀ. ਚੋਰੀ ਕੀਤੀ ਗਈ ਸੀ। ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਡੀ. ਐੱਸ. ਪੀ. ਜੋਰਾ ਸਿੰਘ, ਇੰਸਪੈਕਟਰ ਜਸਵਰਿੰਦਰ ਸਿੰਘ ਥਾਣਾ ਬਾਘਾ ਪੁਰਾਣਾ ਦੀ ਅਗਵਾਈ ਹੇਠ ਵੱਖ-ਵੱਖ ਟੀਮਾਂ ਗਠਿਤ ਕੀਤੀਆਂ ਗਈਆਂ ਤਾਂ ਕਿ ਲੁਟੇਰਿਆਂ ਨੂੰ ਕਾਬੂ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਨ੍ਹਾਂ ਘਟਨਾਵਾਂ ਦੀ ਜਾਂਚ ਦੌਰਾਨ ਪੀ. ਸੀ. ਆਰ. ਮੁਲਾਜ਼ਮਾਂ ਵੱਲੋਂ ਕਥਿਤ ਮੁਲਜਮਾਂ ਦਾ ਪਿੱਛਾ ਵੀ ਕੀਤਾ ਗਿਆ ਸੀ, ਪਰੰਤੂ ਉਹ ਭੱਜਣ ਵਿਚ ਸਫਲ ਹੋ ਗਏ ਸੀ ਅਤੇ ਆਪਣਾ



ਮੋਟਰਸਾਈਕਲ ਉਥੇ ਸੁੱਟ ਗਏ ਸਨ, ਜਿਸ 'ਤੇ ਪੁਲਸ ਵੱਲੋਂ ਜਾਂਚ ਦੌਰਾਨ ਜਦੋਂ ਮੋਟਰਸਾਈਕਲ ਦਾ ਪਤਾ ਲੱਗਾ ਤਾਂ ਉਸ ਨੂੰ ਵੀ ਇਸ ਮਾਮਲੇ ਵਿਚ ਨਾਮਜ਼ਦ ਕੀਤਾ ਗਿਆ। ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਜਾਂਚ ਦੌਰਾਨ ਅਤੇ ਕੈਮਰਿਆਂ ਦੀ ਫੁਟੈਜ਼ ਦੇ ਇਲਾਵਾ ਟੈਕਨੀਕਲ ਹਿਊਮਨ ਇੰਟੈਲੀਜੈਂਸ ਦੇ ਆਧਾਰ 'ਤੇ ਉਕਤ ਮਾਮਲੇ ਵਿਚ ਹਰਮੇਸ਼ ਉਰਫ ਰਮੇਸ਼ ਉਰਫ ਗੱਬਰ, ਦੀਪਕ ਉਰਫ ਬੁੱਗੀ, ਸਾਗਰ ਸਾਰੇ ਨਿਵਾਸੀ ਆਵਾ ਬਸਤੀ ਫਿਰੋਜ਼ਪੁਰ ਨਾਮਜ਼ਦ ਕਰ ਕੇ ਕਾਬੂ ਕੀਤੇ ਗਏ, ਜਦਕਿ ਉਕਤ ਮਾਮਲੇ ਵਿਚ ਚਾਰ ਕਥਿਤ ਮੁਲਜ਼ਮਾਂ ਦੀ ਗ੍ਰਿਫਤਾਰੀ ਬਾਕੀ ਹੈ। ਉਨ੍ਹਾਂ ਦੱਸਿਆ ਕਿ ਕਥਿਤ ਮੁਲਜ਼ਮਾਂ ਕੋਲੋਂ ਤਿੰਨ ਐੱਲ. ਈ. ਡੀ., ਦੋ ਮੋਟਰ ਸਾਈਕਲ ਜੋ ਵਾਰਦਾਤ ਸਮੇਂ ਵਰਤੇ ਸਨ ਅਤੇ ਇਕ ਸੇਫ਼ ਬਰਾਮਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕਾਬੂ ਕਥਿਤ ਮੁਲਜਮ ਸਾਗਰ ਖ਼ਿਲਾਫ਼ ਵੱਖ-ਵੱਖ ਧਰਾਵਾਂ ਤਹਿਤ 14 ਮਾਮਲੇ ਦਰਜ ਹਨ, ਜਦਕਿ ਹਰਮੇਸ਼ ਉਰਫ਼ ਰਮੇਸ਼ ਦੇ ਖ਼ਿਲਾਫ਼ 5 ਮਾਮਲੇ ਅਤੇ ਦੀਪਕ ਉਰਫ ਬੁੱਗੀ ਦੇ ਖ਼ਿਲਾਫ਼ 4 ਮਾਮਲੇ ਵੱਖ-ਵੱਖ ਥਾਣਿਆਂ ਵਿਚ ਦਰਜ ਹਨ। ਉਨ੍ਹਾਂ ਕਿਹਾ ਕਿ ਕਥਿਤ ਲੁਟੇਰਿਆਂ ਵੱਲੋਂ ਹਰਗੋਬਿੰਦ ਫਿਲਿੰਗ ਸਟੇਸ਼ਨ ਤੋਂ ਭੰਨਤੋੜ ਕਰ ਕੇ 32 ਹਜ਼ਾਰ ਰੁਪਏ ਨਕਦ ਅਤੇ 3 ਮੋਬਾਈਲ ਫੋਨ ਖੋਹੇ ਸਨ, ਜਦਕਿ ਆਇਸਰ ਫਿਲਿੰਗ ਸਟੇਸ਼ਨ 32 ਹਜ਼ਾਰ ਰੁਪਏ ਨਕਦ ਅਤੇ ਇਕ ਐੱਲ. ਈ. ਡੀ. ਚੋਰੀ ਕੀਤੀ ਸੀ, ਸਿੱਧੂ ਬਰਾੜ ਫਿਲਿੰਗ ਸਟੇਸ਼ਨ ਤੋਂ 15-20 ਹਜ਼ਾਰ ਰੁਪਏ ਨਕਦ ਦੇ ਇਲਾਵਾ ਇਕ ਐੱਲ. ਈ. ਡੀ. ਚੋਰੀ ਕੀਤੀ ਸੀ, ਮੁੱਦਕੀ ਪੰਪ ਤੋਂ ਪੈਸਿਆਂ ਦੀ ਖੋਹ ਕੀਤੀ ਸੀ ਅਤੇ ਇੰਡੀਅਨ ਆਇਲ ਮਾਹਲਾ ਕਲਾਂ ਦੀ ਭੰਨਤੋੜ ਕੀਤੀ ਸੀ।

## ਦਾਜ ਲਈ ਤੰਗ-ਪ੍ਰੇਸਾਨ ਕਰਨ ਦੇ ਦੋਸ 'ਚ ਕੇਸ ਦਰਜ

ਹੁਸਿਆਰਪੁਰ 20 ਜਨਵਰੀ। ਮਾਡਲ ਟਾਊਨ ਥਾਣਾ ਪੁਲਸ ਨੇ ਦਾਜ ਲਈ ਪਰੇਸਾਨੀ ਦੇ ਦੋਸ ਹੇਠ ਇਕ ਵਿਅਕਤੀ ਖ?ਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਲਿਖਤੀ ਸ?ਿਕਾਇਤ ਵਿੱਚ ਮਾਡਲ ਟਾਊਨ ਪੁਲਸ ਸਟੇਸਨ ਦੇ ਕੀਰਤੀ ਨਗਰ ਦੇ ਰਹਿਣ ਵਾਲੇ ਰਾਜਕੁਮਾਰ ਦੀ ਧੀ ਮੁਕੁਲ ਦੀ ਪਤਨੀ ਨਿਸਾ ਨੇ ਕਿਹਾ ਕਿ ਮਾਡਲ ਟਾਊਨ ਪੁਲਸ ਸਟੇਸਨ ਦੇ ਗੋਕੁਲ ਨਗਰ ਦੇ ਰਹਿਣ ਵਾਲੇ ਪ੍ਰਦੀਪ ਕੁਮਾਰ ਦਾ ਪੁੱਤਰ ਮੁਕੁਲ ਉਸ ਨੂੰ ਤੰਗ-ਪ੍ਰੇਸਾਨ ਕਰਦਾ ਸੀ। ਦਾਜ ਲਈ ਉਸ ਨੂੰ ਕੁੱਟਿਆ ਅਤੇ 50 ਲੱਖ ਰੁਪਏ ਦੀ ਮੰਗ ਕੀਤੀ। ਮਾਮਲੇ ਦੀ ਜਾਂਚ ਡੀ. ਐੱਸ. ਪੀ. ਕਰ ਰਹੇ ਹਨ। ਔਰਤਾਂ ਅਤੇ ਬੱਚਿਆਂ ਵਿਰੁੱਧ ਅਪਰਾਧ ਦੁਆਰਾ ਪਾਇਆ ਕਿ ਵਿਆਹ ਤੋਂ ਬਾਅਦ ਸ?ਿਕਾਇਤਕਰਤਾ ਨਿਸਾ ਦਾ ਪਤੀ ਮੁਕੁਲ ਉਸ ਨੂੰ ਦਾਜ ਲਈ ਤੰਗ ਕਰਦਾ ਸੀ ਅਤੇ ਉਸ ਨਾਲ ਲੜਦਾ ਰਹਿੰਦਾ ਸੀ। ਉਸ ਨੇ ਸ?ਿਕਾਇਤਕਰਤਾ ਨੂੰ ਕਿਸੇ ਕਿਸਮ ਦਾ ਖਰਚਾ ਨਹੀਂ ਦਿੱਤਾ ਅਤੇ ਨਾ ਹੀ ਉਹ ਅੱਜ ਤੱਕ ਉਸ ਦੇ ਪੁੱਤਰ ਨੂੰ ਮਿਲਣ ਗਿਆ। ਮੁਕੁਲ ਨੇ ਸ?ਿਕਾਇਤਕਰਤਾ ਦੇ ਗਹਿਣੇ ਅਤੇ ਸਾਮਾਨ ਵੀ ਆਪਣੇ ਕੋਲ ਰੱਖ ਲਿਆ ਹੈ। ਜ?ਿਲ੍ਹਾ ਪੁਲਸ ਮੁਖੀ ਦੇ ਹੁਕਮਾਂ 'ਤੇ ਪੁਲਸ ਨੇ ਮੁਕੁਲ ਖ?ਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸੁਰੂ ਕਰ ਦਿੱਤੀ ਹੈ।

# ਸਰਕਾਰੀ ਮੁਲਾਜਮਾਂ ਨੂੰ ਮੋਦੀ ਸਰਕਾਰ ਦਾ ਵੱਡਾ ਤੋਹਫਾ, ਵਧੇਗੀ ਤਨਖਾਹ

ਨਵੀਂ ਦਿੱਲੀ 20 ਜਨਵਰ। ਕੇਂਦਰੀ ਮੰਤਰੀ ਮੰਡਲ ਨੇ ਵੀਰਵਾਰ ਨੂੰ ਇੱਕ ਵੱਡੇ ਫੈਸਲੇ ਵਿੱਚ ਕੇਂਦਰ ਸਰਕਾਰ ਦੇ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਪੈਨਸਨਰਾਂ ਦੇ ਭੱਤਿਆਂ ਵਿੱਚ ਸੋਧ ਕਰਨ ਲਈ 8ਵੇਂ ਤਨਖਾਹ ਕਮਿਸਨ ਦੇ ਗਠਨ ਦਾ ਫੈਸਲਾ ਕੀਤਾ ਹੈ। ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸਵਨੀ ਵੈਸਨਵ ਨੇ ਕਿਹਾ ਕਿ 8ਵੇਂ ਤਨਖਾਹ ਕਮਿਸਨ ਦੇ ਗਠਨ ਦਾ ਫੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ ਵਿੱਚ ਲਿਆ ਗਿਆ। ਜ?ਿਕਰਯੋਗ ਹੈ ਕਿ 7ਵੇਂ ਤਨਖਾਹ ਕਮਿਸਨ ਦਾ ਗਠਨ 2016 'ਚ ਕੀਤਾ ਗਿਆ ਸੀ ਅਤੇ ਇਸ ਦਾ ਕਾਰਜਕਾਲ 2026 'ਚ ਖਤਮ ਹੋ ਰਿਹਾ ਹੈ। ਵੈਸਨਵ ਨੇ ਕਿਹਾ ਕਿ ਕਮਿਸਨ ਦੇ ਚੇਅਰਮੈਨ ਅਤੇ ਦੋ ਮੈਂਬਰਾਂ ਦੀ ਨਿਯੁਕਤੀ ਜਲਦੀ ਕਰ ਦਿੱਤੀ ਜਾਵੇਗੀ। ਕੇਂਦਰ ਸਰਕਾਰ ਦੇ ਇਸ ਫੈਸਲੇ ਤੋਂ ਬਾਅਦ ਦੇਸ ਭਰ ਦੇ ਲੱਖਾਂ ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ 'ਚ ਬੰਪਰ ਵਾਧਾ ਹੋ ਸਕਦਾ ਹੈ। ਫੈਸਲੇ ਦੀ ਜਾਣਕਾਰੀ ਦਿੰਦੇ ਹੋਏ ਕੇਂਦਰੀ ਮੰਤਰੀ ਅਸਵਨੀ ਵੈਸਨਵ ਨੇ ਕਿਹਾ ਕਿ ਸਰਕਾਰ ਨੇ ਕੇਂਦਰੀ ਕਰਮਚਾਰੀਆਂ ਦੀਆਂ ਤਨਖਾਹਾਂ ਨੂੰ ਸੋਧਣ ਲਈ 8ਵੇਂ ਤਨਖਾਹ ਕਮਿਸਨ ਨੂੰ ਮਨਜੂਰੀ ਦੇ ਦਿੱਤੀ ਹੈ। 7ਵਾਂ ਤਨਖਾਹ ਕਮਿਸਨ 2016 ਵਿੱਚ ਲਾਗੂ ਕੀਤਾ ਗਿਆ ਸੀ। 7ਵੇਂ ਤਨਖਾਹ ਕਮਿਸਨ ਦਾ ਕਾਰਜਕਾਲ 2026 ਤੱਕ ਹੋਵੇਗਾ। ਪਰ, ਉਸ ਤੋਂ ਬਾਅਦ 8ਵਾਂ ਤਨਖਾਹ ਕਮਿਸਨ ਬਣਾਇਆ ਜਾਵੇਗਾ। ਕੇਂਦਰ ਸਰਕਾਰ ਦੇ ਮੁਲਾਜਮਾਂ ਦੀ ਇਹ ਮੰਗ ਅਜਿਹੇ ਸਮੇਂ ਪੂਰੀ ਹੋਈ ਹੈ ਜਦੋਂ ਵਾਰ-ਵਾਰ 8ਵਾਂ ਤਨਖਾਹ ਕਮਿਸਨ ਨਾ ਆਉਣ ਦਾ ਖਦਸਾ ਪ੍ਰਗਟਾਇਆ ਜਾ ਰਿਹਾ ਸੀ। ਪਹਿਲਾਂ ਹੀ ਮੰਨਿਆ ਜਾ ਰਿਹਾ ਸੀ ਕਿ 7ਵੇਂ ਤਨਖਾਹ ਕਮਿਸਨ ਦੀ ਮਿਆਦ ਖਤਮ ਹੋਣ ਤੋਂ ਬਾਅਦ ਹੀ 8ਵੇਂ ਤਨਖਾਹ ਕਮਿਸਨ ਦੇ ਗਠਨ ਨੂੰ ਮਨਜੂਰੀ ਦਿੱਤੀ ਜਾਵੇਗੀ। ਨਵਾਂ ਤਨਖਾਹ ਕਮਿਸਨ ਬਣਾਇਆ ਜਾਵੇਗਾ ਅਤੇ ਤਨਖਾਹ ਦੀ ਸੋਧ ਵੀ ਕੀਤੀ ਜਾਵੇਗੀ। ਹਾਲਾਂਕਿ, ਇਸ ਨੂੰ ਕਦੋਂ ਲਾਗੂ ਕੀਤਾ ਜਾਵੇਗਾ ਇਸਦੀ ਕੋਈ ਸਮਾਂ ਸੀਮਾ ਨਹੀਂ ਹੈ। ਨਵੇਂ ਤਨਖਾਹ ਕਮਿਸਨ ਵਿੱਚ ਕੀ ਆਵੇਗਾ ਤੇ ਕੀ ਨਹੀਂ ਇਹ ਕਹਿਣਾ ਜਲਦਬਾਜੀ ਹੋਵੇਗੀ। ਕਿਉਂਕਿ ਇਸ ਦੀ ਸਾਰੀ ਜ?ਿਮੇਵਾਰੀ ਪੇ ਕਮਿਸਨ ਦੇ ਚੇਅਰਮੈਨ ਦੀ ਹੋਵੇਗੀ। ਸਾਲ 2026 ਵਿੱਚ ਨਵੇਂ ਤਨਖਾਹ ਕਮਿਸਨ ਦੇ ਚੇਅਰਮੈਨ ਦਾ ਐਲਾਨ ਵੀ ਹੋ ਸਕਦਾ ਹੈ। ਉਨ੍ਹਾਂ ਦੀ ਨਿਗਰਾਨੀ ਹੇਠ ਇਕ ਕਮੇਟੀ ਬਣਾਈ ਜਾਵੇਗੀ ਅਤੇ ਉਸ ਤੋਂ ਬਾਅਦ ਤਸਵੀਰ ਸਪੱਸਟ ਹੋ ਸਕੇਗੀ ਕਿ ਤਨਖਾਹ ਵਧਾਉਣ ਲਈ ਕਿਹੜਾ ਫਾਰਮੂਲਾ ਵਰਤਿਆ ਜਾਵੇ। 8ਵੇਂ ਤਨਖਾਹ ਕਮਿਸਨ ਦਾ ਗਠਨ ਸਾਲ 2026 ਤੋਂ ਪਹਿਲਾਂ ਹੋ ਜਾਵੇਗਾ। 7ਵੇਂ ਤਨਖਾਹ ਕਮਿਸਨ ਦਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ ਇਸ ਦੀਆਂ ਸਿਫਾਰਿਸਾਂ ਲਾਗੂ ਕੀਤੀਆਂ ਜਾਣਗੀਆਂ। ਤੁਹਾਨੂੰ ਦੱਸ ਦੇਈਏ ਕਿ ਹੁਣ ਤੱਕ ਸਰਕਾਰ 10 ਸਾਲਾਂ ਵਿੱਚ ਇੱਕ ਵਾਰ ਤਨਖਾਹ ਕਮਿਸਨ ਦਾ ਗਠਨ ਕਰਦੀ ਹੈ। 7ਵੇਂ ਤਨਖਾਹ ਕਮਿਸਨ ਦੇ ਮੁਕਾਬਲੇ 8ਵੇਂ ਤਨਖਾਹ ਕਮਿਸਨ ਵਿੱਚ ਮੁਲਾਜਮਾਂ ਦੀਆਂ ਤਨਖਾਹਾਂ 'ਚ ਸਭ ਤੋਂ ਵੱਡਾ ਉਛਾਲ ਆਉਣ ਦੀ ਉਮੀਦ ਹੈ।

## ਛੋਟੀ ਔਲਾਦ ਹੀ ਹੁੰਦੀ ਹੈ ਮਾਪਿਆਂ ਦੀ ਵਧੇਰੀ ਚਹੇਤੀ

ਨਵੀਂ ਦਿੱਲੀ 20 ਜਨਵਰ। ਭਾਵੇਂ ਮਾਪੇ ਆਪਣੀਆਂ ਧੀਆਂ ਤੇ ਆਗਿਆਕਾਰੀ ਬੱਚਿਆਂ ਦਾ ਪੱਖ ਪੂਰਦੇ ਹਨ ਪਰ ਆਮ ਤੌਰ 'ਤੇ ਛੋਟੀ ਔਲਾਦ ਹੀ ਮਾਪਿਆਂ ਦੀ ਵਧੇਰੀ ਚਹੇਤੀ ਹੁੰਦੀ ਹੈ। ਹਾਲਾਂਕਿ ਵੱਡੇ ਬੱਚਿਆਂ ਨੂੰ ਅਕਸਰ ਵਧੇਰੇ ਖੁਦਮੁਖਤਿਆਰੀ ਦਿੱਤੀ ਜਾਂਦੀ ਹੈ, ਕਿਉਂਕਿ ਉਮਰ ਦੇ ਨਾਲ ਮਾਪੇ ਉਨ੍ਹਾਂ 'ਤੇ ਘੱਟ ਕੰਟਰੋਲ ਵਾਲੇ ਹੋ ਜਾਂਦੇ ਹਨ। ਇਹ ਨਤੀਜੇ 30 ਅਧਿਐਨਾਂ ਤੇ 14 ਡਾਟਾ ਬੇਸਾਂ ਦੀ ਸਮੀਖਿਆ 'ਤੇ ਆਧਾਰਿਤ ਹਨ, ਜਿਨ੍ਹਾਂ 'ਚ ਲਗਭਗ 19,500 ਵਿਅਕਤੀਆਂ ਨੇ ਹਿੱਸਾ ਲਿਆ। ਸਮੀਖਿਆ ਦੇ ਮੁੱਖ ਲੇਖਕ ਤੇ ਅਮਰੀਕਾ 'ਚ ਬ੍ਰਿਘਮ ਯੰਗ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫੈਸਰ ਅਲੈਗਜੈਂਡਰ ਜੈਨਸਨ ਨੇ ਕਿਹਾ ਕਿ ਖੋਜਕਰਤਾ ਦਹਾਕਿਆਂ ਤੋਂ ਜਾਣਦੇ ਹਨ ਕਿ ਮਾਪਿਆਂ ਦਾ ਪੱਖਪਾਤ ਰਵੱਈਆ ਬੱਚਿਆਂ 'ਤੇ ਸਥਾਈ ਨਤੀਜਾ ਹੋ ਸਕਦਾ ਹੈ। ਇਹ ਸਮੀਖਿਆ 'ਈਕਾਲੋਜੀਕਲ ਬੁਲੇਟਿਨ' ਜਰਨਲ 'ਚ ਪ੍ਰਕਾਸ?ਿਤ ਹੋਈ ਹੈ। ਅਧਿਐਨ ਸਾਨੂੰ ਇਹ ਸਮਝਣ 'ਚ ਮਦਦ ਕਰਦਾ ਹੈ ਕਿ ਕਿਹੜੇ ਬੱਚਿਆਂ ਦੇ ਪੱਖਪਾਤ ਦਾ ਸ਼ਿਕਾਰ ਹੋਣ ਦੀ ਜ?ਿਆਦਾ ਸੰਭਾਵਨਾ ਹੁੰਦੀ ਹੈ, ਜੋ ਸਕਾਰਾਤਮਕ ਅਤੇ ਨਕਾਰਾਤਮਕ ਦੋਵੇਂ ਹੋ ਸਕਦਾ ਹੈ। ਖੋਜਕਰਤਾਵਾਂ ਅਨੁਸਾਰ ਮਾਪਿਆਂ ਦਾ ਪੱਖਪਾਤ, ਜਿਸ 'ਚ ਉਹ ਇਕ ਬੱਚੇ ਨੂੰ ਦੂਜੇ ਬੱਚੇ ਨਾਲੋਂ ਵੱਧ ਪਸੰਦ ਕਰਦੇ ਹਨ, ਕਈ ਤਰੀਕਿਆਂ ਨਾਲ ਪ੍ਰਗਟ ਹੋ ਸਕਦਾ ਹੈ, ਜਿਵੇਂ ਉਹ ਬੱਚਿਆਂ ਨਾਲ ਕਿਵੇਂ ਗੱਲਬਾਤ ਕਰਦੇ ਹਨ, ਉਹ ਉਨ੍ਹਾਂ 'ਤੇ ਕਿੰਨਾ ਪੈਸਾ ਖਰਚ ਕਰਦੇ ਹਨ ਜਾਂ ਬੱਚਿਆਂ 'ਤੇ ਉਨ੍ਹਾਂ ਦਾ ਕਿੰਨਾ ਕੰਟਰੋਲ ਹੈ?

# ਸਹੁਰੇ ਹੋਣ ਤਾਂ ਅਜਿਹੇ...ਜਵਾਈ ਦੇ ਘਰ ਆਉਣ 'ਤੇ ਬਣਵਾਏ 630 ਪਕਵਾਨ

ਨੈਸਨਲ ਡੈਸਕ 20 ਜਨਵਰ। ਆਂਧਰਾ ਪ੍ਰਦੇਸ ਦੇ ਕੋਨਸੀਮਾ ਜ?ਿਲ੍ਹੇ ਦੇ ਅੱਲਾਵਰਮ ਮੰਡਲ ਦੇ ਇੱਕ ਜੋੜੇ ਨੇ ਆਪਣੇ ਜਵਾਈ ਅਤੇ ਧੀ ਲਈ ਵਿਆਹ ਤੋਂ ਬਾਅਦ ਪਹਿਲੇ ਸੰਕ੍ਰਾਂਤੀ ਤਿਉਹਾਰ 'ਤੇ ਇੱਕ ਸਾਨਦਾਰ ਦਾਅਵਤ ਦਾ ਆਯੋਜਨ ਕੀਤਾ। ਜੰਗਾ ਬੁਜੀ ਅਤੇ ਉਨ੍ਹਾਂ ਦੀ ਪਤਨੀ ਵਾਸਵੀ ਨੇ ਇੱਕ ਸਾਲ ਤੱਕ ਇਸ ਪ੍ਰੋਗਰਾਮ ਦੀ ਯੋਜਨਾ ਬਣਾਈ ਅਤੇ ਕੁੱਲ 630 ਕਿਸਮਾਂ ਦੇ ਪਕਵਾਨ ਤਿਆਰ ਕੀਤੇ। ਇਨ੍ਹਾਂ ਵਿੱਚ ਰਵਾਇਤੀ ਸਨੈਕਸ, ਸਾਕਾਹਾਰੀ ਅਤੇ ਮਾਸਾਹਾਰੀ ਪਕਵਾਨ ਅਤੇ ਤਾਜੇ ਫਲਾਂ ਦੇ ਰਸ ਸਾਮਲ ਸਨ। ਇਹ ਸਭ ਉਹਨਾਂ ਨੇ ਆਪਣੇ ਜਰਮਨ ਵਿਚ ਕੰਮ ਕਰਨ ਵਾਲੇ ਜਵਾਈ ਹੇਮੰਤ ਦੇ ਸਵਾਗਤ ਲਈ ਕੀਤਾ ਸੀ। ਇਸ ਮੌਕੇ ਆਯੋਜਿਤ ਕੀਤੇ ਗਏ ਜਸਨ ਨੂੰ ਹੋਰ ਖਾਸ ਬਣਾਉਣ ਲਈ ਸਹੁਰੇ ਪਰਿਵਾਰ ਨੇ ਆਤਿਸਬਾਜੀ ਦਾ ਆਯੋਜਨ ਕੀਤਾ ਗਿਆ, ਜਿਸ ਨਾਲ ਤਿਉਹਾਰ ਦਾ ਮਾਹੌਲ ਹੋਰ ਵੀ ਸਾਨਦਾਰ ਹੋ ਗਿਆ। ਇਸੇ ਤਰ੍ਹਾਂ ਦੀ ਇੱਕ ਹੋਰ ਅਨੋਖੀ ਉਦਾਹਰਣ ਪੁਡੂਚੇਰੀ ਦੇ ਯਾਨਮ ਵਿੱਚ ਦੇਖਣ ਨੂੰ ਮਿਲੀ। ਇੱਥੇ ਮਜੇਤੀ ਸੱਤਿਆਭਾਸਕਰ ਅਤੇ ਉਨ੍ਹਾਂ ਦੀ





ਪਤਨੀ ਹਰਿਨਿਆ ਨੇ ਆਪਣੇ ਜਵਾਈ ਸਾਕੇਤ ਨਾਲ ਮਿਲ ਕੇ ਸੰਕ੍ਰਾਂਤੀ ਮਨਾਉਣ ਲਈ ਇੱਕ ਸਾਨਦਾਰ ਡਿਨਰ ਦਾ ਆਯੋਜਨ ਕੀਤਾ। ਇਸ ਵਿੱਚ 470 ਕਿਸਮਾਂ ਦੇ ਸਾਕਾਹਾਰੀ ਪਕਵਾਨ, ਪੇਸਟਰੀਆਂ, ਮਠਿਆਈਆਂ, ਫਲ, ਸੁੱਕੇ ਮੇਵੇ ਅਤੇ ਸਾਫਟ ਡਰਿੰਕਸ ਸਾਮਲ ਸਨ। ਦੱਸ ਦੇਈਏ ਕਿ ਜਵਾਈ ਦੇ ਘਰ ਆਉਣ ਦੀ ਖੁਸ਼ੀ ਵਿਚ ਤਿਆਰ ਕੀਤੇ ਗਏ ਪਕਵਾਨਾਂ ਨੂੰ ਛੋਟੇ ਕੱਪਾਂ ਵਿੱਚ ਪਾ ਕੇ ਪਸੋਰਿਆ ਗਿਆ, ਜਿਸ ਨਾਲ ਉਹ ਹੋਰ ਵੀ ਆਕਰਸਕ ਦਿਖਾਈ ਦੇ ਰਹੇ ਸਨ। ਸਾਕੇਤ ਇਸ ਵੱਡੀ ਦਾਅਵਤ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸਨੇ ਆਪਣੇ ਸਹੁਰਿਆਂ ਦੁਆਰਾ ਦਿੱਤੇ ਗਏ ਸਾਨਦਾਰ ਖਾਣੇ ਦੀ ਪ੍ਰਸੰਸਾ ਕੀਤੀ। ਅਜਿਹੇ ਸਮਾਗਮ ਪਰਿਵਾਰਾਂ ਵਿਚਕਾਰ ਸਬੰਧਾਂ ਨੂੰ ਮਜਬੂਤ ਕਰਨ ਅਤੇ ਪਰੰਪਰਾਵਾਂ ਨੂੰ ਬਣਾਈ ਰੱਖਣ ਦੀ ਇੱਕ ਵਧੀਆ ਉਦਾਹਰਣ ਪ੍ਰਦਾਨ ਕਰਦੇ ਹਨ।

## ਗੈਸ ਸਿਲੰਡਰ ਲੀਕ ਹੋਣ ਕਾਰਨ ਘਰ ਨੂੰ ਲੱਗੀ ਅੱਗ, ਸਮਾਨ ਸੜਕੇ ਸਵਾਹ

ਤਰਨਤਾਰਨ 20 ਜਨਵਰ। ਤਰਨਤਾਰਨ ਦੇ ਮਹੁੱਲਾ ਗੁਰੂ ਤੇਗ ਬਹਾਦਰ ਨਗਰ ਦੀ ਗਲੀ ਨੰਬਰ 4 ਵਿੱਚ ਮਕਾਨ ਵਿੱਚ ਅਚਾਨਕ ਅੱਗ ਲੱਗ ਗਈ। ਮਿਲੀ ਜਾਣਕਾਰੀ ਮੁਤਾਬਕ ਅੱਗ ਲੱਗਣ ਦਾ ਕਾਰਨ ਘਰ ਦੀ ਰਸੋਈ ਵਿਚ ਪਏ ਸਿਲੰਡਰ ਦਾ ਲੀਕ ਹੋਣਾ ਦੱਸਿਆ ਜਾ ਰਿਹਾ ਹੈ। ਘਰ ਨੂੰ ਅਚਾਨਰ ਲੱਗੀ ਅੱਗ ਕਾਰਨ ਪੂਰੇ ਮੁਹੱਲੇ ਵਿਚ ਹਫੜਾ-ਦਫੜੀ ਮਚ ਗਈ। ਘਟਨਾ ਤੋਂ ਬਾਅਦ ਲੋਕਾਂ ਵੱਲੋਂ ਅੱਗ ਲੱਗਣ ਦੀ ਸੂਚਨਾ ਫਾਇਰ ਬ੍ਰਿਗੇਡ ਨੂੰ ਦੇਣ ਤੋਂ ਬਾਅਦ ਮੌਕੇ 'ਤੇ ਪਹੁੰਚੀਆਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅਤੇ ਆਸਪਾਸ ਦੇ ਲੋਕਾਂ ਵੱਲੋਂ ਬੜੀ ਮੁਸੱਕਤ ਤੋਂ ਬਾਅਦ



ਅੱਗ ਤੇ ਕਾਬੂ ਪਾਇਆ ਗਿਆ। ਜਦ ਤੱਕ ਅੱਗ ਬੁਝਾਈ ਗਈ ਤਦ ਤੱਕ ਘਰ ਦਾ ਸਮਾਨ ਸੜ ਕੇ ਸੁਆਹ ਹੋ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਘਰ ਦੇ ਮਾਲਕ ਨੇ ਅੱਗ ਲੱਗਣ ਕਾਰਨ ਜਿੱਥੇ ਲੱਖਾਂ ਰੁਪਏ ਦੇ ਸਮਾਨ ਦੇ ਸੜਨ ਦੀ ਗੱਲ ਕਹੀ ਹੈ ਉਥੇ ਹੀ ਮੌਕੇ 'ਤੇ ਪਹੁੰਚੇ ਫਾਇਰ ਬ੍ਰਿਗੇਡ ਦੇ ਕਰਮਚਾਰੀਆਂ ਨੇ ਕਿਹਾ ਕਿ ਅੱਗ ਲੱਗਣ ਦੀ ਸੂਚਨਾ ਮਿਲਦਿਆਂ ਹੀ ਉਹ ਨਿਕਲ ਪਏ ਲੇਕਿਨ ਰਸਤੇ ਵਿੱਚ ਟ੍ਰੈਫਿਕ ਜਾਮ ਹੋਣ ਕਾਰਨ ਆਉਣ ਵਿੱਚ ਥੋੜ੍ਹਾ ਸਮਾਂ ਲੱਗ ਗਿਆ। ਉਨ੍ਹਾਂ ਕਿਹਾ ਕਿ ਬੜੀ ਮੁਸੱਕਤ ਤੋਂ ਬਾਅਦ ਅੱਗ ਤੇ ਕਾਬੂ ਪਾਇਆ ਗਿਆ ਹੈ। ਫਾਇਰ ਬ੍ਰਿਗੇਡ ਕਰਮਚਾਰੀਆਂ ਨੇ ਅੱਗ ਫੈਲਣ ਦਾ ਜ?ਿਆਦਾ ਕਾਰਨ ਘਰ ਵਿੱਚ ਲੱਗੀ ਪੀ ਵੀ ਸੀ ਨੂੰ ਦੱਸਿਆ ਹੈ।

# ਦਿਨ ਦਿਹਾੜੇ ਬੱਸ ਸਟੈਂਡ 'ਤੇ ਵਾਪਰੀ ਵੱਡੀ ਵਾਰਦਾਤ, ਅਚਾਨਕ ਜੋ ਹੋਇਆ ਦੇਖ ਸਭ ਦੇ ਉੱਡੇ ਹੋਸ਼

ਕੋਟਕਪੂਰਾ 20 ਜਨਵਰ। ਸਵੇਰੇ ਇੱਥੇ ਨਵੇਂ ਬੱਸ ਸਟੈਂਡ 'ਤੇ ਵਾਪਰੀ ਇਕ ਲੁੱਟ ਦੀ ਘਟਨਾ ਦੌਰਾਨ ਬੱਸ ਦੀ ਉਡੀਕ ਕਰ ਰਹੀ ਇਕ ਔਰਤ ਤੋਂ ਦੋ ਮੋਟਰਸਾਈਕਲ ਸਵਾਰ ਲੁਟੇਰੇ ਉਸ ਦਾ ਪਰਸ ਖੋਹ ਕੇ ਲੈ ਗਏ। ਇਸ ਪਰਸ ਵਿਚ 6 ਲੱਖ ਰੁਪਏ ਦੀ ਨਗਦੀ, ਪੈਨ ਕਾਰਡ ਅਤੇ ਹੋਰ ਜਰੂਰੀ ਕਾਗਜਾਤ ਵੀ ਸਨ। ਉਕਤ ਔਰਤ ਸੁਨੀਤਾ ਰਾਣੀ ਦੇ ਪਤੀ ਵਿਜੇ ਅਰੋੜਾ ਸੇਵਾ ਮੁਕਤ ਬੈਂਕ ਮੈਨੇਜਰ ਨੇ ਦੱਸਿਆ ਕਿ ਉਹ ਆਪਣੀ ਪਤਨੀ ਦੀ ਦਵਾਈ ਲੈਣ ਲਈ ਫੋਰਟਿਸ ਹਸਪਤਾਲ ਮੋਹਾਲੀ ਜਾ ਰਹੇ ਸਨ ਅਤੇ ਉੱਥੇ ਰਾਤ ਰੁਕਣ ਤੋਂ ਬਾਅਦ ਅਗਲੇ ਦਿਨ ਪਟਿਆਲਾ ਜਾਣਾ ਸੀ, ਜਿੱਥੇ ਉਨ੍ਹਾਂ ਨੇ ਖਰੀਦੀ ਗਈ ਇਕ ਜਗ੍ਹਾ ਦੀ ਰਜਿਸਟਰੀ ਕਰਵਾਉਣੀ ਸੀ। ਉਨ੍ਹਾਂ ਦੱਸਿਆ ਕਿ ਉਹ ਆਪਣੀ ਪਤਨੀ ਨੂੰ ਬੱਸ ਸਟੈਂਡ 'ਤੇ ਖੜ੍ਹਾ ਕਰਕੇ ਆਪ ਆਪਣਾ ਸਕੂਟਰ ਘਰ ਛੱਡਣ ਗਏ ਸੀ ਕਿ ਇਸ ਦੌਰਾਨ ਸਾਢੇ ਸੱਤ ਵਜੇ ਦੇ ਕਰੀਬ ਇਹ ਘਟਨਾ ਵਾਪਰ ਗਈ। ਉਨ੍ਹਾਂ ਦੱਸਿਆ ਕਿ ਦੋ ਮੋਟਰਸਾਈਕਲ ਸਵਾਰ ਲੁਟੇਰੇ ਜਿਨ੍ਹਾਂ ਨੇ ਮੂੰਹ ਬੰਨ੍ਹੇ ਹੋਏ ਸਨ ਆਏ ਅਤੇ ਉਸਦੀ ਪਤਨੀ ਤੋਂ ਪਰਸ ਖੋਹ ਕੇ ਫਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਇਸ ਜੱਦੋ-ਜਹਿਦ ਦੌਰਾਨ ਪਰਸ ਦੀ ਤਣੀ ਉਸਦੀ ਪਤਨੀ ਦੇ ਹੱਥ ਵਿਚ ਰਹਿ ਗਈ ਜਦਕਿ ਬੈਗ



ਉਕਤ ਲੁਟੇਰੇ ਖੋਹ ਕੇ ਫਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਬੈਗ ਵਿਚ 6 ਲੱਖ ਰੁਪਏ ਦੇ ਕਰੀਬ ਨਕਦੀ ਤੇ ਕੁੱਝ ਹੋਰ ਜਰੂਰੀ ਕਾਗਜਾਤ ਅਤੇ ਸਮਾਨ ਵੀ ਸੀ। ਇੱਥੇ ਇਹ ਵੀ ਜ?ਿਕਰਯੋਗ ਹੈ ਕਿ ਉਹ ਉਕਤ ਔਰਤ ਬਸ ਸਟੈਂਡ ਦੇ ਇਕ ਸਾਈਡ 'ਤੇ ਬੱਸ ਦੀ ਉਡੀਕ ਵਿਚ ਖੜ੍ਹੀ ਸੀ ਅਤੇ ਆਸੇ-ਪਾਸੇ ਹੋਰ ਵੀ ਕਾਫੀ ਸਵਾਰੀਆਂ ਖੜ੍ਹੀਆਂ ਸਨ ਪਰੰਤੂ ਬਿਨਾਂ ਕਿਸੇ ਦੀ ਪਰਵਾਹ ਅਤੇ ਡਰ ਨੂੰ ਮਹਿਸੂਸ ਕੀਤਿਆਂ ਉਕਤ ਲੁਟੇਰੇ ਇਸ ਘਟਨਾ ਨੂੰ ਅੰਜਾਮ ਦੇ ਕੇ ਫਰਾਰ ਹੋਣ ਵਿਚ ਸਫਲ ਰਹੇ। ਸੇਵਾ ਮੁਕਤ ਮੈਨੇਜਰ ਵਿਜੇ ਅਰੋੜਾ ਨੇ ਮੰਗ ਕੀਤੀ ਹੈ ਕਿ ਉਸ ਨੂੰ ਬਣਦਾ ਇਨਸਾਫ ਦਵਾਇਆ ਜਾਵੇ ਤੇ ਉਸਦੇ ਹੋਏ ਨੁਕਸਾਨ ਵਾਲੀ ਜੋ ਰਕਮ ਹੈ ਵਾਪਸ ਦਵਾਈ ਜਾਵੇ। ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਸਿਟੀ ਕੋਟਕਪੂਰਾ ਦੀ ਪੁਲਸ ਪਾਰਟੀ ਮੌਕੇ 'ਤੇ ਪੁੱਜ ਗਈ ਅਤੇ ਸੀ. ਸੀ. ਟੀ. ਵੀ ਕੈਮਰਿਆਂ ਅਤੇ ਹੋਰ ਵੱਖ-ਵੱਖ ਤਰੀਕਿਆਂ ਨਾਲ ਦੋਸੀ ਵਿਅਕਤੀਆਂ ਨੂੰ ਕਾਬੂ ਕਰਨ ਦੀ ਕਾਰਵਾਈ ਸੁਰੂ ਕਰ ਦਿੱਤੀ।

## ਪੰਜਾਬ ਦੇ ਜਵਾਨ ਦੀ ਡਿਊਟੀ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਮੌਤ, ਪਿੰਡ 'ਚ ਪਸਰਿਆ ਸੋਗ

ਫਾਜ?ਿਲਕਾ 20 ਜਨਵਰ। ਪਿੰਡ ਬੰਨਾਵਾਲਾ ਦੇ ਰਹਿਣ ਵਾਲੇ ਅਤੇ ਭਾਰਤੀ ਫੌਜ ਵਿਚ ਡਿਊਟੀ ਨਿਭਾਅ ਰਹੇ ਸੂਬੇਦਾਰ ਬਲਜਿੰਦਰ ਸਿੰਘ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਜਿਸ ਦੀ ਮ੍ਰਿਤਕ ਦੇਹ ਨੂੰ ਆਰਮੀ ਵਲੋਂ ਉਨ੍ਹਾਂ ਦੇ ਪਿੰਡ ਲਿਆਂਦਾ ਗਿਆ ਹੈ ਅਤੇ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ ਸੈਨਿਕ ਰਸਮਾਂ ਦੇ ਨਾਲ 16 ਜਨਵਰੀ ਨੂੰ ਸਵੇਰੇ 10 ਵਜੇ ਪਿੰਡ ਬੰਨਾਵਾਲਾ ਦੇ ਸ਼ਮਸ਼ਾਨ ਘਾਟ ਵਿਖੇ ਕੀਤਾ ਜਾਣਾ ਹੈ। ਬਲਜਿੰਦਰ



ਸਿੰਘ ਪੁੱਤਰ ਆਤਮਾ ਸਿੰਘ ਉਮਰ ਲਗਭਗ 45 ਸਾਲ 1811 ਲਾਈਟ ਰੈਜੀਮੈਂਟ ਵਿਚ ਬਤੌਰ ਸੂਬੇਦਾਰ ਆਪਣੀਆਂ ਸੇਵਾਵਾਂ ਹੈਦਰਾਬਾਦ ਵਿਖੇ ਨਿਭਾਅ ਰਹੇ ਸਨ। ਜੋ ਕੁਝ ਦਿਨ ਪਹਿਲਾ ਪੇਟ ਦੀ ਇੰਨਫੈਕਸ਼ਨ ਕਾਰਨ ਮਿਲਟਰੀ ਹਸਪਤਾਲ ਸਿਕੰਦਰਾਬਾਦ ਵਿਖੇ ਭਰਤੀ ਸਨ। ਜਿਨ੍ਹਾਂ ਦੀ ਮੌਤ 14 ਜਨਵਰੀ ਨੂੰ ਸਵੇਰੇ 4.10 ਵਜੇ ਹਸਪਤਾਲ ਵਿਚ ਹੀ ਦਿਲ ਦਾ ਦੌਰਾ ਪੈਣ ਕਾਰਨ ਹੋ ਗਈ। ਬਲਜਿੰਦਰ ਸਿੰਘ ਦੀ ਸੇਵਾ ਮੁਕਤੀ ਵਿਚ ਅੱਠ ਮਹੀਨਿਆਂ ਦਾ ਸਮਾਂ ਬਾਕੀ ਰਹਿ ਗਿਆ ਸੀ। ਉਨ੍ਹਾਂ ਨੂੰ ਸੈਨਾ ਵਲੋਂ 26 ਜਨਵਰੀ ਨੂੰ ਪਦ ਉਨਤ ਕਰ ਕੇ ਆਨਰੇਰੀ ਲੈਫਟੀਨੈਂਟ ਤੇ 15 ਅਗਸਤ ਨੂੰ ਆਨਰੇਰੀ ਕੈਪਟਨ ਬਣਾਇਆ ਜਾਣਾ ਸੀ। ਜਿਉ ਹੀ ਉਨ੍ਹਾਂ ਦੀ ਮੌਤ ਦੀ ਖਬਰ ਪਿੰਡ ਵਿਚ ਪੁੱਜੀ ਤਾਂ ਸਾਰੇ ਪਿੰਡ ਵਿਚ ਸੋਗ ਦੀ ਲਹਿਰ ਦੌੜ ਗਈ। ਉਹ ਆਪਣੇ ਪਿੱਛੇ ਆਪਣੇ ਬਜੁਰਗ ਮਾਤਾ-ਪਿਤਾ, ਪਤਨੀ, ਇਕ ਲੜਕਾ ਅਤੇ ਲੜਕੀ ਨੂੰ ਛੱਡ ਗਏ ਹਨ।


**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ**
**ਸਿੱਖਿਆ ਨਿਦੇਸ਼ਾਲਾ**
**ਪਰੀਕਸ਼ਾ ਪ੍ਰਕੋਸ਼ਠ, ਕਮਰਾ ਨੰ. 222-ਏ, ਪੁਰਾਨਾ ਸਚਿਵਾਲਯ, ਦਿੱਲੀ-110054**
**ਰਾਸ਼ਟਰੀ ਭਾਰਤੀ ਸੈਨਯ ਵਿਦਿਆਲਾ, ਦੇਹਰਾਦੂਨ**
**ਪ੍ਰਵੇਸ਼ ਸੂਚਨਾ (ਮੁੰਡੇ ਅਤੇ ਕੁੜੀਆਂ ਦੇ ਲਈ)**

ਜਨਵਰੀ 2026 ਦੇ ਸੇਸ਼ਨ 'ਚ ਪ੍ਰਵੇਸ਼ ਦੇ ਲਈ 'ਤੇ (ਵਿਦਿਆਰਥੀ ਅਤੇ ਵਿਦਿਆਰਥਣਾ) ਜਿਨ੍ਹਾਂ ਦੇ ਮਾਤਾ-ਪਿਤਾ/ਅਭਿਭਾਵਕ ਸਾਧਾਰਨ ਰੂਪ ਤੋਂ ਦਿੱਲੀ 'ਚ ਰਹਿੰਦੇ ਹਨ, ਉਹ ਹੀ ਆਵੇਦਨ ਦੇ ਪਾਤ੍ਰ ਹੈ। ਪ੍ਰਵੇਸ਼ ਦੇ ਲਈ ਪਰੀਖਿਆ ਦਿੱਲੀ 'ਚ ਸਥਿਤ ਕਿਸੀ ਇਕੇ ਕੇਂਦਰ 'ਤੇ 01 ਜੂਨ 2025 (ਐਤਵਾਰ) ਨੂੰ ਆਯੋਜਿਤ ਕੀਤੀ ਜਾਵੇਗੀ।

**ਪਾਤ੍ਰਤਾ ਉਮਰ-** ਅਭਿਆਰਥੀ ਨੂੰ ਉਮਰ 01 ਜਨਵਰੀ 2026 ਨੂੰ 111/2 ਸਾਲ ਤੋਂ ਘੱਟ ਉਮਰ 13 ਸਾਲ ਤੋਂ ਜ਼ਿਟਾਦਾ ਨਹੀਂ ਹੋਣੀ ਚਾਹੀਦੀ ਯਾਨੀ ਉਮੀਦਵਾਰ ਦਾ ਜਨਮ 02 ਜਨਵਰੀ 2013 ਤੋਂ ਪਹਿਲਾਂ ਅਤੇ 01 ਜੁਲਾਈ 2014 ਦੇ ਬਾਦ ਨਹੀਂ ਹੋਣਾ ਚਾਹੀਦਾ।

**ਸਿੱਖਿਅਕ ਯੋਗਤਾ-** ਅਭਿਆਰਥੀ ਰਾਸ਼ਟਰੀ ਭਾਰਤੀ ਸੈਨਯ ਕੱਲੇਜ 'ਚ ਦਾਖਿਲੇ ਦੇ ਸਮੇਂ ਯਾਨੀ 01 ਜਨਵਰੀ 2026 ਨੂੰ ਕਿਸੀ ਮਾਨਤਾ ਪ੍ਰਾਪਤ ਵਿਦਿਆਲਾ ਤੋਂ ਸੱਤਵੀਂ ਕਲਾਸ 'ਚ ਪੜ੍ਹਾਈ ਕਰਦਾ ਜਾਂ ਸੱਤਵੀਂ ਕਲਾਸ ਪਾਸ ਕਰ ਚੁੱਕਾ ਹੋਵੇ।

**ਆਵੇਦਨ ਪੱਤਰ ਪ੍ਰਾਪਤ ਕਰਨਾ-**

(ਕ) **ਔਨਲਾਈਨ ਭੁਗਤਾਨ ਦੇ ਦਵਾਰਾ:** ਆਵੇਦਨ ਪੱਤਰ ਅਤੇ ਵੇਰਵਾ-ਪਤ੍ਰਿਕਾ ਅਤੇ ਪੁਰਾਣੇ ਪ੍ਰਸ਼ਨ ਪੱਤਰ ਇਕ ਸੇਟ ਦੇ ਲਈ ਸਾਧਾਰਨ ਜਾਤਿ ਦੇ ਉਮੀਦਵਾਰ ਰੁ. 600/- ਅਤੇ ਅਨੁਸੂਚਿਤ ਜਾਤਿ/ਅਨੁਸੂਚਿਤ ਜਨਜਾਤਿ ਸ਼੍ਰੇਣੀ ਦੇ ਉਮੀਦਵਾਰ ਰੁ. 555/- ਆਰ.ਆਈ.ਐਮ.ਸੀ. ਦੀ ਵੇਬਸਾਈਟ www.rimc.gov.in ਤੋਂ ਔਨਲਾਈਨ ਭੁਗਤਾਨ ਕਰਕੇ ਵੀ ਪ੍ਰਾਪਤ ਕਰ ਸਕਦੇ ਹਨ। ਭੁਗਤਾਨ ਪ੍ਰਾਪਤ ਹੋਣ ਦੇ ਬਾਦ, ਆਵੇਦਨ ਪੱਤਰ ਅਤੇ ਵੇਰਵਾ-ਪਤ੍ਰਿਕਾ ਅਤੇ ਪੁਰਾਣੇ ਪ੍ਰਸ਼ਨ ਪੱਤਰ ਸਪੀਡ ਪੋਸਟ ਤੋਂ ਭੇਜੇ ਜਾਣਗੇ।

ਜਾਂ

(ਖ) ਡਿਮਾਂਡ ਡ੍ਰਾਫਟ ਦੇ ਦਵਾਰਾ: ਆਵੇਦਨ ਪੱਤਰ ਅਤੇ ਵੇਰਵਾ-ਪਤ੍ਰਿਕਾ ਅਤੇ ਪੁਰਾਣੇ ਪ੍ਰਸ਼ਨ ਪੱਤਰ ਦੇ ਇਕ ਸੇਟ ਦੇ ਲਈ ਸਾਧਾਰਨ ਜਾਤੀ ਦੇ ਉਮੀਦਵਾਰ ਰੁ. 600/- ਅਤੇ ਅਨੁਸੂਚਿਤ ਜਾਤਿ/ਅਨੁਸੂਚਿਤ ਜਨਜਾਤੀ ਸ਼੍ਰੇਣੀ ਦੇ ਉਮੀਦਵਾਰ ਰੁ. 555/- ਦਾ ਬੈਂਕ ਡ੍ਰਾਫਟ "THE COMMANDANT RIMC FUND" DRAWEE BRANCH, HDFC BANK, BALLUPUR CHOWK, DEHRADUN, (BANK CODE-1399), UTTARAKHAND" ਦੇ ਨਾਮ ਤੋਂ ਭੁਗਤਾਨ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਅਨੁਸੂਚਿਤ ਜਾਤੀ/ਅਨੁਸੂਚਿਤ ਜਨਜਾਤੀ ਸ਼੍ਰੇਣੀ ਦੇ ਉਮੀਦਵਾਰ ਦੇ ਲਈ ਜਾਤੀ ਪ੍ਰਮਾਣ ਪੱਤਰ ਦੀ ਸਤਿਆਪਤੀ ਛਾਯਾਪ੍ਰਤੀ ਭੇਜਣਾ ਜ਼ਰੂਰੀ ਹੈ। ਆਵੇਦਨ ਪੱਤਰ ਸਪੀਡ ਪੋਸਟ ਤੋਂ ਭੇਜਿਆ ਜਾਵੇਗਾ। ਆਵੇਦਕ ਆਪਣਾ ਪੱਤਰ ਵਿਵਹਾਰ ਦਾ ਪੂਰਾ ਪਤਾ ਅੰਕਿਤ/ਹਸਤਾਲਿਖਿਤ ਰੂਪ ਤੋਂ ਅੰਗ੍ਰੇਜ਼ੀ 'ਚ ਪੋਸਟਲ ਪਿਨ ਕੋਡ ਅਤੇ ਫੋਨ ਨੰਬਰ ਦੇ ਨਾਲ ਲਿਖਕੇ ਭੇਜੋ। ਅਪਠਨੀਯ, ਅਪੂਰਨ ਪਤਾ ਅਤੇ ਡਾਕ ਦੇਰੀ/ਨੁਕਸਾਨ ਦਾ ਉੱਤਰਦਾਈ ਰਾਸ਼ਟਰੀ ਭਾਰਤੀ ਸੈਨਯ ਕੱਲੇਜ ਨਹੀਂ ਹੋਵੇਗਾ। ਆਵੇਦਨ ਪੱਤਰ ਜਮ੍ਹਾਂ ਕਰਨਾ- ਆਵੇਦਨ ਪੱਤਰ (ਦੋ ਕੱਪੀਆਂ 'ਚ) ਵੇਰਵਾ ਪਤ੍ਰਿਕਾ 'ਚ ਦਰਜ ਨੱਥੀ ਦੇ ਨਾਲ ਪਰੀਖਿਆ ਪ੍ਰਕੋਸ਼ਠ, ਕਮਰਾ ਸੰਖਿਆ 222-ਏ, ਸਿੱਖਿਆ ਨਿਦੇਸ਼ਾਲਾ, ਪੁਰਾਨਾ ਸਚਿਵਾਲਯ, ਦਿੱਲੀ-110054 'ਚ 31 ਮਾਰਚ 2025 ਤੱਕ ਪਹੁੰਚ ਜਾਣਾ ਚਾਹੀਦਾ।

ਉਲੇਖ :

3. ਕੇਵਲ ਰਾਸ਼ਟਰੀ ਭਾਰਤੀ ਸੈਨਯ ਕੱਲੇਜ ਤੋਂ ਪ੍ਰਾਪਤ ਆਵੇਦਨ-ਪੱਤਰ ਮੰਨਣਯੋਗ ਹੋਣਗੇ। ਬਾਜ਼ਾਰ 'ਚ ਮਿਲਣ ਵਾਲੇ ਜਾਂ ਫੋਟੋ ਕੱਪੀ ਕੀਤੇ ਗਏ ਅਤੇ ਬਿਨਾ ਹੋਲੋਗ੍ਰਾਮ (ਮੁਹਰ) ਦੇ ਆਵੇਦਨ-ਪੱਤਰਾਂ ਦੀ ਮਾਨਤਾ ਨਹੀਂ ਹੋਵੇਗੀ।
4. ਸੈਨਯ ਕਰਮੀਆਂ, ਪੈਰਾ ਸੈਨਯ ਕਰਮੀਆਂ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ (ਜਿਨ੍ਹਾਂ ਦੀ ਸਥਾਨਾਂਤਰਣੀਯ ਨੌਕਰੀ ਹੈ) ਦੇ ਉਮੀਦਵਾਰ ਜਿਸ ਰਾਜ ਦੇ ਮੂਲ ਨਿਵਾਸੀ ਹੈ ਜਾਂ ਜਿਸ ਰਾਜ 'ਚ ਉਨ੍ਹਾਂ ਦੇ ਮਾਤਾ-ਪਿਤਾ/ਅਭਿਭਾਵਕ ਸੇਵਾਰਤ ਹੈ, 'ਚ ਆਵੇਦਨ ਜਮ੍ਹਾਂ ਕਰ ਸਕਦੇ ਹਨ। ਉਨ੍ਹਾਂ ਦੇ ਅਧਿਵਾਸ ਰਾਜ ਦਾ ਨਿਰਧਾਰਨ ਉਨ੍ਹਾਂ ਦੇ ਮੂਲ ਅਧਿਵਾਸ ਰਾਜ ਦੇ ਅਨੁਸਾਰ ਹੋਵੇਗਾ ਅਤੇ ਉਨ੍ਹਾਂ ਦੀ ਉਮੀਦਵਾਰੀ ਵੀ ਉਨ੍ਹਾਂ ਦੇ ਮੂਲ ਅਧਿਵਾਸ ਰਾਜ ਦੇ ਅਨੁਰੂਪ ਹੋਵੇਗੀ। ਆਵੇਦਨ ਪੱਤਰ ਉਸੀ ਰਾਜ 'ਚ ਜਮ੍ਹਾਂ ਕਰਨਾ ਜ਼ਰੂਰੀ ਹੈ, ਜਿਥੋਂ ਤੋਂ ਉਮੀਦਵਾਰ ਪਰੀਖਿਆ ਦੇਣਾ ਚਾਹੁੰਦੇ ਹਨ। ਹਾਲਾਂਕਿ, ਇਸ ਤਰ੍ਹਾਂ ਦੇ ਉਮੀਦਵਾਰਾਂ ਦੇ ਪਹਿਲਾਂ ਦਾ ਸਤਿਆਪਨ ਕਰਨ ਦੇ ਲਈ ਇਸ ਤਰ੍ਹਾਂ ਅਭਿਭਾਵਕਾਂ ਨੂੰ ਆਪਣੇ ਦਫ਼ਤਰ ਦਵਾਰਾ ਪ੍ਰਦਾਨ ਕੀਤਾ ਗਿਆ ਸੇਵਾ ਪ੍ਰਮਾਣ ਪੱਤਰ ਜਿਸ 'ਚ ਇਹ ਪ੍ਰਮਾਣਿਤ ਕੀਤਾ ਗਿਆ ਹੋਵੇ ਕਿ ਉਹ ਵਰਤਮਾਨ 'ਚ ਦਿੱਲੀ 'ਚ ਕੰਮ ਕਰਦੇ ਹਨ, ਆਵੇਦਨ ਪੱਤਰ ਦੇ ਨਾਲ ਨੱਥੀ ਕਰਨਾ ਹੋਵੇਗਾ।

ਵਧੇਰੇ ਵੇਰਵੇ ਦੇ ਲਈ ਆਰ.ਆਈ.ਐਮ.ਸੀ. ਦੀ ਵੇਬਸਾਈਟ www.rimc.gov.in 'ਤੇ ਮਿਤੀ 03.01.2025 ਦੀ ਅਧਿਸੂਚਨਾ ਦੇਖੋ।

**ਪਰੀਖਿਆ ਸੰਚਾਲਕ ਅਧਿਕਾਰੀ, ਦਿੱਲੀ**

DIP/Shabdarth/Classified/0397/24-25

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

# ਰਾਗ ਨਾਦ ਸਬਦਿ ਸੋਹਣੇ 18

ਇਕਵਾਕ ਸਿੰਘ ਪੱਟੀ

ਸਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਰ ਬਾਣੀ ਰਾਗਾਂ ਦੇ ਅਧੀਨ ਹੈ। ਸਭ ਤੋਂ ਸ੍ਰੇਸ਼ਟ ਰਾਗ ਬਾਰੇ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ, '**ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥**' ਭਾਵ ਉਹੀ ਰਾਗ ਸਫ਼ਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਹੋਇਆਂ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ 18ਵੇਂ ਸਥਾਨ 'ਤੇ ਆਉਣ ਵਾਲੇ ਰਾਗ 'ਰਾਮਕਲੀ' ਬਾਰੇ..



## ਰਾਗ ਰਾਮਕਲੀ

ਰਾਮਕਲੀ ਰਾਗ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਅਠਾਰਵੇਂ ਸਥਾਨ 'ਤੇ ਦਰਜ ਕੀਤਾ ਗਿਆ ਹੈ। ਇਸ ਰਾਗ ਵਿਚ ਬਾਣੀ ਪੰਨਾ ਨੰਬਰ 876 ਤੋਂ ਲੈ ਕੇ ਪੰਨਾ ਨੰਬਰ 874 ਤਕ ਸੁਸ਼ੋਭਿਤ ਹੈ। ਗੁਰਮਤਿ ਸੰਗੀਤ ਦੇ ਨਾਲ ਸਿੱਖ ਭਾਈਚਾਰੇ ਵਿਚ ਰਾਗ ਰਾਮਕਲੀ ਦੀ ਖ਼ਾਸ ਮਹੱਤਤਾ ਹੈ। ਇਸ ਦੇ ਮੁੱਖ ਕਾਰਨ ਹਨ ਕਿ ਸਿੱਖ ਦੇ ਜੀਵਨ ਦੇ ਹਰ ਖ਼ੁਸ਼ੀ-ਗ਼ਮੀ ਮੌਕੇ ਧਾਰਮਿਕ ਸਮਾਗਮ ਤੋਂ ਬਾਅਦ ਅਤੇ ਰੋਜ਼ਾਨਾ ਅਰਦਾਸ ਤੋਂ ਪਹਿਲਾਂ ਕੀਰਤਨ ਦੀ ਸਮਾਪਤੀ ਵੇਲੇ ਗੁਰੂ ਅਮਰਦਾਸ ਜੀ ਦੀ ਰਾਗ ਰਾਮਕਲੀ ਅੰਦਰ ਉਚਾਰਣ ਕੀਤੀ ਗਈ ਬਾਣੀ 'ਅਨੰਦੁ' ਜਿਸ ਨੂੰ ਸਤਿਕਾਰ ਨਾਲ 'ਅਨੰਦੁ ਸਾਹਿਬ' ਕਿਹਾ ਜਾਂਦਾ ਹੈ ਦਾ ਪਾਠ ਜਾਂ ਕੀਰਤਨ ਦੇ ਰੂਪ ਵਿਚ ਗਾਇਨ ਕਰਨ ਦੀ ਮਰਿਆਦਾ ਹੈ। ਦੂਜਾ ਇਹ ਕਿ ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ, ਭਾਵ ਛੇ ਗੁਰੂ ਸਾਹਿਬਾਨ ਵੱਲੋਂ ਬਾਣੀ ਉਚਾਰਣ ਕੀਤੀ ਗਈ ਹੈ। ਤੀਜਾ ਇਹ ਕਿ, 'ਗੁਰੂ ਅਮਰਦਾਸ ਜੀ ਦੇ ਪੜੋਤੇ ਬਾਬਾ ਸੁੰਦਰ ਜੀ ਵੱਲੋਂ ਮਨੁੱਖੀ ਜੀਵਨ ਦੀ ਨਾਸ਼ਵਾਨਤਾ ਦਰਸਾਉਂਦੀ ਬਾਣੀ 'ਸਦੁ' ਵੀ ਰਾਮਕਲੀ ਰਾਗ ਦੇ ਅੰਤਰਗਤ ਦਰਜ ਕੀਤੀ ਗਈ ਹੈ। ਇਸ ਤੋਂ ਇਲਾਵਾ ਬਾਬੇ ਨਾਨਕ ਜੀ ਦੀ 'ਸਿਧ ਗੋਸਟਿ', 'ਓਅੰਕਾਰ' ਆਦਿ ਪ੍ਰਚਲਿਤ ਬਾਣੀਆਂ ਵੀ ਇਸ ਰਾਗ ਵਿਚ ਉਚਾਰਣ ਕੀਤੀਆਂ ਗਈਆਂ ਹਨ। ਗੁਰੂ ਘਰ ਦੇ ਅਨਿੰਨ ਸੇਵਕ ਅਤੇ ਕੀਰਤਨੀਏ 'ਸਤੇ ਬਲਵੰਡਿ ਦੀ ਵਾਰ' ਵੀ ਇਸ ਰਾਗ ਅਧੀਨ ਹੀ ਦਰਜ ਕੀਤੀ ਹੋਈ ਮਿਲਦੀ ਹੈ। ਨੜਿੰਨਵੇਂ ਪੰਨਿਆਂ 'ਤੇ ਦਰਜ 'ਰਾਮਕਲੀ ਰਾਗ' ਵਿਚ ਭਗਤ ਸਾਹਿਬਾਨ ਦੀ ਗੱਲ ਕਰੀਏ ਤਾਂ ਭਗਤ ਕਬੀਰ ਜੀ, ਭਗਤ ਬੇਣੀ ਜੀ, ਰਵਿਦਾਸ ਜੀ ਅਤੇ ਨਾਮਦੇਵ ਜੀ ਦੀ ਬਾਣੀ ਸ਼ਾਮਲ ਹੈ। ਰਾਗ ਰਾਮਕਲੀ ਵਿਚ 'ਰਾਮਕਲੀ ਦੱਖਣੀ' ਸਿਰਲੇਖ ਹੇਠ ਵੀ ਬਾਣੀ ਦਰਜ ਹੈ।

ਇਤਿਹਾਸਕ ਅਤੇ ਸੰਗੀਤਕ ਪੱਖ ਤੋਂ ਇਹ ਰਾਗ ਇਕ ਪੁਰਾਤਨ ਰਾਗ ਹੈ ਅਤੇ ਕਠਿਨ ਰਾਗਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ, ਬਾਵਜੂਦ ਇਸ ਦੇ ਇਹ ਇਕ ਮਹੱਤਵਪੂਰਣ ਰਾਗ ਹੈ। ਭਾਈ ਕਾਨ੍ਹ ਸਿੰਘ ਨਾਭਾ ਆਪਣੀ ਕ੍ਰਿਤ ਮਹਾਨਕੋਸ਼ ਵਿਚ ਲਿਖਦੇ ਹਨ, 'ਇਹ ਭੈਰਵ ਥਾਟ ਦੀ ਔੜਵ ਸੰਪੂਰਣ ਰਾਗਣੀ ਹੈ। ਆਰੋਹ ਵਿਚ ਮੱਧਮ ਅਤੇ ਨਿਸ਼ਾਧ ਵਰਜਿਤ ਹੈ। ਰਿਸ਼ਭ ਅਤੇ ਧੈਵਤ ਕੋਮਲ, ਬਾਕੀ ਸੁਰ ਸ਼ੁੱਧ ਲੱਗਦੇ ਹਨ। ਧੈਵਤ ਵਾਦੀ ਅਤੇ ਰਿਸ਼ਭ ਸੰਵਾਦੀ ਹੈ। ਇਸ ਨੂੰ ਗਾਉਣ ਦਾ ਵੇਲਾ ਸੂਰਜ ਨਿਕਲਣ ਤੋਂ ਲੈ ਕੇ ਪਹਿਰ ਚੜ੍ਹੇ ਤਕ ਹੈ।' •

98150-24920

# ਸੁਲਭਾ

ਬੋਧ ਕਥਾ

ਰਾਜਾ ਜਨਕ ਦੇ ਕਾਲ ਵਿਚ ਇਕ ਬ੍ਰਹਮਵਾਦਿਨੀ ਹੋਈ ਹੈ-ਸੁਲਭਾ। ਉਸ ਨੇ ਰਾਜਾ ਜਨਕ ਦੀ ਮਹਿਮਾ ਸੁਣੀ ਸੀ ਕਿ ਉਨ੍ਹਾਂ ਦੇ ਦਰਬਾਰ ਵਿਚ ਅਕਸਰ ਮਹਾਪੰਡਿਤਾਂ ਦਾ ਆਗਮਨ ਹੁੰਦਾ ਰਹਿੰਦਾ ਹੈ ਤੇ ਗਿਆਨ ਚਰਚਾ ਵੀ ਹੁੰਦੀ ਹੈ।

ਸੁਲਭਾ ਨੇ ਸੰਨਿਆਸਣ ਦਾ ਰੂਪ ਤਿਆਗ ਕੇ ਇਕ ਰੂਪਵਤੀ ਦਾ ਵੇਸ ਪਹਿਨਿਆ ਤੇ ਰਾਜਾ ਜਨਕ ਕੋਲ ਪਹੁੰਚੀ। ਰਾਜਾ ਜਨਕ ਨੇ ਉਸ ਨੂੰ ਬਹੁਤ ਆਦਰ ਮਾਣ ਦਿੱਤਾ ਤੇ ਗੱਲਾਂ-ਬਾਤਾਂ ਤੋਂ ਜਾਣਿਆ ਕਿ ਕੋਈ ਵਿਦਵਾਨ ਇਸਤਰੀ ਹੈ, ਇਸ ਲਈ ਬ੍ਰਹਮ ਗਿਆਨ ਦੀ ਚਰਚਾ ਛੇੜ ਲਈ। ਇਸ ਦੌਰਾਨ ਰਾਜਾ ਜਨਕ ਨੇ ਸੁਲਭਾ ਨੂੰ ਆਪਣੇ ਮਨ ਦੀ ਅਵਸਥਾ ਦੱਸੀ। ਉਨ੍ਹਾਂ ਫ਼ਖ਼ਰ ਨਾ ਦੱਸਿਆ ਕਿ ਰਾਜ-ਭਾਗ ਵਿੱਚ ਰਹਿੰਦਿਆਂ ਵੀ ਉਨ੍ਹਾਂ ਦਾ ਅੰਤਰ-ਗਿਆਨ ਕਾਇਮ ਹੈ। ਸੁਲਭਾ ਨੇ ਸੰਵਾਦ ਨੂੰ ਸਮੇਟਿਆ ਤੇ ਆਖਣ ਲੱਗੀ, 'ਰਾਜਾ ਜੀ, ਅਜੇ ਆਤਮਾ ਦੀ ਯਾਤਰਾ ਬਾਕੀ ਹੈ। ਅਜੇ ਤੁਹਾਡੇ ਦਰਬਾਰ 'ਚ ਸਿਰਫ਼ ਸ਼ਾਸਤਰਾਰਥ ਲਈ ਸਥਾਨ ਹੈ, ਜਿਸ ਦੀ ਜਿੱਤ ਤੇ ਹਾਰ ਵਿਚ ਤੁਹਾਡੀ ਦਿਲਚਸਪੀ ਹੈ। ਅਜੇ ਚਰਚਾ ਵਿਚ ਤਰਕ ਦੀ ਖੇਡ ਤੁਹਾਡੇ ਮਨ ਦੀ ਰੌਣਕ ਹੈ। ਤੁਸੀਂ ਬ੍ਰਹਮ ਗਿਆਨ ਤਕ ਅਜੇ ਪਹੁੰਚਣਾ ਹੈ ਤੇ ਉੱਥੇ ਪਹੁੰਚ ਕੇ ਸਿਰਫ਼ ਖ਼ਾਮੋਸ਼ੀ ਹੈ, ਨਾ ਸ਼ਾਸਤਰ ਹਨ ਤੇ ਨਾ ਹੀ ਸ਼ਾਸਤਰਾਰਥ।

• ਫੀਚਰ ਡੈਸਕ

# ਸੋਈ ਮਰਦੁ ਮਰਦੁ ਮਰਦਾਨਾ

ਡਾ. ਰੂਪ ਸਿੰਘ



ਭਾਈ ਸਾਹਿਬ ਭਾਈ ਮਰਦਾਨਾ ਜੀ ਦਾ ਜਨਮ ਜਗਤ ਜਲੰਦਾ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਅਸਥਾਨ ਤਲਵੰਡੀ ਰਾਏ ਭੋਇ ਵਿਖੇ 1516 ਬਿਕ੍ਰਮੀ 'ਚ ਹੋਇਆ। ਭਾਈ ਸਾਹਿਬ ਗੁਰੂ ਸਾਹਿਬ ਦੀ ਅਗੰਮੀ ਛੋਹ ਪ੍ਰਾਪਤ ਕਰਦੇ ਜਨਮ-ਮਰਨ ਤੋਂ ਰਹਿਤ ਹੋਏ। ਭਾਈ ਸਾਹਿਬ ਨੇ ਅੰਤਿਮ ਸੁਆਸ ਗੁਰੂ ਨਾਨਕ ਸਾਹਿਬ ਦੇ ਪਾਵਨ ਹੱਥਾਂ ਵਿਚ 13 ਮੱਘਰ ਸੰਮਤ 1591, ਮੁਤਾਬਕ 11 ਨਵੰਬਰ 1534 ਈਸਵੀ ਨੂੰ ਅਫ਼ਗਾਨਿਸਤਾਨ ਦੇ ਕੁਰਮ ਨਗਰ ਵਿਖੇ ਲਏ। ਅੰਤਮ ਸੰਸਕਾਰ ਆਦਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੱਥੀਂ ਕੀਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਬਾਲ ਸਖਾਈ ਮਿੱਤਰਤਾ ਨੂੰ ਅੰਤਮ ਸਾਹ ਤੀਕ ਨਿਭਾਉਂਦੇ, ਸਦੀਵੀ ਸੱਜਣਤਾਈ ਸਥਾਪਤ ਕਰਦੇ ਹੋਏ ਨਵੇਂ ਕੀਰਤੀਮਾਨ ਦੀ ਸਿਰਜਣਾ ਕਰਦੇ ਹਨ। ਅਜਿਹੀ ਮਿੱਤਰਤਾ, ਸਨੇਹੇ, ਪਿਆਰ, ਮੁਹੱਬਤ ਦੀ ਮਿਸਾਲ ਦੁਰਲੱਭ ਹੋਵੇਗੀ। ਬਿਖੜੇ ਪੈਂਡਿਆਂ ਦੇ ਪਾਂਧੀ, ਜਗਤ ਸੁਧਾਰਕ ਗੁਰੂ ਨਾਨਕ ਦੇਵ ਜੀ ਪ੍ਰਤੀ ਭਾਈ ਮਰਦਾਨਾ ਜੀ ਦੀ ਨਿਰਮਤਾ, ਸਮਰਪਣ ਭਾਵਨਾ, ਇੱਛਾ-ਸ਼ਕਤੀ, ਦ੍ਰਿੜ੍ਹਤਾ, ਉਦਾਰਤਾ, ਤਿਆਗ, ਸਬਰ, ਸੰਤੋਖ, ਸੰਜਮ, ਸਹਿਜ, ਸਦਭਾਵਨਾ ਤੇ ਸਾਂਝ-ਮੁਹੱਬਤ ਤੋਂ ਪ੍ਰਤੱਖ ਹੈ, ਮੁਹੱਬਤ ਦਾ ਸਫ਼ਰ। ਮਰਦਾਨਾ ਜੀ ਮੁਹੱਬਤ ਦੇ ਇਸ ਸਫ਼ਰ ਦੌਰਾਨ 'ਭਾਈ' ਬਣ ਗਿਆ-ਜਗਤ ਗੁਰੂ ਨਾਨਕ ਦੇਵ ਜੀ ਤੇ ਸਮੁੱਚੀ ਸਿੱਖ ਕੌਮ ਦਾ। ਸਫ਼ਰਾਂ ਦੇ ਅਰੰਭ ਤੋਂ ਬਾਅਦ ਕਦੇ ਪਿੱਛੇ ਮੋੜਾ ਨਹੀਂ ਫੇਰਿਆ, ਬਲਕਿ ਭਾਈ ਮਰਦਾਨਾ ਜੀ ਨੇ ਫ਼ਰਸ਼ ਤੋਂ ਅਰਸ਼ ਤੀਕ ਦਾ ਸਫ਼ਰ ਸਹਿਜਤਾ ਨਾਲ ਕੀਤਾ।

ਬਹੁਤ ਸਾਰੇ ਅਗਿਆਨੀ ਪ੍ਰਚਾਰਕਾਂ ਨੇ ਭਾਈ ਮਰਦਾਨਾ ਜੀ ਬਾਰੇ ਨਾ ਪੜ੍ਹਿਆ ਤੇ ਨਾ ਹੀ ਅਨੋਖੇ ਸਫ਼ਰਾਂ ਦੇ ਰੂਹਾਨੀ ਸਾਥੀਆਂ ਦੀ ਮੁਹੱਬਤ ਨੂੰ ਮਹਿਸੂਸ ਕੀਤਾ। ਭਾਵੇਂ ਇਨ੍ਹਾਂ ਦੇ ਹਾਸੇ-ਮਜ਼ਾਕ ਨਾਲ ਮਰਦਾਨਾ ਜੀ ਦੀ ਲਾਸਾਨੀ ਸ਼ਖ਼ਸੀਅਤ ਨੂੰ ਕੋਈ ਫ਼ਰਕ ਨਹੀਂ ਪੈਣਾ। ਗੁਰਮਤਿ ਸੰਗੀਤ ਪੱਧਤੀ ਤੇ ਪਰੰਪਰਾ ਦਾ ਨਿਕਾਸ, ਵਿਕਾਸ ਤੇ ਵਿਗਾਸ ਭਾਈ ਮਰਦਾਨਾ ਜੀ ਦੀ ਰਬਾਬ ਨਾਲ ਆਰੰਭ ਹੁੰਦਾ ਹੈ। ਰੱਬੀ-ਰਬਾਬੀ ਤੇ ਗੁਰੂ ਘਰ ਦੇ ਮੂਲ ਕੀਰਤਨੀਏ ਨੂੰ ਜਿਤਨਾ ਵੀ ਮਾਣ ਸਤਿਕਾਰ ਦੇਈਏ, ਓਨਾ ਹੀ ਥੋੜ੍ਹਾ ਹੈ। ਸੜਦੀ-ਬਲਦੀ ਲੋਕਾਈ ਦੀ ਚਿੰਤਾ ਬਾਰੇ ਗੁਰੂ ਨਾਨਕ ਸਾਹਿਬ ਹਰ ਸਮੇਂ ਡੂੰਘੇ ਚਿੰਤਨ 'ਚ ਲਿਵਲੀਨ ਰਹਿੰਦੇ। ਦੁਖੀਆਂ-ਦਰਦਮੰਦਾਂ ਦੀ ਸਾਰ ਲੈਣ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਦੀ ਕਰਤਾਰੀ ਜੋੜੀ ਆਪ ਕਸ਼ਟ ਸਹਾਰ, ਲੋਕਾਈ ਦੇ ਕਸ਼ਟ ਨਿਵਾਰਨ ਲਈ ਤਤਪਰ ਰਹੀ। ਸਾਖੀਕਾਰਾਂ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਦੀਵੀ ਸਾਥ ਦੇ ਚਰਨ ਪਰਸ ਤੇ ਇਲਾਹੀ ਦੀਦਾਰ ਕਰ ਕੇ ਲੋਕ ਨਿਹਾਲ ਹੁੰਦੇ ਸਨ।

ਸੁਲਤਾਨਪੁਰ ਲੋਧੀ ਦੇ ਮੋਦੀ ਗੁਰੂ ਨਾਨਕ ਸਾਹਿਬ ਜਦ ਸੰਸਾਰ ਦੇ ਕਰਤਾਰ-ਕਰਤਾਰ ਕਰਦੇ ਰੂਹਾਨੀ ਮੋਦੀ ਬਣ ਵਿਚਰਨ ਲੱਗੇ ਤਾਂ ਨਿਰੰਤਰ ਸਾਥ ਨਿਭਾਇਆ ਭਾਈ ਮਰਦਾਨਾ ਜੀ ਨੇ। ਦੇਸ਼-ਦੇਸ਼ਾਂਤਰ 'ਚ ਵਿਚਰ ਕੇ ਲੋਕਾਈ ਦੇ ਦਰਦ ਨੂੰ ਨੇੜਿਓਂ ਤੱਕਿਆ ਤੇ ਦੂਰ ਕੀਤਾ, ਗੁਰੂ ਨਾਨਕ ਦੇਵ ਜੀ ਨੇ। ਇਕ ਪਰਮਾਤਮਾ ਦੀ ਇਬਾਦਤ ਦਾ ਸੰਦੇਸ਼, ਸੁਕ੍ਰਿਤ ਕਰਨ ਤੇ ਮਾਨਵਤਾ ਦੇ ਭਲੇ ਲਈ ਵੰਡ ਛਕਣ ਦੀ ਪਿਰਤ ਪਾਈ, ਬਾਬੇ ਨਾਨਕ ਨੇ। ਜਾਤਾਂ-ਪਾਤਾਂ, ਵਹਿਮਾਂ-ਭਰਮਾਂ, ਛੂਆ-ਛੂਤ ਦਾ ਭਰਮ ਦੂਰ ਕਰਨ ਲਈ ਬਤੌਰ ਰਬਾਬੀ ਭਾਈ ਮਰਦਾਨਾ ਜੀ ਨੂੰ ਸਫ਼ਰਾਂ ਦਾ ਸਾਥੀ ਬਣਾਇਆ, ਗੁਰੂ ਨਾਨਕ ਸਾਹਿਬ ਨੇ। ਗੁਰੂ ਨਾਨਕ ਦੇਵ ਜੀ ਦੇ ਅਨਿੰਨ ਸਿੱਖ ਸਨ ਭਾਈ ਮਰਦਾਨਾ ਜੀ ਇਸ ਸ਼ਰਧਾ ਪ੍ਰੇਮ ਕਾਰਨ ਹੀ ਸਭ ਤੋਂ ਪਹਿਲਾ 'ਭਾਈ' ਪਦਵੀ ਦੇ ਅਧਿਕਾਰੀ ਬਣੇ।

ਮਰਦਾਨੇ ਦਾ ਅਰਥ-ਮਰਦਾਨਹ, ਮਰਦਾ ਜੇਹਾ ਹੈ। ਮਰਦਾਨੇ ਦਾ ਅਰਥ 'ਸੂਰਮਾ' ਵੀ ਗੁਰਬਾਣੀ ਵਿਚ ਆਇਆ। ਜਿਵੇਂ : '**ਸੋਈ ਮਰਦੁ ਮਰਦੁ ਮਰਦਾਨਾ।**' (ਪੰਨਾ 1084) ਅਸਲ 'ਚ ਭਾਈ ਮਰਦਾਨਾ ਜੀ ਬਚਨ ਦੇ ਬਲੀ ਸਨ, ਜੋ ਗੁਰੂ ਨਾਨਕ ਦੇਵ ਜੀ ਨਾਲ ਮਰਦਾਂ ਵਾਂਗ ਕੀਤੇ ਬਚਨ ਅਖ਼ੀਰ ਤਕ ਨਿਭਾ ਗਏ। ਭਾਈ ਮਰਦਾਨਾ ਦੀ ਮਹਾਨ ਸ਼ਖ਼ਸੀਅਤ ਸਨ, ਜੋ ਖ਼ੁਦ ਨੂੰ ਮਜ਼ਾਕ ਦਾ ਪਾਤਕ ਬਣਾ ਕੇ ਵੀ ਗੁਰਮਤਿ ਦੇ ਗੁਹਜ ਭੇਦਾਂ-ਰਹੱਸਾਂ ਨੂੰ ਪ੍ਰਤੱਖ ਕਰਦੇ ਹਨ। ਗੁਰਮਤਿ ਵਿਚਾਰਧਾਰਾ, ਪਰੰਪਰਾ ਨਾਲ ਸਬੰਧਤ ਬਹੁਤੇ ਰਹੱਸ ਮਰਦਾਨਾ ਜੀ ਰਾਹੀਂ ਪ੍ਰਗਟ ਹੋਏ ਹਨ। ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ 'ਮਰਦਾਨਾ' ਸ਼ਬਦ ਬੜੇ ਸਤਿਕਾਰ ਨਾਲ ਅੰਕਿਤ ਕੀਤਾ ਹੈ :

**ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ।।**

ਧੁਰ ਕੀ ਬਾਣੀ ਨੂੰ ਰਬਾਬ ਨਾਲ ਗਾਇਨ ਕਰਨ ਸਦਕਾ ਹੀ ਭਾਈ ਮਰਦਾਨਾ ਜੀ ਗੁਰੂ-ਘਰ ਦੇ ਰਬਾਬੀ ਤੇ ਰਬਾਬੀ ਪਰੰਪਰਾ ਦੇ ਮੋਢੀ ਸਦਵਾਏ।

> ਗੁਰਮਤਿ ਸੰਗੀਤ ਪੱਧਤੀ ਤੇ ਪਰੰਪਰਾ ਦਾ ਨਿਕਾਸ, ਵਿਕਾਸ ਤੇ ਵਿਗਾਸ ਭਾਈ ਮਰਦਾਨਾ ਜੀ ਦੀ ਰਬਾਬ ਨਾਲ ਆਰੰਭ ਹੁੰਦਾ ਹੈ। ਸਿੱਖ ਧਰਮ ਨੂੰ ਉਨ੍ਹਾਂ ਦੀ ਦੇਣ ਮਹਾਨ ਹੈ...

ਸੰਸਾਰ ਦਾ ਸਭ ਤੋਂ ਵੱਧ ਖ਼ੁਸ਼ਕਿਸਮਤ ਮਾਨਵ ਸੀ ਭਾਈ ਮਰਦਾਨਾ, ਜਿਸ ਨੂੰ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਿਆਰ, ਮੁਹੱਬਤ, ਦੋਸਤੀ ਪ੍ਰਾਪਤ ਹੋਈ। ਸ੍ਰੀ ਗੁਰੂ ਨਾਨਕ ਦੇਵ ਜੀ ਬ੍ਰਹਿਮੰਡੀ ਸ਼ਖ਼ਸੀਅਤ ਸਨ, ਜੋ ਸਮੇਂ-ਸਥਾਨ ਦੀਆਂ ਸੀਮਾਵਾਂ ਤੋਂ ਸੁਤੰਤਰ ਸਨ। ਭਾਈ ਮਰਦਾਨਾ ਵੀ ਸਾਥੀ ਵਜੋਂ ਨਾਲ ਰਹਿ ਕੇ ਜਾਤ, ਧਰਮ, ਖੇਤਰ, ਰੰਗ, ਨਸਲ ਦੀਆਂ ਦੀਵਾਰਾਂ ਨੂੰ ਤੋੜਦਾ ਹੋਇਆ ਸਾਗਰ ਰੂਪ ਹੋ ਗਿਆ। ਵੇਈਂ ਪ੍ਰਵੇਸ਼ ਉਪਰੰਤ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਕੇਤਕ-ਸੰਖੇਪ ਉਦੇਸ਼ ਤੇ ਸੰਦੇਸ਼ 'ਨਾ ਕੋਈ ਹਿੰਦੂ ਨ ਮੁਸਲਮਾਨ' ਮਾਨਵਤਾ ਨੂੰ ਦਿੱਤਾ ਸੀ, ਦਾ ਹੀ ਅਸਲੀ ਪ੍ਰਗਟਾਅ ਭਾਈ ਮਰਦਾਨਾ ਜੀ ਨੇ ਗੁਰੂ ਜੀ ਦਾ ਸੰਗ-ਸਾਥ ਨਿਭਾਉਂਦਿਆਂ ਕੀਤਾ।

ਭਾਈ ਮਰਦਾਨਾ ਜੀ ਨੇ ਘਰ-ਪਰਿਵਾਰ, ਬੱਚਿਆਂ, ਸਾਕ-ਸਬੰਧੀਆਂ ਦਾ ਵਿਛੋੜਾ ਝੱਲਿਆ, ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਾਥ ਨਿਭਾਉਣ ਖ਼ਾਤਰ, ਜਿਸ ਦੌਰਾਨ ਪੱਥਰ-ਦਿਲ ਮੋਮ ਬਣਦੇ, ਚੋਰ, ਠੱਗ ਤੇ ਰਾਖਸ਼ ਸਾਧ ਪ੍ਰਚਾਰਕ ਤੇ ਦੇਵਤੇ ਬਣਦੇ ਤੱਕੇ। ਮਰਦਾਨਾ ਜੀ ਨੇ ਬਾਬਰ ਦੇ ਹਮਲੇ ਸਮੇਂ ਭਾਰਤੀ ਲੋਕਾਂ ਦੀ ਦੁਰਦਸ਼ਾ ਨੂੰ ਅੱਖੀਂ ਤੱਕਿਆ। ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਸੱਚ ਦੇ ਸੁਨੇਹੇ ਨੂੰ ਕੰਨੀਂ ਸੁਣਿਆ। ਤਲਵੰਡੀ ਰਾਇ ਭੋਇ, ਸੁਲਤਾਨਪੁਰ ਲੋਧੀ, ਐਮਨਾਬਾਦ, ਚਹੁੰ-ਖੰਡਾਂ ਦੇ ਭ੍ਰਮਣ ਸਮੇਂ ਗੁਰੂ ਜੀ ਦੇ ਸਾਥ ਨੂੰ ਮਾਣਿਆ, ਤੰਗੀਆਂ-ਤੁਰਸ਼ੀਆਂ ਨੂੰ ਹੰਢਾਇਆ, ਬਿਖੜੇ ਪੈਂਡੇ ਤੈਅ ਕੀਤੇ ਤੇ ਅੰਤ '**ਤੂੰ ਸਾਹਿਬ ਹਉ ਸਾਂਗੀ ਤੇਰਾ ਪ੍ਰਣਵੈ ਨਾਨਕ ਜਾਤਿ ਕੈਸੀ**' ਮੁਤਾਬਕ ਜੀਵਨ ਯਾਤਰਾ ਸਫਲ ਕਰ ਗਏ।

ਇਹ ਬੋਲ ਸੁਣਾਈ ਦੇਂਦੇ ਹਨ ਬਾਬਾ ਤੂੰ ਡੂਮ ਤੇ ਮੈਂ ਤੇਰਾ ਡੂਮ, ਫ਼ਰਕ ਕਿਤਨਾ ਹੈ? ਮੇਰੇ ਤੇਰੇ ਵਿਚ? ਗੁਰਬਾਣੀ ਦਾ ਪਾਵਨ ਸ਼ਬਦ '**ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ..**' ਜਗਤ ਗੁਰੂ ਨਾਨਕ ਦੇਵ ਜੀ ਜਿਸ ਸਮੇਂ ਹਉਮੈ-ਦੀਰਘ ਰੋਗ ਤੋਂ ਪੀੜਤ ਵਲੀ ਕੰਧਾਰੀ ਦਾ ਉਧਾਰ ਕਰਨ ਵਾਸਤੇ ਭਾਈ ਮਰਦਾਨਾ ਜੀ ਦੇ ਸਾਥ ਹਸਨ ਅਬਦਾਲ ਪੰਜਾ ਸਾਹਿਬ ਜਾਂਦੇ ਹਨ ਤਦ ਰੱਬੀ ਮੁਹੱਬਤ ਦੇ ਸਫ਼ਰ ਦੇ ਪਾਂਧੀ ਦੇ ਵਾਰਤਾਲਾਪ ਤੋਂ ਇਕਮਤਾ ਨੇੜਤਾ ਪ੍ਰਗਟ ਹੁੰਦੀ ਹੈ, ਉਸ ਦੀ ਦੂਸਰੀ ਉਦਾਹਰਣ ਮਿਲਣੀ ਮੁਸ਼ਕਲ ਹੈ। ਰੋਗੀ ਜੀਵਾਂ ਨੂੰ ਜੀਵਨ ਦਾਨ ਦੇਂਦੇ ਹੋਏ ਗੁਰੂ ਨਾਨਕ ਸਾਹਿਬ ਜਿੱਥੇ-ਜਿੱਥੇ ਅਸਾਧ ਰੋਗੀਆਂ ਦੀ ਦਸ ਪਈ ਉੱਥੇ ਪਹੁੰਚੇ। ਮਲਕ ਭਾਗੋ ਹਉਮੈ ਦਾ ਰੋਗੀ ਹੈ, ਉਸ ਪਾਸ ਪਹੁੰਚ ਗਏ। ਸੱਜਣ ਠੱਗ ਦਾ ਪਤਾ ਲੱਗਿਆ, ਉਸ ਨੂੰ ਸੱਜਣ ਬਣਾਉਣ ਵਾਸਤੇ ਆਪ ਅੱਪੜੇ। ਹਉਮੈ ਰੋਗੀ ਵਲੀ ਕੰਧਾਰੀ ਦੀ ਚਰਚਾ ਸੁਣੀ ਤਾਂ ਉਸ ਪਾਸ ਪਹੁੰਚ ਗਏ। ਵਲੀ ਕੰਧਾਰੀ ਨੂੰ ਧਾਰਮਿਕ ਹਉਮੈ ਦੇ ਰੋਗ ਤੋਂ ਮੁਕਤ ਕੀਤਾ-ਪਰ ਮੈਂ ਇਥੇ ਭਾਈ ਮਰਦਾਨਾ ਜੀ ਦੀ ਮੁਹੱਬਤ ਨੂੰ ਬਿਆਨ ਕਰਨਾ ਲੋਚਦਾ ਹਾਂ ਪਾਣੀ ਦੀ ਪਿਆਸ ਬੁਝਾਉਣ ਵਾਸਤੇ ਭਾਈ ਮਰਦਾਨਾ ਜੀ ਤਿੰਨ ਵਾਰ ਪਹਾੜੀ 'ਤੇ ਵਲੀ ਕੰਧਾਰੀ ਪਾਸ ਗਏ-ਤੀਸਰੀ ਵਾਰ ਵਲੀ ਕੰਧਾਰੀ ਨੇ ਭਾਈ ਮਰਦਾਨਾ ਦੇ ਨਾਲ ਗੁਰੂ ਨਾਨਕ ਸਾਹਿਬ ਨੂੰ ਵੀ ਮੰਦਾ ਬੋਲਿਆ, ਜੋ ਮਰਦਾਨਾ ਜੀ ਤੋਂ ਸਹਿਆ ਨਾ ਗਿਆ, ਓਏ ਹਉਮੈ ਦੇ ਰੋਗੀ ਵਲੀ ਕੰਧਾਰੀ! ਤੂੰ ਮਰਦਾਨੇ ਮਰਾਸੀ ਦਾ ਨਿਰਾਦਰ ਨਹੀਂ ਕੀਤਾ, ਤੂੰ ਗੁਰੂ ਨਾਨਕ ਦੇਵ ਜੀ ਦਾ ਨਿਰਾਦਰ ਕਰਨ ਦੀ ਹਿਮਾਕਤ ਕੀਤੀ ਜੋ ਮਨੁੱਖਤਾ ਦੇ ਗੁਰੂ ਹਨ। ਮਰਦਾਨਾ ਗੁਰਦੇਵ ਪਿਤਾ ਦੇ ਚਰਨਾਂ 'ਚ ਹਾਜ਼ਰ ਹੋਇਆ ਤੇ ਕਿਹਾ, 'ਬਾਬਾ ਜੀ ਆਪ ਦਾ ਕਹਿਣਾ ਸੀ ਕਿ ਵਲੀ ਰੱਬ ਦਾ ਪੁਜਾਰੀ ਹੈ, ਉਹ ਤਾਂ ਹੰਕਾਰ ਦਾ ਪੁਤਲਾ ਹੈ? ਉਸ ਨੇ ਮੇਰਾ ਨਹੀਂ ਮੇਰੇ ਗੁਰੂ ਦਾ ਅਪਮਾਨ ਕੀਤਾ ਹੈ, ਮੈਂ ਇਹ ਨਹੀਂ ਸਹਾਰ ਸਕਦਾ। ਗੁਰਦੇਵ, ਹੁਣ ਮੇਰੀ ਵੀ ਆਖ਼ਰੀ ਇੱਛਾ ਸੁਣ ਲਵੋ ਮੈਂ ਤੇਰੇ ਦਰ 'ਤੇ ਵਿਲਕ-ਵਿਲਕ ਕੇ ਮਰ ਜਾਵਾਂਗਾ ਪਰ ਪਰਾਏ ਬਾਰ ਦਰ 'ਤੇ ਨਹੀਂ ਜਾਵਾਂਗਾ। ਇਕ ਗੱਲ ਆਪ ਵੀ ਯਾਦ ਰੱਖਿਓ! ਕਿਸੇ ਨੇ ਇਹ ਨਹੀਂ ਕਹਿਣਾ ਮਰਦਾਨਾ ਤਿਹਾਇਆ ਮਰ ਗਿਆ, ਸਾਰੀ ਦੁਨੀਆ ਕਹੇਗੀ-ਗੁਰੂ ਨਾਨਕ ਦਾ ਮੁਰੀਦ ਪਾਣੀ ਤੋਂ ਪਿਆਸਾ ਮਰ ਗਿਆ ਤੇ ਆਪ ਉਸ ਨੂੰ ਪਾਣੀ ਨਹੀਂ ਪਿਆ ਸਕੇ। ਤੁਸੀਂ ਗੁਰਦੇਵ ਆਪਣੇ ਨਾਮ ਬਾਰੇ ਸੋਚੋ-ਮੇਰੇ ਮਰਨ ਨਾਲ ਕੋਈ ਫ਼ਰਕ ਨਹੀਂ ਪੈਣਾ। ਉਲਾਮਾ ਆਪ 'ਤੇ ਹੀ ਆਵੇਗਾ।' ਇਹ ਹੈ ਪਿਆਰ-ਮੁਹੱਬਤ ਦੀ ਇੰਤਹਾ। ਆਪਣੇ ਗੁਰੂ ਨੂੰ ਉਲਾਮਾ ਨਾ ਆਵੇ-ਸਿਰ ਜਾਵੇ ਤਾਂ ਜਾਵੇ।

ਜੰਗਲਾਂ, ਪਹਾੜਾਂ, ਮਾਰੂਥਲਾਂ, ਬਸਤੀਆਂ, ਸ਼ਹਿਰਾਂ, ਵੱਖ-ਵੱਖ ਰਾਜਾਂ, ਦੇਸ਼ਾਂ, ਦਰਿਆਵਾਂ, ਝੀਲਾਂ, ਝਰਨਿਆਂ, ਉਜਾੜਾਂ, ਬੀਆਬਾਨਾਂ, ਬਾਗ਼ਾਂ-ਬਹਾਰਾਂ, ਹੁਮਸਾਂ, ਤਪਸ਼ਾਂ, ਕੱਕਰਾਂ, ਗਰਮੀਆਂ, ਸਰਦੀਆਂ, ਝੱਖਾਂ, ਤਰੇਹਾਂ, ਚੋਰਾਂ, ਠੱਗਾਂ, ਰਾਖਸ਼ਾਂ, ਦੈਂਤਾਂ, ਦੇਵਤਿਆਂ, ਰਾਜਿਆਂ, ਗ਼ਰੀਬ-ਗੁਰਬਿਆਂ, ਕਿਰਤੀਆਂ ਆਦਿ ਅਨੇਕਾਂ ਲੋਕਾਂ ਨਾਲ ਵੱਖ-ਵੱਖ ਸਮਿਆਂ ਤੇ ਪ੍ਰਸਥਿਤੀਆਂ 'ਚ ਮੇਲ-ਮਿਲਾਪ ਹੋਇਆ ਪਰ ਭਾਈ ਮਰਦਾਨਾ ਜੀ ਗੁਰੂ ਕਿਰਪਾ ਸਦਕਾ ਹਰ ਸਮੇਂ ਸਹਿਜ, ਸਤਿ, ਸਬਰ, ਧੀਰਜ ਦੇ ਧਾਰਨੀ ਰਹੇ। ਦਹਾਕਿਆਂ ਦੇ ਸਫ਼ਰ ਦੌਰਾਨ ਕਿਧਰੇ ਵੀ ਕੋਈ ਮਿੱਤਰਤਾ 'ਚ ਦੂਰੀ-ਦੁਫੇੜ ਨਜ਼ਰ ਨਹੀਂ ਆਉਂਦੀ :

**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥**

ਦੇ ਪਾਵਨ ਵਾਕ ਅਨੁਸਾਰ ਭਾਈ ਮਰਦਾਨਾ ਜੀ ਜੀਵਨ-ਮੁਕਤ ਹੋ ਗਏ। ਕਰਤਾਰ-ਕਰਤਾਰ ਕਰਦੇ ਭਾਈ ਮਰਦਾਨਾ ਜੀ ਕਰਤਾਰ 'ਚ ਅਭੇਦ ਹੋ ਗਏ। ਬੂੰਦ ਸਾਗਰ 'ਚ ਮਿਲ ਕੇ ਸਾਗਰ ਰੂਪ ਹੋ ਗਈ। ਜਦ, ਜਿੱਥੇ ਵੀ ਗੁਰੂ ਨਾਨਕ ਸਾਹਿਬ ਬਾਰੇ ਵਿਚਾਰ-ਚਰਚਾ ਹੋਵੇਗੀ, ਉੱਥੇ ਭਾਈ ਮਰਦਾਨਾ ਜੀ ਵੀ ਨਾਲ ਖੜ੍ਹੇ ਮਿਲਣਗੇ। ਮਹਿਸੂਸ ਹੁੰਦਾ ਹੈ ਕਿ ਲੰਬੇ ਸਫ਼ਰਾਂ ਦੀ ਸੰਗਤ ਸਦਕਾ ਭਾਈ ਮਰਦਾਨਾ ਜੀ ਜੀ ਜ਼ੁਬਾਨ 'ਤੇ ਕੇਵਲ ਦੋ ਸ਼ਬਦ ਹੀ ਹੋਣਗੇ-'ਸਤਿ ਬਚਨ' ਅਤੇ 'ਸਤਿ ਕਰਤਾਰ।' •

# ਗੁਰਮਤਿ ਸੰਗੀਤ ਨੂੰ ਰਬਾਬੀਆਂ ਦੀ ਦੇਣ

ਤੀਰਥ ਸਿੰਘ ਢਿੱਲੋਂ

ਰਬਾਬ ਸ਼ਬਦ ਦਾ ਸੰਧੀ-ਛੇਦ ਕਰਨ 'ਤੇ ਇਸ ਦੇ ਅਰਥ ਹਨ-ਰੱਬ+ਆਬ। ਰੱਬ ਅਰਥਾਤ ਪਰਮੇਸਰ ਤੇ ਆਬ ਯਾਨੀ ਪਾਣੀ, ਅਰਥਾਤ ਆਬੇ-ਹਯਾਤ, ਅਜਿਹਾ ਰਸ, ਜਿਸ ਦੇ ਪੀਣ ਨਾਲ ਤਨ, ਮਨ ਹਰਿਆ ਹੋ ਜਾਵੇ। ਰਬਾਬ, ਪੁਰਾਤਨ ਸੰਗੀਤਕ ਸਾਜ਼ ਹੈ, ਜਿਸ ਨੂੰ ਵਜਾਉਣ ਵਾਲਿਆਂ ਨੂੰ ਰਬਾਬੀ ਕਿਹਾ ਜਾਂਦਾ ਹੈ। ਗੁਰਮਤਿ ਸੰਗੀਤ ਨਾਲ ਰਬਾਬ ਦਾ ਸਬੰਧ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਦੀ ਦੇ ਸੰਗੀ ਭਾਈ ਮਰਦਾਨਾ ਜੀ ਤੋਂ ਜੁੜਦਾ ਹੈ।

ਜਦੋਂ ਗੁਰੂ ਸਾਹਿਬ ਨੇ ਸੁਲਤਾਨਪੁਰ ਲੋਧੀ ਤੋਂ ਉਦਾਸੀਆਂ ਸ਼ੁਰੂ ਕੀਤੀਆਂ ਤਾਂ ਉਨ੍ਹਾਂ ਨੇ ਭਾਈ ਮਰਦਾਨਾ ਜੀ ਨੂੰ ਆਪਣਾ ਸੰਗੀ ਚੁਣਿਆ। ਉਸ ਨੂੰ ਖ਼ੁਦ ਰਬਾਬ ਖ਼ਰੀਦ ਕੇ ਦਿੱਤੀ ਤੇ ਜਗਤ ਜਲੰਦੇ ਨੂੰ ਬਚਾਉਣ ਲਈ ਕੀਰਤਨ ਨੂੰ ਮਾਧਿਅਮ ਬਣਾਇਆ। ਗੁਰੂ ਨਾਨਕ ਦੇਵ ਜੀ ਤ੍ਰੈਕਾਲ-ਦਰਸ਼ੀ ਤਾਂ ਸਨ ਹੀ, ਜਦ ਵੀ ਡੂੰਘੀ ਭਗਤੀ ਦੇ ਰੌਅ 'ਚ ਹੁੰਦੇ ਤਾਂ ਮਰਦਾਨੇ ਨੂੰ ਆਵਾਜ਼ ਦਿੰਦੇ, 'ਮਰਦਾਨਿਆ! ਰਬਾਬ ਛੇੜ, ਕਾਈ ਸਿਫ਼ਤ ਖ਼ੁਦਾਇ ਦੀ ਕਰੀਏ।' ਭਾਈ ਗੁਰਦਾਸ ਜੀ ਇਸ ਪ੍ਰਥਾਏ ਲਿਖਦੇ ਨੇ :

- **ਭਲਾ ਰਬਾਬ ਵਜਾਇੰਦਾ, ਮਜਲਿਸ ਮਰਦਾਨਾ ਮੀਰਾਸੀ॥** ਜਾਂ
- **ਇਕ ਬਾਬਾ ਅਕਾਲ ਰੂਪ, ਦੂਜਾ ਮਰਦਾਨਾ ਰਬਾਬੀ॥**



ਭਾਈ ਮਰਦਾਨਾ ਜੀ ਨੂੰ ਸਿੱਖ ਧਰਮ 'ਚ 'ਭਾਈ' ਦਾ ਲਕਬ ਹਾਸਲ ਕਰਨ ਦਾ ਸ਼ਰਫ਼ ਸਭ ਤੋਂ ਪਹਿਲਾਂ ਹਾਸਲ ਹੋਇਆ। ਲੰਬੇ ਸਮੇਂ ਤਕ ਦੇਸ਼-ਵਿਦੇਸ਼ 'ਚ ਗੁਰੂ ਬਾਬੇ ਦਾ ਸਾਥ ਦੇਣ ਵਾਲੇ ਭਾਈ ਮਰਦਾਨਾ ਦੀ 13 ਮੱਘਰ 1591 ਨੂੰ ਅਫ਼ਗਾਨਿਸਤਾਨ ਦੇ ਕੁਰਮ ਸ਼ਹਿਰ 'ਚ ਚਲਾਣਾ ਕਰ ਗਏ। ਉਨ੍ਹਾਂ ਦੀਆਂ ਅੰਤਮ ਰਸਮਾਂ ਗੁਰੂ ਸਾਹਿਬ ਨੇ ਖ਼ੁਦ ਕੀਤੀਆਂ। ਵੈਰਾਗਮਈ ਅਵਸਥਾ ਵਿਚ ਗੁਰੂ ਸਾਹਿਬ ਨੇ ਉਚਾਰਨ ਕੀਤਾ :

**ਟੂਟੀ ਤੰਤ ਰਬਾਬ ਕੀ, ਵਾਜੇ ਨਹੀਂ ਵਿਜੋਗ॥**

ਭਾਈ ਮਰਦਾਨਾ ਜੀ ਦੇ ਬੇਟਿਆਂ ਭਾਈ ਰਜ਼ਾਦਾ, ਭਾਈ ਸਜਾਦਾ ਨੇ ਵੀ ਕੀਰਤਨ ਗਾਵਿਆ। ਰਬਾਬੀਆਂ ਦੀ ਗੁਰੂ ਘਰ ਨਾਲ ਸਾਂਝ ਨੂੰ ਭਾਈ ਸੱਤਾ ਤੇ ਬਲਵੰਡ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਰਾਹੀਂ ਪਕੇਰਾ ਕੀਤਾ। ਉਨ੍ਹਾਂ ਦੱਲੋਂ ਉਚਾਰੀ 'ਟਿੱਕੇ ਦੀ ਵਾਰ' ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ ਨੰਬਰ 967 ਉੱਪਰ ਅੰਕਿਤ ਹੈ :

**ਹੋਵੈ ਸਿਫਤਿ ਖਸਮ ਦੀ ਨੂਰ ਅਰਸਹੁ ਕੁਰਸਹੁ ਝਟੀਐ॥**

**ਤੁਧੁ ਡਿਠੇ ਸਚੇ ਪਾਤਸ਼ਾਹਿ ਮਲ ਜਨਮ ਜਨਮ ਦੀ ਕਟੀਐ॥**

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੇਸ਼ ਦੀ ਵੰਡ ਤਕ ਲੰਮੇਰਾ ਸਮਾਂ ਜ਼ਿਆਦਾਤਰ ਰਬਾਬੀ ਹੀ ਕੀਰਤਨ ਕਰਦੇ ਰਹੇ। ਸੰਗਤਾਂ ਪਿਆਰ ਤੇ ਉਮਾਹ ਨਾਲ ਉਨ੍ਹਾਂ ਪਾਸੋਂ ਕੀਰਤਨ ਸਰਵਣ ਕਰਦੀਆਂ। ਭਾਈ ਬਾਬਕ, ਭਾਈ ਛਬੀਲਾ, ਭਾਈ ਅਬਦੁੱਲਾ, ਭਾਈ ਨੱਥ ਮੱਲ, ਭਾਈ ਸੱਦੂ ਮੱਦੂ, ਭਾਈ ਨੰਦ, ਭਾਈ ਅਮੀਰਾ, ਭਾਈ ਗਿੱਡੂ, ਭਾਈ ਮਹਿਬੂਬ ਅਲੀ ਸਿਤਾਰ ਨਵਾਜ਼, ਭਾਈ ਮਲੰਗ ਖ਼ਾਂ, ਭਾਈ ਆਗਾ ਫ਼ੈਜ਼, ਭਾਈ ਇਨਾਇਤ, ਭਾਈ ਸੰਤੂ, ਭਾਈ ਬੂੜਾ, ਭਾਈ ਰੂੜਾ, ਭਾਈ ਮੋਤੀ, ਭਾਈ ਸਾਈਂ ਦਿੱਤਾ, ਭਾਈ ਤਾਬਾ ਤੇ ਭਾਈ ਲਾਲ ਜੀ (ਵੱਡੇ) ਕੀਰਤਨ ਕਲਾ ਤੇ ਰਾਗ-ਸੰਗੀਤ ਦੇ ਧੁਰੰਤਰ ਫ਼ਨਕਾਰ ਸਨ। ਦੇਸ਼ ਦੀ ਵੰਡ ਤੋਂ ਪਹਿਲਾਂ ਇਹ ਆਲਮ ਸੀ ਕਿ ਭਾਈ ਚਾਂਦ ਤੇ ਭਾਈ ਲਾਲ ਜੀ ਦੀ ਕੀਰਤਨ ਚੌਕੀ ਵੇਲੇ ਸੱਚਖੰਡ ਦੀ ਪਰਿਕਰਮਾ ਸਮੇਤ ਸੰਗਤਾਂ ਲਈ ਤਿਲ ਸੁੱਟਣ ਜੋਗੀ ਵੀ ਥਾਂ ਨਹੀਂ ਸੀ ਬਚਦੀ। ਕਈ ਮੁਸਲਮਾਨ ਵੀਰ ਹਮ-ਮਜ਼ਹਬਾਂ ਨੂੰ ਕਹਿੰਦੇ ਸਨ, 'ਉਨਕੋ ਸੁਨਨੇ ਮਤ ਜਾਨਾ, ਵੋਹ ਹਮੇਂ ਭੀ ਕਾਫ਼ਿਰ ਕਰ ਦੇਂਗੇ।' ਕੀਰਤਨ 'ਚ ਰਬਾਬੀਆਂ ਦਾ ਕੋਈ ਸਾਨੀ ਨਹੀਂ। ਉਹ ਇਕ ਸ਼ਬਦ ਨੂੰ ਇਕ ਘੰਟੇ ਤਕ ਗਾਇਨ ਕਰਨ ਦੀ ਸਮਰਥਾ ਰੱਖਦੇ ਸਨ।

ਇਸ ਸਮੇਂ ਦੌਰਾਨ ਮਹੰਤ ਗੱਜਾ ਸਿੰਘ, ਬਾਬਾ ਸ਼ਾਮ ਸਿੰਘ, ਭਾਈ ਹੀਰਾ ਸਿੰਘ, ਉਸਤਾਦ ਮਹਿਤਾਬ ਸਿੰਘ (ਅੰਮ੍ਰਿਤਸਰ), ਭਾਈ ਮਨਸਾ ਸਿੰਘ, ਭਾਈ ਸ਼ੇਰ ਸਿੰਘ ਗੁਜਰਾਂਵਾਲੀਏ, ਭਾਈ ਉੱਤਮ ਸਿੰਘ, ਦਲੀਪ ਸਿੰਘ ਬੇਦੀ (ਮਗਰੋਂ ਪੰਡਿਤ ਦਲੀਪ ਚੰਦਰ ਬੇਦੀ), ਭਾਈ ਸੁੱਧ ਸਿੰਘ, ਭਾਈ ਹਰਨਾਮ ਸਿੰਘ ਜੰਮੂ, ਭਾਈ ਦਲ ਸਿੰਘ, ਭਾਈ ਸੁੰਦਰ ਸਿੰਘ, ਭਾਈ ਪੂਰਨ ਸਿੰਘ (ਤਰਨਤਾਰਨ), ਭਾਈ ਜਵੰਦ ਸਿੰਘ ਆਦਿ ਗ਼ੈਰ-ਰਬਾਬੀ ਉੱਚ ਕੋਟੀ ਦੇ ਕੀਰਤਨੀਏ ਵੀ ਸਮੇਂ-ਸਮੇਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਕਰਦੇ ਰਹੇ।

ਇਨ੍ਹਾਂ ਦੇ ਨਾਲ-ਨਾਲ ਭਾਈ ਨਸੀਰਾ, ਭਾਈ ਘਸੀਟਾ ਤੇ ਭਾਈ ਛੈਲਾ (ਪਟਿਆਲਾ ਦੇ ਦਰਬਾਰੀ ਫ਼ਨਕਾਰ) ਨੇ ਵੀ ਕੀਰਤਨ ਗਾਇਨ ਕੀਤਾ। ਉਸ ਸਮੇਂ ਰਿਕਾਰਡਿੰਗ ਦੀ ਸਹੂਲਤ ਨਾ ਹੋਣ ਕਾਰਨ ਕੀਰਤਨ ਪ੍ਰੇਮੀ ਤੇ ਕਦਰਦਾਨ ਇਨ੍ਹਾਂ ਮਹਾਨ ਰਬਾਬੀਆਂ ਦੇ ਗਾਇਨ ਕੀਤੇ ਸ਼ਬਦਾਂ ਜਾਂ ਕੀਰਤਨ ਦੇ ਅਣਮੁੱਲੇ ਖ਼ਜ਼ਾਨੇ ਤੋਂ ਮਹਿਰੂਮ ਰਹਿ ਗਏ ਹਨ।

ਭਾਈ ਲਾਲ (ਦੂਜੇ-ਪਾਕਿਸਤਾਨ ਵਾਲੇ), ਰਬਾਬੀ ਪਰੰਪਰਾ ਦੇ ਰੌਸ਼ਨ ਸਿਤਾਰੇ ਸਨ ਪਰ ਅਫ਼ਸੋਸ ਏਧਰ ਆਉਣ-ਜਾਣ ਦੇ ਬਾਵਜੂਦ ਉਹ ਜੀਵਨ ਦੇ ਆਖ਼ਰੀ ਪਹਿਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੁੜ ਕੀਰਤਨ ਕਰਨ ਦੀ ਸਿੱਕ ਦਿਲ 'ਚ ਲੈ ਕੇ ਕੁਝ ਸਮਾਂ ਪਹਿਲਾਂ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋ ਗਏ। ਉਨ੍ਹਾਂ ਵੱਲੋਂ ਗਾਏ ਅਨੇਕਾਂ ਸ਼ਬਦ ਯੂ-ਟਿਊਬ ਤੇ ਜਲੰਧਰ ਦੇ ਕੀਰਤਨ ਆਰਕਾਈਵ 'ਚ ਮਹਿਫ਼ੂਜ਼ ਹਨ। ਉਨ੍ਹਾਂ ਨੂੰ ਬਹੁਤ ਸਾਰੀ ਬਾਣੀ, ਭਾਈ ਨੰਦ ਲਾਲ ਗੋਯਾ ਜੀ ਦੀਆਂ ਫ਼ਾਰਸੀ ਗ਼ਜ਼ਲਾਂ, ਦਸਮ ਗ੍ਰੰਥ ਦੀ ਬਾਣੀ ਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਕੰਠ ਸਨ। ਪਾਕਿਸਤਾਨ 'ਚ ਭਾਈ ਚਾਂਦ ਮੁਹੰਮਦ ਦੂਜੇ ਤੇ ਮਰਹੂਮ ਭਾਈ ਲਾਲ ਜੀ ਦੇ ਦੋ ਸਪੁੱਤਰ ਤੇ ਇਕ ਦੋ ਹੋਰ ਰਬਾਬੀ ਜਥੇ ਇਸ ਵਿਰਾਸਤ ਨੂੰ ਸੰਭਾਲ ਰਹੇ ਹਨ ਪਰ ਮਾਇਕ ਔਕੜਾਂ ਨਾਲ ਜੂਝ ਰਹੇ ਇਹ ਗੁਰੂ ਕੇ ਕੀਰਤਨੀਏ ਕਿੰਨਾ ਚਿਰ ਇਹ ਸੇਵਾ ਜਾਰੀ ਰੱਖਣਗੇ, ਇਹ ਅਕਾਲ ਪੁਰਖ ਹੀ ਜਾਣਦਾ ਹੈ।

ਭਾਈ ਮਰਦਾਨਾ ਜੀ ਦੀ ਅੰਸ-ਬੰਸ ਰਬਾਬੀਆਂ ਨੂੰ 'ਮਰਦਾਨੇ ਕੇ' ਆਖ ਕੇ ਸਤਿਕਾਰ ਦਿੱਤਾ ਜਾਂਦਾ ਹੈ। ਲੋੜ ਹੈ ਕਿ ਇਨ੍ਹਾਂ ਰਬਾਬੀਆਂ ਦੀ ਸਾਰ ਲਈ ਜਾਵੇ ਤਾਂ ਕਿ ਕੀਰਤਨ ਦੀ ਇਹ ਮਹਾਨ ਪਰੰਪਰਾ ਜੀਵੰਤ ਰਹਿ ਸਕੇ। •

83609-13318

# ਤੂੰ ਬੇਅੰਤ ਕੋ ਵਿਰਲਾ ਜਾਣੈ

ਜੇ ਕੋਈ ਗੁਰਸਿੱਖ ਪਰਮਾਤਮਾ ਨਾਲ ਇਕ-ਚਿਤ ਹੋ ਕੇ ਵਾਹਿਗੁਰੂ ਗੁਰਮੰਤਰ ਦੀ ਅਰਾਧਨਾ ਕਰਦਾ ਹੈ ਤਾਂ ਉਹ ਆਪਣਾ ਜੀਵਨ ਮਹਾਪੁਰਖਾਂ ਵਰਗਾ ਬਣਾ ਸਕਦਾ ਹੈ। ਪਰਮਾਤਮਾ ਦੇ ਦਰ 'ਤੇ ਉਨ੍ਹਾਂ ਨੂੰ ਮਾਣ ਮਿਲਦਾ ਹੈ ਜੋ ਪ੍ਰਭੂ ਦੇ ਗੁਣ ਗਾਉਂਦੇ ਹਨ...

ਹਰਦੇਵ ਸਿੰਘ ਕਲਸੀ

ਇਹ ਫ਼ੁਰਮਾਨ ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ, ਬਾਣੀ ਕੇ ਬੋਹਿਥ, ਸੇਵਾ ਤੇ ਸਿਮਰਨ ਦੇ ਸੋਮੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਮੁਖਾਰਬਿੰਦ ਤੋਂ ਉਚਾਰਨ ਹੋਏ, ਜੋ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 562-563 ਅੰਗ 'ਤੇ ਸੁਸ਼ੋਭਿਮਾਨ ਹਨ। ਇਸ ਫ਼ੁਰਮਾਨ ਰਾਹੀਂ ਸਾਹਿਬ ਨੇ ਗੁਰਮਤਿ ਦੇ ਰਾਹ 'ਤੇ ਚੱਲਣ ਵਾਲੇ ਉਨ੍ਹਾਂ ਮਹਾਂਪੁਰਖਾਂ ਦੇ ਜੀਵਨ ਸਬੰਧੀ ਜਗਿਆਸੂਆਂ ਨੂੰ ਸੋਝੀ ਪਾਈ ਹੈ, ਜਿਨ੍ਹਾਂ ਨੇ ਉਸ ਪਰਮੇਸ਼ਰ ਦਾ ਨਾਮ ਜਪ ਕੇ ਸਵਾਸ-ਸਵਾਸ ਸਿਮਰਨ ਅਭਿਆਸ ਕਰ ਕੇ ਪਰਮਗਤੀ ਪ੍ਰਾਪਤ ਕੀਤੀ ਤੇ ਪਰਮਾਤਮਾ ਦੇ ਦਰ 'ਤੇ ਪਰਵਾਨ ਹੋਏ। ਗੁਰੂ ਗ੍ਰੰਥ ਸਾਹਿਬ ਦੇ ਮਾਝ ਰਾਗ ਪੰਨਾ 94 ਉੱਪਰ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ ਅਜਿਹੇ ਮਹਾਪੁਰਖਾਂ ਸਬੰਧੀ ਸੋਝੀ ਦੀ ਬਖ਼ਸ਼ਿਸ਼ ਕੀਤੀ :

**ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ॥**
**ਵਡਭਾਗੀ ਹਰਿ ਨਾਮੁ ਧਿਆਇਆ॥**
**ਗੁਰਿ ਪੂਰੈ ਹਰਿ ਨਾਮ ਸਿਧਿ ਪਾਈ॥**
**ਕੋ ਵਿਰਲਾ ਗੁਰਮਤਿ ਚਲੈ ਜੀਉ॥**

ਸੰਸਾਰ 'ਚ ਜਿੱਥੇ ਪਰਮਾਤਮਾ ਨੇ ਸ੍ਰਿਸ਼ਟੀ ਦੀ ਰਚਨਾ ਕਰ ਕੇ ਅਨੇਕਾਂ ਜੀਵ ਆਪਣਾ ਜੀਵਨ ਜਿਊਣ ਲਈ ਭੇਜੇ ਹਨ ਪਰ ਏਡੀ ਦੁਨੀਆ 'ਚ ਕੁਝ ਵਿਰਲੇ ਹੀ ਰੱਬ ਦੇ ਪਿਆਰੇ ਹੁੰਦੇ ਹਨ ਜਿਹੜੇ ਭਗਤੀ ਤੇ ਸਿਮਰਨ ਰਾਹੀਂ ਅੰਦਰੋ ਗਿਆਨ ਪ੍ਰਾਪਤ ਕਰਦੇ ਹਨ, ਜਿਵੇਂ ਪਾਤਸ਼ਾਹ ਦਾ ਫ਼ੁਰਮਾਨ ਹੈ :

**ਤੂੰ ਬੇਅੰਤ ਕੋ ਵਿਰਲਾ ਜਾਣੈ॥**
**ਗੁਰਪ੍ਰਸਾਦਿ ਕੋ ਸਬਦ ਪਛਾਣੈ॥**

ਪਰ ਇਹ ਸੋਝੀ ਉਨ੍ਹਾਂ ਨੂੰ ਹੀ ਪ੍ਰਾਪਤ ਹੁੰਦੀ ਹੈ ਜਿਨ੍ਹਾਂ ਉੱਪਰ ਪ੍ਰਭੂ ਦੀ ਦਇਆ ਹੁੰਦੀ ਹੈ ਉਹੀ ਉਸ ਦੇ ਭੇਦਾਂ ਨੂੰ ਜਾਣਨ ਦੇ ਸਮਰੱਥ ਹੁੰਦੇ ਹਨ :

**ਦਇਆਲ ਪੁਰਖ ਮੇਰੇ ਪ੍ਰਭ ਦਾਤੇ॥**
**ਜਿਸਹਿ ਜਨਾਵਹ ਤਿਨਹਿ ਤੁਮ ਜਾਤੇ॥**

ਬਾਣੀ ਨੂੰ ਗੁਰਬਾਣੀ ਦੇ ਚਾਨਣ 'ਚ ਜਦੋਂ ਕੋਈ ਜਗਿਆਸੂ ਵਿਚਾਰ ਕੇ ਪੜ੍ਹਦਾ ਹੈ ਤਾਂ ਉਸ ਨੂੰ ਗਿਆਨ ਹੁੰਦਾ ਹੈ ਕਿ ਜੋ ਬਾਣੀ ਜ਼ੁਬਾਨੀ ਪੜ੍ਹੀ ਜਾਂਦੀ ਹੈ ਉਹ ਬੈਖਰੀ ਬਾਣੀ ਹੈ ਪਰ ਇਹ ਨਾਮ ਜਪਣ ਦੀ ਪਹਿਲੀ ਸਟੇਜ ਹੈ ਜਦੋਂ ਇਹ ਨਾਮ ਅਭਿਆਸੀ ਹੌਲੀ-ਹੌਲੀ 'ਵਾਹਿਗੁਰੂ' ਗੁਰਮੰਤਰ ਦਾ ਅਭਿਆਸ ਕਰਦਿਆਂ-ਕਰਦਿਆਂ 'ਬਾਣੀ ਵਿਰਲੌ ਵੀਚਾਰਸੀ' ਦੇ ਕਥਨ ਅਨੁਸਾਰ ਹਿਰਦੇ ਰਾਹੀਂ ਨਾਮ ਸਿਮਰਨ ਕਰਦਾ ਹੈ ਤਾਂ ਅੰਤਰ ਆਤਮੇ ਉਸ ਦੀ ਦਿਬ-ਦ੍ਰਿਸ਼ਟੀ ਖੁੱਲ੍ਹ ਜਾਂਦੀ ਹੈ ਤੇ ਉਸ ਅੰਦਰ ਵੈਰਾਗ ਉਤਪੰਨ ਹੋਣਾ ਸ਼ੁਰੂ ਹੋ ਜਾਂਦਾ ਹੈ :

**ਜੋ ਮਨ ਮਾਰਹਿ ਆਪਣਾ ਸੇ ਪੁਰਖ ਬੈਰਾਗੀ ਰਾਮ॥**

ਗਿਆਨੀ ਭਗਤ ਸਿੰਘ ਆਪਣੀ ਪੁਸਤਕ 'ਕਥਾ ਉਪਦੇਸ਼ ਸਾਗਰ' ਵਿਚ ਅਜਿਹੇ ਮਹਾਂਪੁਰਸ਼ਾਂ ਦੀ ਅਵਸਥਾ ਇੰਜ ਦੱਸਦੇ ਹਨ :

ਜਿਨ੍ਹਾਂ ਉੱਤੇ ਮਿਹਰ ਕੀਤੀ ਆਪ ਕਰਤਾਰ ਸੱਚੇ,
ਜਾਂਦੇ ਸਤਿਸੰਗ ਤੇ ਵਿਚਾਰ ਸ਼ੁਭ ਧਾਰਦੇ॥
ਤੁਰੀਆ ਅਵਸਥਾ ਤੋਂ ਪੁੱਜਦੇ ਨੇ ਸਤਵੀਂ 'ਚ
'ਵਾਹਿਗੁਰੂ' ਸਦਾ ਮੁੱਖੋਂ ਨੇ ਉਚਾਰਦੇ॥
ਉਨ੍ਹਾਂ ਜੱਸ ਖਟਿਆ ਹੈ ਇਸ ਸੰਸਾਰ ਉੱਤੇ
ਜਿਨ੍ਹਾਂ ਨੇਹੁ ਲਾਇਆ ਨਾਲ ਸੱਚੇ ਕਰਤਾਰ ਦੇ॥

ਜੇ ਸੰਸਾਰ 'ਚ ਝਾਤੀ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਕਰੋੜਾਂ ਦੀ ਆਬਾਦੀ ਵਿੱਚੋਂ ਵਿਰਲੇ ਹੀ ਉਸ ਪਰਮਾਤਮਾ ਨਾਲ ਜੁੜ ਕੇ ਰੱਬੀ ਰਸ ਦਾ ਆਨੰਦ ਮਾਣਦੇ ਹਨ ਜਿਨ੍ਹਾਂ ਉੱਪਰ ਸਤਿਗੁਰੂ ਆਪ ਮਿਹਰ ਕਰਕੇ 'ਸੇ ਸਿਮਰਹਿ ਜਿਨ ਆਪ ਸਿਮਰਾਇ' ਦੇ ਕਥਨ ਮੁਤਾਬਕ ਉਨ੍ਹਾਂ ਤੋਂ ਨਾਮ ਜਪਾਉਂਦੇ ਹਨ :

**- ਕੋਟਿ ਮਧੇ ਕੋ ਵਿਰਲਾ ਸੇਵਕ ਹੋਰ ਸਗਲੇ ਬਿਉਹਾਰੀ**

**- ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ**

ਅਸੀਂ ਰੋਜ਼ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਕਰਦੇ ਹੋਏ ਇਨ੍ਹਾਂ ਤੁਕਾਂ ਦਾ ਜਾਪ ਕਰਦੇ ਹਾਂ :

**ਕਹੁ ਨਾਨਕ ਕਿਰਪਾ ਕਰੇ ਜਿਸਨੋ ਏਹ ਵਥੁ ਦੇਇ॥**
**ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ॥**

'ਸਾਰਕੁਤਾਵਲੀ' ਦੇ ਨੀਤੀਵਾਨਾਂ ਦਾ ਵੀ ਕਹਿਣਾ ਹੈ :

ਗਿਰ ਗਿਰ ਮੈ ਮਾਣਕ ਨਹੀ ਗਜ ਗਜ ਮੋਤੀ ਨਾਹਿ॥
ਚੰਦਨ ਤਰ ਬਨ ਬਨ ਨਹੀ ਸੰਤ ਨਾ ਪੁਰਿ ਪੁਰਿ ਮਾਹਿ॥

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਅਜਿਹੇ ਮਹਾਂਪੁਰਖਾਂ ਦੇ ਪ੍ਰਥਾਇ ਬਹੁਤ ਪਿਆਰੇ ਬਚਨ ਹਨ :

**ਜਿਨਾ ਸਾਸਿ ਗਿਰਾਸ ਨ ਵਿਸਰੇ ਹਰਿ ਨਾਮਾ ਮਨਿ ਮੰਤੁ॥**



**ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥**

ਕੁਦਰਤ ਦਾ ਨਿਯਮ ਹੈ ਕਿ ਜੋ ਸੰਤ, ਮਹਾਂਪੁਰਸ਼, ਬ੍ਰਹਮਗਿਆਨੀ ਤੇ ਸਮ ਦ੍ਰਿਸਟੀ ਹੈ, ਉਸ ਨੂੰ ਇਹ ਮੁਰਾਤਬਾ ਬਿਨਾਂ ਸਾਧਨਾ ਪ੍ਰਾਪਤ ਨਹੀਂ ਹੁੰਦਾ, ਜਿਵੇਂ ਪਹਾੜਾਂ ਨੂੰ ਚੀਰੇ ਬਿਨਾਂ ਹੀਰੇ ਪ੍ਰਾਪਤ ਨਹੀਂ ਹੁੰਦੇ ਇਸੇ ਤਰ੍ਹਾਂ ਪੂਰਨ ਸਾਧੂ ਤੇ ਬ੍ਰਹਮ ਗਿਆਨੀ ਦੇ ਰੁਤਬੇ ਤੇ ਪਹੁੰਚਣ ਲਈ ਘਾਲਣਾ ਘਾਲਣੀਆ ਪੈਂਦੀਆਂ ਹਨ। ਜਦੋਂ ਭਗਤੀ ਕਰਦੇ-ਕਰਦੇ ਸ਼ਬਦ ਤੇ ਸੁਰਤ ਦੇ ਸੁਮੇਲ ਰਾਹੀਂ ਸਵਾਸ-ਸਵਾਸ ਸਿਮਰਨ ਕਰਦੇ ਹਨ ਤਾਂ ਇਨ੍ਹਾਂ ਨੂੰ ਸਮੇਂ ਦਾ, ਭੁੱਖ ਤੇ ਪਿਆਸ ਦਾ ਵੀ ਪਤਾ ਨਹੀਂ ਰਹਿੰਦਾ। ਇਸ ਅਵਸਥਾ ਨੂੰ ਸ਼ੇਖ਼ ਫ਼ਰੀਦ ਜੀ ਨੇ ਬਾਣੀ ਰਾਹੀਂ ਬਹੁਤ ਸੁੰਦਰ ਸ਼ਬਦਾਂ 'ਚ ਬਿਆਨ ਕੀਤਾ ਹੈ :

**ਫਰੀਦਾ ਤਨੁ ਸੁਕਾ ਪਿੰਜਰ ਥੀਆ ਤਲੀਆ ਖੂੰਡਹਿ ਕਾਗ॥**
**ਅਜੈ ਸੁ ਰਬੁ ਨਾ ਬਹੁੜਿਓ ਦੇਖੁ ਬੰਦੇ ਕੇ ਭਾਗ॥**

ਭਗਤੀ ਕਰਦਿਆਂ ਰੱਬ ਦੇ ਪਿਆਰਿਆਂ ਦਾ ਪਰਮੇਸ਼ਰ ਨਾਲ ਸੱਚਾ ਪਿਆਰ ਪੈ ਜਾਂਦਾ ਹੈ। ਕਲਗੀਧਰ ਪਾਤਸ਼ਾਹ ਦਾ ਫ਼ੁਰਮਾਨ ਹੈ :

**ਸਾਚੁ ਕਹੂੰ ਸੁਨਿ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥**

ਕਈ ਐਸੀਆਂ ਬਖ਼ਸ਼ੀਆਂ ਰੂਹਾਂ ਹੋ ਚੁੱਕੀਆਂ ਹਨ ਜਿਨ੍ਹਾਂ ਨੇ ਸਾਰੀ ਉਮਰ ਆਪ ਕਮਾਈ ਕੀਤੀ ਤੇ '**ਆਪਿ ਤਰੇ ਸਗਲ ਕੁਲ ਤਾਰੇ ਹਰ ਦਰਗਹਿ ਪਤਿ ਸਿਉ ਜਾਇਦਾ**' ਦੇ ਕਥਨ ਮੁਤਾਬਕ ਲੱਖਾਂ ਲੋਕਾਂ ਨੂੰ ਪਰਮੇਸ਼ਰ ਭਗਤੀ ਦਾ ਉਪਦੇਸ਼ ਦੇ ਕੇ ਕਲਗੀਧਰ ਪਾਤਸ਼ਾਹ ਦੀ ਬਖ਼ਸ਼ਿਸ਼ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰਸਿੱਖੀ ਦੇ ਰਾਹ ਤੋਰਿਆ, ਜਿਵੇਂ ਸੰਤ ਬਾਬਾ ਹਰਿਨਾਮ ਸਿੰਘ ਡੂਚੇ ਮੰਡੀ, ਬਾਬਾ ਨੰਦ ਸਿੰਘ ਨਾਨਕਸਰ, ਬਾਬਾ ਅਤਰ ਸਿੰਘ ਰੇਰੂ ਸਾਹਿਬ, ਬਾਬਾ ਅਤਰ ਸਿੰਘ ਮਸਤੂਆਣਾ, ਬਾਬਾ ਈਸ਼ਰ ਸਿੰਘ ਰਾੜਾ ਸਾਹਿਬ, ਬਾਬਾ ਸਾਹਿਬ ਸਿੰਘ ਬੇਦੀ, ਬਾਬਾ ਸੁੰਦਰ ਸਿੰਘ ਤੇ ਬਾਬਾ ਗੁਰਬਚਨ ਸਿੰਘ ਭਿੰਡਰਾਂ ਵਾਲੇ, ਬਾਬਾ ਕਰਮ ਸਿੰਘ ਹੋਤੀ ਮਰਦਾਨ, ਬਾਬਾ ਹਰਿਨਾਮ ਸਿੰਘ ਰਾਮਪੁਰ ਖੇੜੇ ਵਾਲੇ ਤੇ ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲ ਅਜਿਹੇ ਯੁੱਗ ਪੁਰਸ਼ ਹੋਏ ਹਨ। ਅਜਿਹੀ ਅਵਸਥਾ ਨੂੰ ਗੁਰੂ ਅਰਜਨ ਦੇਵ ਜੀ ਦੀ ਉਚਾਰੀ ਹੋਈ ਬਾਣੀ 'ਸੁਖਮਨੀ ਸਾਹਿਬ' ਵਿਚ ਦਰਜ ਕੀਤਾ ਗਿਆ ਹੈ :

**ਸਾਧ ਕੀ ਸੋਭਾ ਊਚ ਤੇ ਊਚੀ॥**
**ਸਾਧ ਕੀ ਸੋਭਾ ਮੂਚ ਤੇ ਮੂਚੀ॥**
**ਸਾਧ ਕੀ ਸੋਭਾ ਸਾਧ ਬਨਿ ਆਈ॥**
**ਨਾਨਕ ਸਾਧ ਪ੍ਰਭ ਭੇਦੁ ਨ ਭਾਈ॥**
**ਬ੍ਰਹਮ ਗਿਆਨੀ ਊਚ ਤੇ ਊਚਾ॥**
**ਮਨ ਅਪਨੈ ਹੈ ਸਭ ਤੇ ਨੀਚਾ॥**
**ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ॥**
**ਬ੍ਰਹਮ ਗਿਆਨੀ ਏਕ ਸੰਗ ਹੇਤਾ॥**
**ਬ੍ਰਹਮ ਗਿਆਨੀ ਨਾ ਅੰਤ ਨ ਪਾਰੁ॥**
**ਨਾਨਕ ਬ੍ਰਹਮ ਗਿਆਨੀ ਕੌ ਸਦਾ ਨਮਸਕਾਰੁ॥**
**ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ॥**
**ਜਿਸ ਹਿਰਦੈ ਹਰਿ ਨਾਮੁ ਮੁਰਾਰਿ॥**

ਜੇ ਕੋਈ ਗੁਰਸਿੱਖ ਅੰਮ੍ਰਿਤ ਵੇਲੇ ਇਸ਼ਨਾਨ ਸੋਧ ਕੇ ਪਰਮਾਤਮਾ ਨਾਲ ਇਕ-ਚਿਤ ਹੋ ਕੇ ਮਨੁਖਾ ਦੇਹੀ ਦੀ ਸਫ਼ਲਤਾ ਲਈ 'ਵਾਹਿਗੁਰੂ' ਗੁਰਮੰਤਰ ਦੀ ਅਰਾਧਨਾ ਕਰਦਾ ਹੈ ਤਾਂ ਉਹ ਹੌਲੀ-ਹੌਲੀ '**ਰੰਗ ਲਾਗਤ ਲਾਗਤ ਲਾਗਤ ਹੈ**' ਦੇ ਕਥਨ ਅਨੁਸਾਰ ਮਹਾਪੁਰਖਾਂ ਵਰਗਾ ਜੀਵਨ ਬਣਾ ਸਕਦਾ ਹੈ। ਪਰਮਾਤਮਾ ਦੇ ਦਰ 'ਤੇ ਉਨ੍ਹਾਂ ਨੂੰ ਮਾਣ ਮਿਲਦਾ ਹੈ ਜੋ ਉਸ ਪ੍ਰਭੂ ਦੇ ਗੁਣ ਗਾਉਂਦੇ ਹਨ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ :

**ਜਿਨ ਸੇਵਿਆ ਤਿਨਿ ਪਾਇਆ ਮਾਨੁ॥**
**ਨਾਨਕ ਗਾਵੀਐ ਗੁਣੀ ਨਿਧਾਨੁ॥** •

99144-91100

# ਸਿੱਖੀ ਸਿਦਕ ਦੀ ਕਸਵੱਟੀ ਤੱਤੀ ਤਵੀ

ਸੁਖਪਾਲ ਸਿੰਘ ਗਿੱਲ

ਜਦੋਂ ਬਾਲ ਅਵਸਥਾ ਵਿਚ ਪੰਚਮ ਪਾਤਸ਼ਾਹ ਨਾਨਾ ਸ੍ਰੀ ਗੁਰੂ ਅਮਰਦਾਸ ਜੀ ਨਾਲ ਗੁਰੂ-ਗੱਦੀ 'ਤੇ ਬੈਠ ਗਏ ਤਾਂ ਤੀਜੀ ਪਾਤਸ਼ਾਹੀ ਨੇ ਕਿਹਾ 'ਦੋਹਤਾ ਕਾਹਲ ਨਾ ਕਰ ,ਵੇਲਾ ਆਉਣ ਦੇ।' ਇਸ ਵਾਕ ਨੇ ਗੁਰੂ ਅਰਜਨ ਦੇਵ ਜੀ ਬਾਰੇ ਸਭ ਕੁਝ ਸਪਸ਼ਟ ਕਰ ਦਿੱਤਾ ਸੀ। ਗੁਰੂਗੱਦੀ ਦਾ ਲੱਛਣ ਦੇਖ ਕੇ ਗੁਰੂ ਅਮਰਦਾਸ ਜੀ ਨੇ 'ਦੋਹਿਤਾ ਬਾਣੀ ਦਾ ਬੋਹਿਥਾ' ਦਾ ਫ਼ੁਰਮਾਨ ਕੀਤਾ। ਇਸੇ ਫ਼ੁਰਮਾਨ ਤਹਿਤ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ। ਸਿੱਖੀ ਦੀ ਕਸਵੱਟੀ ਉੱਤੇ ਵਿਰਲਾ ਹੀ ਪਾਸ ਹੁੰਦਾ ਹੈ। ਪਹਿਲੇ ਪਾਤਸ਼ਾਹ ਨੇ ਕਸਵੱਟੀ 'ਤੇ ਪਰਖ ਕੇ ਹੀ ਅੰਗਦ ਦੇਵ ਜੀ ਨੂੰ ਗੁਰੂ ਬਣਾਇਆ ਸੀ। ਅਡੋਲ ਸਿਦਕ ਦੀ ਮੂਰਤ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜਦੋਂ ਜਹਾਂਗੀਰ ਹਕੂਮਤ ਨੇ ਅਸਹਿ-ਅਕਹਿ ਕਸ਼ਟ ਦਿੱਤੇ ਤਾਂ ਉਹ ਸਿਦਕ ਦੀ ਕਸਵੱਟੀ 'ਤੇ ਪੂਰਾ ਉਤਰੇ ਅਤੇ ਮਾਨਵਤਾ ਨੂੰ ਭਾਣਾ ਮੰਨਣ ਦਾ ਪੈਗ਼ਾਮ ਦੇ ਗਏ। ਗ਼ੁਲਾਮ ਭਾਰਤ ਦੀ ਇਹ ਪਹਿਲੀ ਸ਼ਹੀਦੀ ਸੀ, ਜਿਸ ਨੇ ਸੁੱਤੀ ਕਾਇਨਾਤ ਜਗਾ ਦਿੱਤੀ ਸੀ।

ਚੰਦੂ ਦੀ ਧੀ ਦਾ ਰਿਸ਼ਤਾ ਗੁਰੂ ਜੀ ਨੇ ਆਪਣੇ ਪੁੱਤਰ ਲਈ ਇਸ ਕਰਕੇ ਅਪ੍ਰਵਾਨ ਕੀਤਾ ਕਿਉਂਕਿ ਉਹ ਗੁਰੂ ਘਰ ਦੀ ਤੁਲਨਾ ਆਪਣੇ ਖ਼ਾਨਦਾਨ ਨਾਲ ਕਰਨ ਲੱਗਾ ਸੀ। ਭਾਈ ਪ੍ਰਿਥੀ ਚੰਦ ਦੀ ਈਰਖਾ ਵੀ ਸਹਿਣੀ ਪਈ ਕਿਉਂਕਿ ਪ੍ਰਿਥੀ ਚੰਦ ਸਿੱਖੀ ਦੀ ਕਸਵੱਟੀ 'ਤੇ ਪੂਰਾ ਨਾ ਉਤਰਨ ਕਰਕੇ ਗੁਰੂ ਗੱਦੀ ਤੋਂ ਵਾਂਝਾ ਰਹਿ ਗਿਆ ਸੀ। ਇਹੋ ਜਿਹੇ ਕਾਰਨਾਂ ਕਰਕੇ ਅਤੇ ਗੁਰੂ ਸਾਹਿਬ ਵੱਲੋਂ ਜਹਾਂਗੀਰ ਦੀ ਈਨ ਨਾ ਮੰਨਣ ਕਰਕੇ ਗੁਰੂ ਜੀ ਦਾ ਸਿਦਕ ਅਡੋਲ ਰਿਹਾ। ਉਨ੍ਹਾਂ ਦੇ ਸਿਦਕ ਨੂੰ ਤੱਤੀ ਤਵੀ 'ਤੇ ਬਿਠਾ ਕੇ ਹਕੂਮਤ ਨੇ ਡੁਲਾਉਣ ਦੀ ਕੋਸ਼ਿਸ਼ ਕੀਤੀ ਪਰ ਪੰਚਮ ਪਾਤਸ਼ਾਹ ਕਾਇਨਾਤ ਨੂੰ ਰੱਬ ਦੀ ਰਜ਼ਾ ਵਿਚ ਰਹਿਣ ਦਾ ਪੈਗ਼ਾਮ ਦੇ ਗਏ। ਇਥੋਂ ਹੀ ਸਿੱਖ ਕੌਮ ਵਿਚ ਭਾਣਾ ਮੰਨਣ ਦਾ ਜਜ਼ਬਾ ਪੈਦਾ ਹੋਇਆ। ਸਿੱਖ ਕੌਮ ਲਈ ਸਿੱਖੀ ਸਿਦਕ ਦਾ ਨਵਾਂ ਇਤਿਹਾਸ ਸ਼ੁਰੂ ਹੋਇਆ ਸੀ। ਤੱਤੀ ਤਵੀ ਤੇ ਬੈਠ ਕੇ ਉਹ ਆਪਣੀ ਜੋਤ ਹਰਗੋਬਿੰਦ ਪਾਤਸ਼ਾਹ ਵਿਚ ਪਲਟ ਗਏ :

**ਅਰਜਨ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ॥**

ਪੰਜਾਬੀ ਸਾਹਿਤ ਅੰਦਰ ਵੀ ਅੱਜ ਸ਼ਹੀਦਾਂ ਦੇ ਸਿਰਤਾਜ ਦਾ ਇਤਿਹਾਸ ਪੰਚਮ ਪਾਤਸ਼ਾਹ ਕਰਕੇ ਹੀ ਗੂੰਜਦਾ ਹੈ। ਪਾਤਸ਼ਾਹ ਨੂੰ ਮੌਤ ਨੇ ਸਲਾਮ ਕੀਤਾ। ਤੱਤੀ ਤਵੀ 'ਤੇ ਬੈਠ ਕੇ ਉਹ ਸਿੱਖ ਕੌਮ ਨੂੰ ਸਿਦਕ ਤੇ ਭਾਣਾ ਮੰਨਣ ਦਾ ਸਦੇਸ਼ ਦੇ ਗਏ। ਅੱਜ ਤਕ ਦੁਨੀਆ ਦੇ ਇਤਿਹਾਸ ਵਿਚ ਸਿਦਕ ਅਤੇ ਰਜ਼ਾ 'ਚ ਰਹਿਣ ਦੀ ਅਜਿਹੀ ਉਦਾਹਰਣ ਕਿਧਰੇ ਨਹੀਂ ਮਿਲਦੀ। •

98781-11445



# ਪੂਰੇ ਸੂਬੇ ਵਿਚ ਹੋਵੇਗਾ ਸੰਵਿਧਾਨ ਪ੍ਰਸਤਾਵਨਾ ਵਾਚਨ ਪ੍ਰੋਗਰਾਮ

**ਚੰਡੀਗੜ੍ਹ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਵੱਲੋਂ 'ਹਮਾਰਾ ਸੰਵਿਧਾਨ ਹਮਾਰਾ ਸਵਾਭੀਮਾਨ' ਤਹਿਤ ਪੂਰੇ ਸੂਬੇ ਵਿਚ ਸੰਵਿਧਾਨ ਪ੍ਰਸਤਾਵਨਾ ਵਾਚਨ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਜਾਵੇਗਾ। ਇਹ ਪ੍ਰੋਗਰਾਮ ਸਾਰੇ ਜਿਲ੍ਹਿਆਂ ਦੇ ਮਿਨੀ ਸਕੱਤਰੇਤਾਂ ਤੇ ਹੋਰ ਦਫਤਰਾਂ ਦੇ ਨਾਲ-ਨਾਲ ਸਾਰੇ ਸਰਕਾਰੀ ਅਤੇ ਨਿਜੀ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਸਥਾਨਕ ਨਿਗਮਾਂ (ਪਿੰਡ ਪੰਚਾਇਤਾਂ, ਨਗਰਪਾਲਿਕਾਵਾਂ, ਨਗਰ ਪਰਿ ਚੰਡੀਗੜ੍ਹ, ਹਰਿਆਣਾ ਦਾਂ ਅਤੇ ਨਗਰ ਨਿਗਮ) ਵਿਚ ਪ੍ਰਬੰਧਿਤ ਕੀਤਾ ਜਾਵੇਗਾ।

ਮੁੱਖ ਸਕੱਤਰ ਦਫਤਰ ਵੱਲੋਂ ਸਾਰੇ ਪ੍ਰਸਾਸ਼ਨਿਕ ਸਕੱਤਰਾਂ, ਵਿਭਾਗਾਂ ਦੇ ਪ੍ਰਮੁੱਖਾਂ, ਡਿਵੀਜਨਲ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ, ਬੋਰਡਾਂ ਤੇ ਨਿਗਮਾਂ ਦੇ ਪ੍ਰਬੰਧ ਨਿਦੇਸ਼ਕਾਂ ਤੇ ਮੁੱਖ ਪ੍ਰਸਾਸ਼ਕਾਂ , ਰਾਜ ਦੇ ਸਾਰੀ ਯੂਨੀਵਰਸਿਟੀਆਂ ਦੇ ਵਾਇਸ ਚਾਂਸਲਰਾਂ, ਨਿਗਮ ਕਮਿਸ਼ਨਰਾਂ, ਸਬ-ਡਵੀਜਨ ਅਧਿਕਾਰੀਆਂ (ਸਿਵਲ) ਅਤੇ ਜਿਲ੍ਹਾ ਪਰਿਸ਼ਦਾਂ ਦੇ ਮੁੱਖ ਕਾਰਜਕਾਰੀ ਅਧਿਕਾਰੀਆਂ ਨੂੰ ਇਸ ਸਬੰਧ ਦਾ ਇਕ ਪੱਤਰ ਲਿਖਿਆ ਗਿਆ ਹੈ।

ਪੱਤਰ ਵਿਚ ਕਿਹਾ ਗਿਆ ਹੈ ਕਿ ਕੇਂਦਰ ਸਰਕਾਰ ਵੱਲੋਂ ਦੇਸ਼ ਦਾ ਸੰਵਿਧਾਨ ਅਪਨਾਉਣ ਦੇ 75 ਸਾਲ ਪੂਰੇ ਹੋਣ ਦੇ ਮੌਕੇ ਵਿਚ 26 ਨਵੰਬਰ, 2024 ਤੋਂ ਪੂਰੇ ਸਾਲ ਚੱਲਣ ਵਾਲੇ ਇਤਿਹਾਸਕ ਸਮਾਰੋਹ ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਫੈਸਲਾ ਸਾਡੇ ਲੋਕਤੰਤਰ ਦੀ ਵਰਨਣਯੋਗ ਯਾਦਰਾ ਅਤੇ ਸਾਡੇ ਸੰਸਥਾਪਕ ਸਿਦਾਂਤਾਂ ਅਤੇ ਸੰਵੈਧਾਨਿਕ ਮੁੱਲਾਂ ਦੀ ਥਸਾਈ ਵਿਰਾਸਤ ਨੂੰ ਦਰਸ਼ਾਉਂਦਾ ਹੈ।

ਇੰਨ੍ਹਾਂ ਸਮਾਰੋਹਾਂ ਦਾ ਉਦੇਸ਼ ਸੰਵਿਧਾਨ ਵਿਚ ਨਿਹਿਤ ਮੂਲ ਮੁੱਲਾਂ ਨੂੰ ਦੋਹਰਾਉਂਦੇ ਹੋਏ ਸੰਵਿਧਾਨ ਨਿਰਮਾਤਾਵਾਂ ਦਾ ਸਨਮਾਨ ਕਰਨਾ ਹੈ। ਸੰਵਿਧਾਨ ਪ੍ਰਸਤਾਵਨਾ ਵਾਚਨ ਪ੍ਰੋਗਰਾਮ ਵੀ ਇਸੀ ਲੜੀ ਵਿਚ ਪ੍ਰਬੰਧਿਤ ਕੀਤਾ ਜਾ ਰਿਹਾ ਹੈ। ਇੰਨ੍ਹਾਂ ਪ੍ਰੋਗਰਾਮਾਂ ਵਿਚ ਜਨ ਭਾਗੀਦਾਰੀ ਯਕੀਨੀ ਕਰਨ ਲਈ ਵੀ ਕਿਹਾ ਗਿਆ ਹੈ।

ਸਬੰਧਿਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਸੂਚਨਾ, ਜਨਸੰਪਰਕ ਅਤੇ ਭਾਸ਼ਾ ਵਿਭਾਗ ਵੱਲੋਂ ਸੰਵਿਧਾਨ ਪ੍ਰਸਤਾਵਨਾ ਦੇ ਪੋਸਟਰ ਦਾ ਡਿਜਾਇਨ ਵੱਖ ਤੋਂ ਭੇਜਿਆ ਜਾ ਰਿਹਾ ਹੈ। ਇਸ ਨੂੰ ਫ੍ਰੇਮ ਕਰਵਾ ਕੇ ਸਾਰੇ ਸਰਕਾਰੀ ਅਤੇ ਨਿਜੀ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਸਰਕਾਰੀ ਦਫਤਰਾਂ, ਪਿੰਡ ਪੰਚਾਇਤਾਂ, ਨਿਗਰਪਾਲਿਕਾਵਾਂ, ਨਗਰ ਪਰਿਸ਼ਦਾਂ ਅਤੇ ਨਗਰ ਨਿਗਮਾਂ ਵਿਚ ਪ੍ਰੋਗਰਾਮ ਦੀ ਯਕੀਨੀ ਮਿਤੀ ਯਾਨੀ 20 ਜਨਵਰੀ ਤੋਂ ਪਹਿਲਾ ਲਗਵਾਇਆ ਜਾਵੇ।

ਇਸ ਤੋਂ ਇਲਾਵਾ, ਇੰਨ੍ਹਾਂ ਸਾਰੇ ਪ੍ਰੋਗ੍ਰਾਮਾਂ/ਗਤੀਵਿਧੀਆਂ ਦੀ ਰਿਪੋਰਟ ਫੋਟੋ/ਵੀਡੀਓ ਸਮੇਤ ਕੇਂਦਰ ਸਰਕਾਰ ਦੀ ਵੈਬਸਾਇਟ 'ਤੇ ਅਪਲੋਡ ਕਰਨ ਦੇ ਨਾਲ-ਨਾਲ ਸੂਚਨਾ, ਜਨਸੰਪਰਕ ਅਤੇ ਭਾਸ਼ਾ ਵਿਭਾਗ, ਹਰਿਆਣਾ ਦੀ ਈ-ਮੇਲ ਆਈਡੀ myconstitutiondprl@gmail.com 'ਤੇ ਵੀ ਭਿਜਵਾਉਣਾ ਯਕੀਨੀ ਕਰਨ।

# ਵੀਐਲਡੀਏ ਦੀ ਸਾਰੀ ਜਾਇਜ਼ ਮੰਗਾਂ ਨੂੰ ਪੂਰਾ ਕੀਤਾ ਜਾਵੇਗਾ - ਸ਼ਿਆਮ ਸਿੰਘ ਰਾਣਾ

**ਚੰਡੀਗੜ੍ਹ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਪਸ਼ੂਪਾਲਣ ਅਤੇ ਡੇਅਰਿੰਗ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ਵੀਐਲਡੀਏ (ਵੈਟਰਨਰੀ ਐਂਡ ਲਾਇਵ ਸਟਾਕ ਡਿਵੇਲਪਮੈਂਟ ਅਸਿਸਟੇਂਟ) ਦੀ ਸਾਰੀ ਜਾਇਜ਼ ਮੰਗਾਂ ਨੂੰ ਪੂਰਾ ਕੀਤਾ ਜਾਵੇਗਾ।

ਅੱਜ ਉਹ ਇੱਥੇ ਵੈਟਰਨਰੀ ਐਂਡ ਲਾਇਵ ਸਟਾਕ ਐਕਸਟੇਂਸ਼ਨ ਏਸੋਸਇਏਸ਼ਨ ਦੇ ਪ੍ਰਤੀਨਿਧੀਆਂ ਨਾਲ ਮੁਲਾਕਾਤ ਕਰ ਰਹੇ ਸਨ। ਇਸ ਮੌਕੇ 'ਤੇ ਪਸ਼ੂਪਾਲਣ ਅਤੇ ਡੇਅਰਿੰਗ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਸ੍ਰੀ ਵਿਜੈ ਸਿੰਘ ਦਹੀਆ, ਨਿਦੇਸ਼ਕ ਡਾ. ਐਲਸੀ ਰੰਗਾ ਵੀ ਮੌਜੂਦ ਸਨ।

ਪਸ਼ੂਪਾਲਣ ਅਤੇ ਡੇਅਰਿੰਗ ਮੰਤਰੀ ਨੂੰ ਏਸੋਸਇਏਸ਼ਨ ਦੇ ਵਫਦ ਵਿਚ ਸ਼ਾਮਿਲ ਸ਼ੀਲ ਸਾਂਗਵਾਨ ਅਤੇ ਬਿਜੇਂਦਰ ਸਿੰਘ ਨੇ ਦਸਿਆ ਕਿ ਵੀਐਲਡੀਏ ਦਾ ਨਾਂਅ ਬਦਲ ਕੇ ਵੈਟਰਨਰੀ ਐਂਡ ਲਾਇਵ ਸਟਾਕ ਐਕਸਟੇਂਸ਼ਨ ਆਫਿਸਰ ਕਰਨ ਦੀ ਮੰਗ ਕਾਫੀ ਸਮੇਂ ਤੋਂ ਪੈਂਡਿੰਗ ਹੈ ਜਿਸ 'ਤੇ ਮੰਤਰੀ ਨੇ ਇਸ ਬਾਰੇ ਵਿਚ ਸਹੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ।

ਇਸ ਤੋਂ ਇਲਾਵਾ, ਮੀਟਿੰਗ ਵਿਚ ਡਿਪਲੋਮਾ ਵੈਟਰਨਰੀ ਕੌਂਸਲ ਦਾ ਗਠਨ ਕਰਨ, ਵੀਐਲਡੀਏ ਦੇ ਸੱਤਵੇਂ ਪੇ ਕਮਿਸ਼ਨ ਅਨੁਸਾਰ ਗ੍ਰੇਡ-ਪੇ ਦੇ ਕੇ ਏਸੀਪੀ ਲਾਗੂ ਕਰਨ ਅਤੇ ਅਗਾਮੀ ਆਨਲਾਇਨ ਟ੍ਰਾਂਸਫਰ ਡਰਾਇਵ ਵਿਚ ਸਾਰੇ ਵੀਐਲਡੀਏ ਦੀ ਭਾਗੀਦਾਰੀ ਕਰਵਾਉਣ ਵਰਗੀ ਮੰਗਾਂ 'ਤੇ ਵੀ ਚਰਚਾ ਕੀਤੀ ਗਈ।

ਪਸ਼ੂਪਾਲਣ ਅਤੇ ਡੇਅਰਿੰਗ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਵੈਟਰਨਰੀ ਐਂਡ ਲਾਇਵ ਸਟਾਕ ਐਕਸਟੇਂਸ਼ਨ ਏਸੋਸਇਏਸ਼ਨ ਦੇ ਪ੍ਰਤੀਨਿਧੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਸਾਰੀ ਮੰਗਾਂ ਦੀ ਜਾਂਚ-ਪੜਤਾਲ ਕਰਵਾ ਕੇ ਸਹੀ ਮੰਗਾਂ ਨੂੰ ਜਲਦੀ ਹੀ ਪੂਰਾ ਕੀਤਾ ਜਾਵੇਗਾ।

# ਖਾਲੀ ਪਏ "ਪੈਕ ਹਾਊਸ-ਕਮ-ਕੋਲਡ ਸਟੋਰ" ਨੂੰ ਫਿਰ ਤੋਂ ਸ਼ੁਰੂ ਕੀਤਾ ਜਾਵੇ - ਖੇਤੀਬਾੜੀ ਮੰਤਰੀ

**ਚੰਡੀਗੜ੍ਹ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੇਤੀ-ਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੂਬੇ ਵਿਚ ਹਰਿਆਣਾ ਰਾਜ ਖੇਤੀਬਾੜੀ ਮਾਰਕਟਿੰਗ ਬੋਰਡ ਵੱਲੋਂ ਨਿਰਮਾਣਤ ਖਾਲੀ ਪਏ "ਪੈਕ ਹਾਊਸ-ਕਮ-ਕੋਲਡ ਸਟੋਰ' ਦਾ ਬਾਗਬਾਨੀ ਵਿਭਾਗ ਦੇ ਸਹਿਯੋਗ ਨਾਲ ਫਿਰ ਤੋਂ ਪਰਿਚਾਲਨ ਸ਼ੁਰੂ ਕੀਤਾ ਜਾਵੇ ਤਾਂ ਜੋ ਕਿਸਾਨਾਂ ਨੂੰ ਆਪਣੇ ਫੱਲ ਅਤੇ ਸਬਜੀ ਦਾ ਸਰੰਖਣ ਕਰਨ ਵਿਚ ਆਸਾਨੀ ਹੋਵੇ। ਇਸ ਤੋਂ ਇਲਾਵਾ, ਇਸ ਤੋਂ ਇਲਾਵਾ, ਉਨ੍ਹਾਂ ਨੇ ਮਾਰਕਿਟ ਕਮੇਟੀ ਡਬਵਾਲੀ ਤਹਿਤ ਆਉਣ ਵਾਲੇ ਖਰੀਦ ਕੇਂਦਰ ਅਬੂਬਸ਼ਹਿਰ ਦੇ ਨੇੜੇ ਦੇ ਕਿਸਾਨਾਂ ਨੂੰ ਵਿਸ਼ਸ਼ ਲਾਭ ਹੋਵੇਗਾ।

ਸ੍ਰੀ ਰਾਣਾ ਅੱਜ ਇੱਥੇ ਅਧਿਕਾਰੀਆਂ ਦੀ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੀਟਿੰਗ ਵਿਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਡਾ. ਰਾਜਾ ਸ਼ੇਖਰ ਵੁੰਡਰੂ, ਹਰਿਆਣਾ ਰਾਜ ਖੇਤੀਬਾੜੀ ਮਾਰਕਟਿੰਗ ਬੋਰਡ ਦੇ ਮੁੱਖ ਪ੍ਰਸ਼ਾਸਕ ਮੁਕੇਸ਼ ਆਹੂਜਾ, ਮਹਾਨਿਦੇਸ਼ਕ ਡਾ. ਰਣਵੀਰ ਸਿੰਘ ਵੀ ਮੌਜੂਦ ਸਨ।

ਇਸ ਮੌਕੇ 'ਤੇ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਅਧਿਕਾਰੀਆਂ ਨੂੰ ਸੂਬਾ ਸਰਕਾਰ ਦੇ 100 ਦਿਨ ਦੇ ਏਜੰਡੇ 'ਤੇ ਰਿਪੋਰਟ ਤਿਆਰ ਕਰਨ ਦੇ ਵੀ ਨਿਰਦੇਸ਼ ਦਿੱਤੇ। ਮੀਟਿੰਗ ਬਾਅਦ ਮੀਡੀਆ ਨਾਲ ਗੱਲਬਾਤ ਦੌਰਾਨ ਖੇਤੀ-ਬਾੜੀ ਮੰਤਰੀ ਨੇ ਦੱਸਿਆ ਕਿ ਸਰਕਾਰ ਦੇ ਗਠਨ ਤੋਂ ਬਾਅਦ ਅਕਤੂਬਰ ਵਿੱਚ ਤਿਆਰ ਕੀਤੇ ਗਏ 100 ਦਿਨਾਂ ਦੇ ਰੋਡਮੈਪ 'ਤੇ ਫੀਡਬੈਕ ਲੈਣ ਲਈ ਉਹ ਵੱਖ-ਵੱਖ ਵਿਭਾਗਾ ਦੇ ਅਧਿਕਾਰੀਆਂ ਨਾਲ ਮੀਟਿੰਗ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਖੇਤੀ-ਬਾੜੀ, ਬਾਗਬਾਨੀ, ਪਸ਼ੂ-ਪਾਲਨ,ਡੇਅਰੀ ਅਤੇ ਮੱਛੀ ਪਾਲਨ ਸਮੇਤ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਚਲ ਰਹੀ ਹੈ।

ਬੁੱਧਵਾਰ ਨੂੰ ਪਸ਼ੂ ਪਾਲਨ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ, ਜਿਸ ਵਿੱਚ ਸ਼ਿਆਮ ਸਿੰਘ ਰਾਣਾ ਨੇ ਸਰਕਾਰ ਦੀ ਯੋਜਨਾਵਾਂ ਅਤੇ ਘੋਸ਼ਣਾਵਾਂ 'ਤੇ ਕੰਮ ਕਰਨ ਦੇ ਨਿਰਦੇਸ਼ ਦਿੱਤੇ ਗਏ। ਨਾਲ ਹੀ ਸੂਬੇ ਦੀ ਗੋਸ਼ਾਲਾਵਾਂ ਅਤੇ ਨੰਦੀਗ੍ਰਾਮ ਵਿੱਚ ਸਾਰੀ ਸਹੂਲਤਾਂ ਯਕੀਨੀ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ ਹਨ।

ਉਨ੍ਹਾਂ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਉਨ੍ਹਾਂ ਦੇ ਸਾਰੇ ਕੈਬੀਨੇਟ ਮੰਤਰੀਆਂ ਦੇ 7 ਫਰਵਰੀ ਨੂੰ ਪਰਿਯਾਗਰਾਜ, ਉੱਤਰ ਪ੍ਰਦੇਸ਼ ਵਿੱਚ ਆਯੋਜਿਤ ਹੋ ਰਹ ਮਹਾਕੁੰਭ-2025 ਵਿੱਚ ਜਾਣ ਦੇ ਸਵਾਲ 'ਤੇ ਕਿਹਾ ਕਿ ਇਹ ਸਾਡੇ ਸਾਰਿਆਂ ਲਈ ਮਾਣ ਦੀ ਗੱਲ ਹੋਵੇਗੀ, ਕਿਉਂਕਿ ਇਹ ਏਤਿਹਾਸਿਕ ਮੌਕਾ ਦੁਰਲੱਭ ਗ੍ਰਹਿ-ਯੋਗ ਦੇ ਕਾਰਨ 144 ਸਾਲਾਂ ਬਾਅਦ ਹੋ ਰਿਹਾ ਹੈ।

# ਸਾਬਕਾ ਜਸਟਿਸ ਐਚਐਸ ਭੱਲਾ ਨੇ ਸੰਭਾਲਿਆ ਹਰਿਆਣਾ ਓਲੰਪਿਕ ਸੰਘ ਦੇ ਪ੍ਰਸਾਸ਼ਕ ਦਾ ਕਾਰਜਭਾਰ

**ਚੰਡੀਗੜ੍ਹ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਜੱਜ ਜਸਟਿਸ ਐਚਐਸ ਭੱਲਾ ਨੇ ਹਰਿਆਣਾ ਓਲੰਪਿਕ ਸੰਘ ਦੇ ਪ੍ਰਸਾਸ਼ਕ ਵਜੋ ਕਾਰਜਭਾਰ ਗ੍ਰਹਿਣ ਕਰ ਲਿਆ ਹੈ। ਜਸਟਿਸ ਭੱਲਾ ਮੌਜੂਦਾ ਵਿਚ ਹਰਿਆਣਾ ਸੇਕੰਡ ਲਾ ਕਮਿਸ਼ਨ ਦੇ ਚੇਅਰਮੈਨ ਵੀ ਹਨ। ਉਨ੍ਹਾਂ ਦਾ ਇਹ ਨਿਯੁਕਤੀ ਆਦੇਸ਼ ਹਾਲ ਹੀ ਵਿਚ ਜਾਰੀ ਕੀਤਾ ਗਿਆ ਸੀ।

ਜਸਟਿਸ ਭੱਲਾ ਦੀ ਜਿਮੇਵਾਰੀ ਦੇ ਤਹਿਤ ਹਰਿਆਣਾ ਦੀ ਖੇਡ ਟੀਮਾਂ ਭਾਰਤੀ ਓਲੰਪਿਕ ਸੰਘ (ਆਈਓਏ) ਦੇ ਤੱਤਵਾਧਾਨ ਵਿਚ ਪ੍ਰਬੰਧਿਤ ਖੇਡ ਪ੍ਰਬੰਧਾਂ ਵਿਚ ਹਿੱਸਾ ਲੈਣਗੀਆਂ। ਇਸ ਕਦਮ ਨਾਲ ਹਰਿਆਣਾ ਵਿਚ ਖੇਡ ਗਤੀਵਿਧੀਆਂ ਨੂੰ ਨਵੀਂ ਦਿਸ਼ਾ ਅਤੇ ਗਤੀ ਮਿਲਣ ਦੀ ਉਮੀਦ ਹੈ। ਪ੍ਰਸਾਸ਼ਕ ਵਜੋ ਜਸਟਿਸ ਭੱਲਾ ਦੀ ਨਿਯੁਕਤੀ ਨਾਲ ਖੇਡ ਸੰਘਾਂ ਵਿਚ ਪਾਰਦਰਸ਼ਿਤਾ ਅਤੇ ਨਿਰਪੱਖਤਾ ਯਕੀਨੀ ਹੋਣ ਦੀ ਸੰਭਾਵਨਾ ਹੈ।

ਹਰਿਆਣਾ ਓਲੰਪਿਕ ਸੰਘ ਦਾ ਇਹ ਨਵਾਂ ਪ੍ਰਬੰਧਨ ਖੇਡਾਂ ਦੇ ਵਿਕਾਸ ਦੇ ਨਾਲ ਖਿਡਾਰੀਆਂ ਦੇ ਹਿੱਤਾਂ ਦੀ ਰੱਖਿਆ ਕਰਨ ਲਈ ਪ੍ਰਤੀਬੱਧ ਹੈ।

# ਕਾਰੋਬਾਰ ਵਿਚ ਸਹੂਲਿਅਤ ਵਧਾਉਣ ਲਈ ਹਰਿਆਣਾ ਵਿਚ ਘੱਟ ਕੀਤੇ ਜਾਣਗੇ 1500 ਬੋਝਿਲ ਅਨੁਪਾਲਣ

**ਚੰਡੀਗੜ੍ਹ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਸੂਬੇ ਵਿਚ ਕਾਰੋਬਾਰ ਵਿਚ ਸਹੂਲਿਅਤ ਨੂੰ ਪ੍ਰੋਤਸਾਹਨ ਦੇਣ ਲਈ ਦਸੰਬਰ 2025 ਤੱਕ 1500 ਬੋਝਿਲ ਅਨੁਪਾਲਣ ਘੱਟ ਕਰਨ ਅਤੇ ਐਕਟਾਂ/ਨਿਯਮਾਂ/ਜਾਂਚ ਸੂਚੀਆਂ ਦੇ ਤਹਿਤ 50 ਪ੍ਰਾਵਧਾਨ (ਕਾਰੋਬਾਰ ਅਤੇ ਨਾਗਰਿਕ) ਨੂੰ ਅਪਰਾਧ-ਮੁਕਤ ਕਰਨ ਦਾ ਟੀਚਾ ਰੱਖਿਆ ਹੈ।

ਇਹ ਜਾਣਕਾਰੀ ਅੱਜ ਇੱਥੇ ਮੁੱਖ ਸਕੱਤਰ ਡਾ. ਵਿਵੇਕ ਜੋਸ਼ੀ ਦੀ ਅਗਵਾਈ ਹੇਠ ਪ੍ਰਬੰਧਿਤ ਕਾਰੋਬਾਰ ਸੁਧਾਰ ਕਾਰਜ ਬਿੰਦੂ (ਬੀਆਰਏਪੀ) ਏਜੰਡਾ ਅਤੇ ਅਨੁਪਾਲਣ ਬੋਝ ਘੱਟ ਕਰਨ (ਆਰਸੀਬੀ) ਦੇ ਲਾਗੂ ਕਰਨ ਅਤੇ ਪੇਸ਼ਗੀਕਰਣ ਤਹਿਤ ਇਕ ਸਮੀਖਿਆ ਮੀਟਿੰਗ ਵਿਚ ਦਿੱਤੀ ਗਈ।

ਮੁੱਖ ਸਕੱਤਰ ਡਾ. ਵਿਵੇਕ ਜੋਸ਼ੀ ਨੇ ਕਿਹਾ ਕਿ ਕਾਰੋਬਾਰ ਸੁਧਾਰ ਕੰਮ ਬਿੰਦੂਆਂ ਦੇ ਸਫਲ ਲਾਗੂ ਕਰਨ ਵਿਚ ਹਿੱਤਧਾਰਕਾਂ ਦੀ ਪ੍ਰਤੀਕ੍ਰਿਆ ਮਹਤੱਵਪੂਰਨ ਹੈ। ਇਸ ਲਈ ਸੁਧਾਰ ਕੰਮ ਯੋਜਨਾ ਤਹਿਤ ਇਨਪੁੱਟ ਮੰਗਣ ਦੀ ਪ੍ਰਕ੍ਰਿਆ ਵਿਚ ਵਿਭਾਗ ਆਪਣੇ ਹਿੱਤਧਾਰਕਾਂ ਨੂੰ ਸ਼ਾਮਿਲ ਕਰਨ। ਉਨ੍ਹਾਂ ਨੇ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਕਿ ਕੰਮਾਂ ਨੂੰ ਪੂਰਾ ਕਰਨ ਲਈ ਸਰਕਾਰ ਵੱਲੋਂ ਨਿਧਾਰਿਤ ਸਮੇਂ ਸੀਮਾ ਦਾ ਪਾਲਣ ਕੀਤਾ ਜਾਵੇ। ਮੁੱਖ ਸਕੱਤਰ ਨੇ ਉਦਯੋਗ ਅਤੇ ਵਪਰ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਵਪਾਰ ਸੁਧਾਰਾਂ 'ਤੇ ਸੁਝਾਆਂ ਲਈ ਡਿਪਟੀ ਕਮਿਸ਼ਨਰਾਂ ਨੂੰ ਵੀ ਸ਼ਾਮਿਲ ਕੀਤਾ ਜਾਵੇ।

ਉਨ੍ਹਾਂ ਨੇ ਹਾਰਟਰੋਨ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਇਹ ਯਕੀਨੀ ਕਰਨ ਕਿ ਆਨਲਾਇਨ ਪੋਰਟਲ 'ਤੇ ਜਾਣਕਾਰੀ ਨਾਗਰਿਕਾਂ ਨੂੰ ਹਿੰਦੀ ਵਿਚ ਵੀ ਉਪਲਬਧ ਹੋਵੇ, ਤਾਂ ਜੋ ਵੱਧ ਤੋਂ ਵੱਧ ਲੋਕ ਡਿਜੀਟਲ ਸੇਵਾਵਾਂ ਦਾ ਲਾਭ ਚੁੱਕ ਸਕਣ। ਉਨ੍ਹਾਂ ਨੇ ਕਿਹਾ ਕਿ ਵਿਭਾਗ ਅੰਗ੍ਰੇਜੀ ਤੋਂ ਹਿੰਦੀ ਵਿਚ ਟ੍ਰਾਂਸਲੇਟ ਕਰਵਾਉਣ ਲਈ ਹਾਰਟ੍ਰੋਨ ਦੀ ਸੇਵਾਵਾਂ ਲੈ ਸਕਦੇ ਹਨ।

ਉਦਯੋਗ ਅਤੇ ਵਪਾਰ ਵਿਭਾਗ ਦੇ ਪ੍ਰਧਾਨ ਸਕੱਤਰ ਡੀ. ਸੁਰੇਸ਼ ਨੇ ਦਸਿਆ ਕਿ ਕੁੱਲ 985 ਕਾਰੋਬਾਰ ਅਤੇ ਨਾਗਰਿਕ ਪਾਲਣ ਘੱਟ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 745 ਕਾਰੋਬਾਰ ਸ਼੍ਰੇਣੀਤੋਂ, ਜਦੋਂ ਕਿ 239 ਨਾਗਰਿਕ ਸ਼੍ਰੇਣੀ ਨਾਲ ਸਬੰਧਿਤ ਹਨ। ਜਦੋਂ ਤੱਕ, 30 ਪ੍ਰਾਵਧਾਨਾਂ ਨੂੰ ਅਪੀਲ-ਮੁਕਤ ਕੀਤਾ ਗਿਆ ਹੈ ਅਤੇ 19 ਪ੍ਰਾਵਧਾਨਾਂ ਦੀ ਸਮੀਖਿਆ ਕੀਤੀ ਜਾ ਰਹੀ ਹੈ।

ਮੀਟਿੰਗ ਵਿਚ ਦਸਿਆ ਗਿਆ ਕਿ ਵੱਖ-ਵੱਖ ਵਿਭਾਗਾਂ ਦੇ 23 ਐਕਟਾਂ ਤਹਿਤ ਪਾਲਣ ਬੋਝ ਦਾ ਘੱਟ ਕਰਨ ਲਈ ਸੁਝਾਅ ਮੰਗੇ ਗਏ ਹਨ। ਸਾਰੇ 23 ਐਕਟਾਂ ਵਿਚ ਸੁਧਾਰਾਂ ਦੇ ਢਾਂਚੇ 4 ਪੜਾਆਂ ਵਿਚ ਕੀਤਾ ਜਾ ਰਿਹਾ ਹੈ।

ਇੰਨ੍ਹਾਂ ਚਾਰੋਂ ਪੜਾਆਂ ਵਿਚ ਪ੍ਰਫੋਰਮਾ, ਪ੍ਰਕ੍ਰਿਆਵਾਂ ਦਾ ਸਰਲੀਕਰਣ ਅਤੇ ਦਸਤਾਵੇਜੀਕਰਣ, ਜਿਸ ਦੇ ਤਹਿਤ ਪੁਰਾਣੇ ਕਾਨੂੰਨਾਂ, ਪ੍ਰਾਵਧਾਨਾਂ ਅਤੇ ਗੈਰ-ਜਰੂਰੀ ਲਾਪਣ ਨੂੰ ਨਿਰਸਤ ਕੀਤਾ ਜਾ ਰਿਹਾ ਹੈ, ਆਫਲਾਇਨ ਨਾਲ ਪੂਰੀ ਤਰ੍ਹਾ ਨਾਲ ਆਨਲਾਇਨ ਪਲੇਟਫਾਰਮਾਂ ਵਿਚ ਮਰਚ ਲਹੀ ਡਿਜੀਟਲੀਕਰਣ ਅਤੇ ਰਿਟਰਨ ਜਮ੍ਹਾ ਕਰਨ ਵਿਚ ਦੇਰੀ ਅਤੇ ਦਾਖਿਲ ਨਾ ਕਰਨ ਵਰਗੇ ਛੋਟੇ ਅਪਰਾਧਾਂ ਦਾ ਅਪਰਾਧ ਮੁਕਤ ਕਰਨਾ ਸ਼ਾਮਿਲ ਹੈ। ਬੀਆਰਏਬੀ 2024 ਲਈ 15 ਫਰਵਰੀ, 2025 ਤੱਕ ਵੱਖ-ਵੱਖ ਵਿਭਾਗਾਂ ਵਿਚ ਕੁੱਲ 435 ਸੁਧਾਰ ਕੀਤੇ ਜਾਣੇ ਹਨ।

# ਕੌਮੀ ਲੋਕ ਅਦਾਲਤ 08 ਮਾਰਚ ਨੂੰ



**ਫ਼ਤਹਿਗੜ੍ਹ ਸਾਹਿਬ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਕਚਹਿਰੀਆਂ, ਅਮਲੋਹ ਅਤੇ ਖਮਾਣੋਂ ਸਬ ਡਵੀਜ਼ਨ ਦੀਆਂ ਅਦਾਲਤਾਂ ਵਿਖੇ 08 ਮਾਰਚ ਨੂੰ ਲੱਗਣ ਵਾਲੀ ਨੈਸ਼ਨਲ ਲੋਕ ਅਦਾਲਤ ਦਾ ਵੱਧ ਤੋਂ ਵੱਧ ਲੋੜਵੰਦਾਂ ਨੂੰ ਲਾਭ ਪਹੁੰਚਾਉਣ ਅਤੇ ਇਸ ਦੀ ਸਫਲਤਾ ਲਈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਾਰੇ ਮੈਂਬਰ ਸਾਹਿਬਾਨ ਵੱਧ ਚੜ੍ਹ ਕੇ ਸਹਿਯੋਗ ਦੇਣ।

ਇਹ ਨਿਰਦੇਸ਼ ਜ਼ਿਲ੍ਹਾ ਅਤੇ ਸ਼ੈਸ਼ਨ ਜੱਜ ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼੍ਰੀ ਅਰੁਣ ਗੁਪਤਾ ਨੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਜ਼ਿਲ੍ਹਾ ਕਚਹਿਰੀਆਂ ਵਿਖੇ ਹੋਈ ਤਿਮਾਹੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੇ।ਸ਼੍ਰੀ ਗੁਪਤਾ ਨੇ ਮੀਟਿੰਗ ਵਿੱਚ ਸ਼ਾਮਲ ਹੋਏ ਸਾਰੇ ਮੈਂਬਰ ਸਾਹਿਬਾਨ ਨੂੰ ਕਿਹਾ ਕਿ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਕਰਵਾਉਣ ਲਈ ਸਮਝੌਤਾਯੋਗ ਸਾਰੇ ਫੌਜਦਾਰੀ ਅਤੇ ਸਿਵਲ ਕੇਸ, ਜੋ ਕਿ ਲੰਮੇ ਸਮੇਂ ਤੋਂ ਅਦਾਲਤਾਂ ਵਿੱਚ ਲੰਬਿਤ ਪਏ ਹੋਣ, ਨੂੰ ਰੱਖਿਆ ਜਾਵੇ।

ਇਸ ਤੋਂ ਇਲਾਵਾ ਵਿਆਹ-ਸਬੰਧੀ ਝਗੜਿਆਂ ਦੇ ਕੇਸ, ਪਰਿਵਾਰਕ ਝਗੜਿਆਂ ਦੇ ਕੇਸ, ਮਜ਼ਦੂਰਾਂ ਦੇ ਝਗੜੇ, ਜ਼ਮੀਨ ਅਧਿਗ੍ਰਹਿਣ ਸਬੰਧੀ ਮਾਮਲੇ, ਬੈਂਕ ਰਿਕਵਰੀ, ਚੈੱਕ ਬਾਊਂਸ, ਮਾਲ ਵਿਭਾਗ ਨਾਲ ਸਬੰਧਤ ਮਾਮਲੇ, ਜਲ ਸਪਲਾਈ ਅਤੇ ਬਿਜਲੀ ਸਪਲਾਈ ਸਬੰਧੀ ਮਾਮਲੇ ਵੀ ਇਸ ਲੋਕ ਅਦਾਲਤ ਵਿੱਚ ਲਗਾਏ ਜਾਣ। ਉਨ੍ਹਾਂ ਨੇ ਐਸ.ਪੀ. (ਡੀ) ਰਾਕੇਸ਼ ਯਾਦਵ ਨੂੰ ਕਿਹਾ ਕਿ ਉਹ ਆਪਣੇ ਅਧਿਕਾਰੀਆਂ ਨੂੰ ਹਦਾਇਤ ਦੇਣ ਕਿ ਕੇਸਾਂ ਸਬੰਧੀ ਰਿਪੋਰਟਾਂ ਕੋਰਟਾਂ ਵਿੱਚ ਸਮੇਂ ਸਿਰ ਪੇਸ਼ ਕੀਤੀਆਂ ਜਾਣ।ਸ਼੍ਰੀ ਅਰੁਣ ਗੁਪਤਾ ਨੇ ਜ਼ਿਲ੍ਹੇ ਦੇ ਸਮੂਹ ਨਾਗਰਿਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਝਗੜਿਆਂ ਦਾ ਨਿਪਟਾਰਾ ਕਰਵਾਉਣ ਲਈ ਇਸ ਲੋਕ ਅਦਾਲਤ ਵਿੱਚ ਆਪਣੇ ਕੇਸ ਲੈ ਕੇ ਆਉਣ ਕਿਉਂਕਿ ਇਨ੍ਹਾਂ ਲੋਕ ਅਦਾਲਤਾਂ ਵਿੱਚ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਕੀਤੇ ਗਏ ਫੈਸਲੇ ਅੰਤਿਮ ਹੁੰਦੇ ਹਨ, ਜਿਨ੍ਹਾਂ ਵਿਰੁੱਧ ਅੱਗੇ ਅਪੀਲ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਜੋ ਝਗੜੇ ਪਹਿਲਾਂ ਅਦਾਲਤ ਵਿੱਚ ਨਾ ਚੱਲਦੇ ਹੋਣ, ਉਹ ਮਾਮਲੇ ਵੀ ਨੈਸ਼ਨਲ ਲੋਕ ਅਦਾਲਤ ਵਿੱਚ ਦਰਖਾਸਤ ਦੇ ਕੇ ਰਾਜ਼ੀਨਾਮੇ ਲਈ ਰੱਖੇ ਜਾ ਸਕਦੇ ਹਨ।ਇਸ ਅਦਾਲਤ ਵਿੱਚ ਲੱਗੇ ਕੇਸਾਂ ਦੀ ਕੋਰਟ ਫੀਸ ਵੀ ਵਾਪਸ ਕਰ ਦਿੱਤੀ ਜਾਂਦੀ ਹੈ। ਇਸ ਮੀਟਿੰਗ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਪਿਛਲੀ ਤਿਮਾਹੀ ਦੌਰਾਨ 137 ਲੋੜਵੰਦ ਲਾਭਪਾਤਰੀਆਂ ਨੂੰ ਦਿੱਤੀ ਗਈ ਮੁਫਤ ਕਾਨੂੰਨੀ ਸਹਾਇਤਾ ਦੇ ਕੇਸ ਵੀ ਪਾਸ ਕੀਤੇ ਗਏ।ਸ਼੍ਰੀ ਗੁਪਤਾ ਨੇ ਇਸ ਗੱਲ @ਤੇ ਜ਼ੋਰ ਦਿੱਤਾ ਕਿ ਬਲਾਕ ਪੱਧਰ @ਤੇ ਮੁਫਤ ਕਾਨੂੰਨੀ ਸਹਾਇਤਾ ਸਬੰਧੀ ਲੋਕਾਂ ਵਿੱਚ ਜਾਗਰੂਕਤਾ ਪੈਦਾ ਕੀਤੀ ਜਾਵੇ। ਉਨ੍ਹਾਂ ਇਹ ਵੀ ਦੱਸਿਆ ਕਿ ਅੱਗੇ ਤੋਂ ਹਿੱਟ ਐਂਡ ਰੱਨ ਕੇਸਾਂ ਵਿੱਚ ਮੁਆਵਜ਼ਾ ਜ਼ਿਲ੍ਹਾ ਪੱਧਰੀ ਮੌਨੀਟਰਿੰਗ ਕਮੇਟੀ ਦੇਵੇਗੀ।ਮੀਟਿੰਗ ਵਿੱਚ ਐਸ.ਪੀ. (ਡੀ) ਰਾਕੇਸ਼ ਯਾਦਵ, ਚੀਫ ਜੂਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼੍ਰੀਮਤੀ ਦੀਪਤੀ ਗੋਇਲ, ਚੀਫ ਜੂਡੀਸ਼ੀਅਲ ਮੈਜਿਸਟ੍ਰੇਟ ਸ਼੍ਰੀਮਤੀ ਪੈਮਲਪ੍ਰੀਤ ਗਰੇਵਾਲ ਕਾਹਲ, ਜ਼ਿਲ੍ਹਾ ਅਟਾਰਨੀ ਸ਼੍ਰੀ ਕੁਲਵਿੰਦਰ ਸਿੰਘ, ਲੀਗਲ ਸਰਵਿਸ ਅਥਾਰਟੀ ਦੇ ਮੈਂਬਰ ਸ਼੍ਰੀਮਤੀ ਨਮਰਤਾ ਸ਼ਰਮਾ, ਸ਼੍ਰੀ ਅਸ਼ੋਕ ਸੂਦ, ਸ਼੍ਰੀ ਹਿਤੇਂਦਰ ਸੂਰੀ, ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਮੈਂਬਰ ਵੀ ਸ਼ਾਮਿਲ ਹੋਏ।

# ਪੇਂਡੂ ਬੇਰੋਜ਼ਗਾਰ ਨੌਜਵਾਨਾ ਲਈ ਡੇਅਰੀ ਫਾਰਮਿੰਗ ਲਈ ਚਾਰ ਹ਼ਫਤੇ ਡੇਅਰੀ ਉੱਦਮ ਸਿਖਲਾਈ ਕੋਰਸ 18 ਫਰਵਰੀ ਤੱਕ

**ਪਠਾਨਕੋਟ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਪਠਾਨਕੋਟ ਨਾਲ ਸਬੰਧਤ ਡੇਅਰੀ ਫਾਰਮਰਾਂ ਨੂੰ ਕੁਸ਼ਲ ਡੇਅਰੀ ਮੈਨੇਜਰ ਬਣਾਉਣ ਲਈ 30 ਦਿਨਾਂ ਦਾ ਡੇਅਰੀ ਉੱਦਮ ਸਿਖਲਾਈ ਕੋਰਸ ਮਿਤੀ 20 ਜਨਵਰੀ 2025 ਤੋਂ 18 ਫਰਵਰੀ 2025 ਤੱਕ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ ਵੇਰਕਾ (ਅੰਮ੍ਰਿਤਸਰ) ਵਿਖੇ ਚਲਾਇਆ ਜਾ ਗਿਆ ਹੈ।



ਇਸ ਸਬੰਧੀ ਜਾਣਕਾਰੀ ਦਿੰਦਿਆ ਸ਼੍ਰੀ ਕਸ਼ਮੀਰ ਸਿੰਘ, ਸੰਯੁਕਤ ਡਾਇਰੈਕਟਰ ਡੇਅਰੀ ਵਿਕਾਸ, ਮੋਹਾਲੀ ਜੀ ਨੇ ਦੱਸਿਆ ਕਿ ਡੇਅਰੀ ਉੱਦਮ ਸਿਖਲਾਈ ਵਿੱਚ ਦੁੱਧ ਪਦਾਰਥ ਬਣਾਉਣ, ਡੇਅਰੀ ਫਾਰਮ ਦਾ ਪ੍ਰਬੰਧ, ਦੁਧਾਰੂ ਪਸ਼ੂਆਂ ਦੀ ਨਸਲ ਸੁਧਾਰ, ਦੁਧਾਰੂ ਪਸ਼ੂਆਂ ਦੇ ਅੰਦਰੂਨੀ ਪ੍ਰਬੰਧਨ ਤੇ ਸੰਤੁਲਿਤ ਪਸ਼ੂ ਖੁਰਾਕ ਸੰਬਧੀ ਆਧੁਨਿਕ ਤਕਨੀਕ ਨਾਲ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਇਸ ਸਿਖਲਾਈ ਕੋਰਸ ਵਿੱਚ ਜਿਲ੍ਹਾ ਪਠਾਨਕੋਟ ਨਾਲ ਸਬੰਧਤ ਪੇਂਡੂ ਬੇਰੋਜ਼ਗਾਰ ਨੌਜਵਾਨ ਲੜਕੇ / ਲੜਕੀਆਂ ਜੋ ਘੱਟੋ-ਘੱਟ 10ਵੀਂ ਪਾਸ ਹੋਣ, ਉਮਰ 18 ਤੋਂ 55 ਸਾਲ ਦਰਮਿਆਨ ਹੋਵੇ, ਪੇਂਡੂ ਖੇਤਰ ਨਾਲ ਸਬੰਧਤ ਹੋਣ, ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ । ਸਿਖਲਾਈ ਲੈਣ ਉਪਰੰਤ ਸਿਖਿਆਰਥੀਆਂ ਨੂੰ ਵਿਭਾਗ ਵੱਲੋ ਇੱਕ ਸਰਟੀਫਿਕੇਟ ਵੀ ਦਿੱਤਾ ਜਾਵੇਗਾ, ਜਿਸ ਅਨੁਸਾਰ ਵੱਖ - ਵੱਖ ਬੈਂਕਾਂ ਤੋਂ ਡੇਅਰੀ ਕਰਜ਼ੇ ਦੀ ਸੁਵਿਧਾ ਰਾਹੀਂ 2,5,10 ਅਤੇ 20 ਦੁਧਾਰੂ ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਿਤ ਕਰਵਾ 25% ਜਨਰਲ ਅਤੇ 33% ਅ:ਜਾਤੀ ਲਈ ਸਬਸਿਡੀ ਮੁੱਹਈਆ ਕਰਵਾਈ ਜਾਵੇਗੀ।

ਇਸ ਸਬੰਧੀ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਪਠਾਨਕੋਟ ਵਿਖੇ ਟ੍ਰੇਨਿੰਗ ਲੈਣ ਦੇ ਚਾਹਵਾਨ ਲੜਕੇ/ਲੜਕੀਆਂ ਆਪਣੇ ਅਸਲ ਯੋਗਤਾ ਸਰਟੀਫਿਕੇਟ, ਪਾਸਪੋਰਟ ਸਾਈਜ਼ ਫੋਟੋ, ਆਧਾਰ ਕਾਰਡ, ਪੈਨ ਕਾਰਡ, ਬੈਂਕ ਖਾਤੇ ਦੀ ਕਾਪੀ ਦੀ ਫੋਟੋ ਕਾਪੀ ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਮਲਿਕਪੁਰ, ਦੂਜੀ ਮੰਜਿਲ, ਕਮਰਾ ਨੰ: 345-ਏ ਵਿਖੇ ਫਾਰਮ ਜਮ੍ਹਾ ਕਰਵਾ ਸਕਦੇ ਹਨ । ਵਧੇਰੇ ਜਾਣਕਾਰੀ ਲਈ (ਫੋਨ ਨੰ: 0186-2345454 ਜਾਂ ਮੋਬਾਇਲ ਨੰ: (98762-60243), (76966-60650),(98785-28364) ਤੇ ਸੰਪਰਕ ਕਰ ਸਕਦਾ ਹੈ ।

# 26 ਜਨਵਰੀ ਨੂੰ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ ਗੁਰਦਾਸਪੁਰ ਵਿਖੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ




**ਗੁਰਦਾਸਪੁਰ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

26 ਜਨਵਰੀ ਨੂੰ ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ (ਅਸ਼ੋਕ ਚੱਕਰ) ਸਟੇਡੀਅਮ, ਗੁਰਦਾਸਪੁਰ ਵਿਖੇ 76ਵਾਂ ਗਣਤੰਤਰ ਦਿਵਸ ਸਮਾਗਮ ਪੂਰੇ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਸ ਮੌਕੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ।

ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ ਵੱਲੋਂ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫ਼ਰੰਸ ਹਾਲ ਵਿਖੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਗਣਤੰਤਰ ਦਿਵਸ ਦੀਆਂ ਤਿਆਰੀਆਂ ਸਬੰਧੀ ਇੱਕ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੇ ਵਿਭਾਗ ਗਣਤੰਤਰ ਦਿਵਸ ਸਮਾਗਮ ਨੂੰ ਸਫਲ ਬਣਾਉਣ ਲਈ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ। ਉਨ੍ਹਾਂ ਕਿਹਾ ਕਿ ਇਸ ਕੌਮੀ ਤਿਉਹਾਰ ਮੌਕੇ ਸ਼ਹਿਰਾਂ ਦੀ ਸਾਫ਼-ਸਫ਼ਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 26 ਜਨਵਰੀ ਨੂੰ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਮੌਕੇ ਮੁੱਖ ਮਹਿਮਾਨ ਵਜੋਂ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸ੍ਰੀ ਕੁਲਦੀਪ ਸਿੰਘ ਧਾਲੀਵਾਲ ਸ਼ਾਮਿਲ ਹੋਣਗੇ, ਜਿਨ੍ਹਾਂ ਵੱਲੋਂ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਕੌਮੀ ਝੰਡਾ ਲਹਿਰਾਉਣ ਦੀ ਰਸਮ ਤੋਂ ਬਾਅਦ ਪੰਜਾਬ ਪੁਲਿਸ ਦੇ ਜਵਾਨਾਂ, ਪੰਜਾਬ ਪੁਲਿਸ ਦੀ ਮਹਿਲਾ ਪਲਟੂਨ, ਪੰਜਾਬ ਹੋਮਗਾਰਡ, ਐੱਨ.ਸੀ.ਸੀ. ਕੈਡਿਟਸ ਅਤੇ ਸਕੂਲੀ ਵਿਦਿਆਰਥੀਆਂ ਦੀਆਂ ਬੈਂਡ ਟੀਮਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ। ਇਸ ਤੋਂ ਬਾਅਦ ਵੱਖ-ਵੱਖ ਵਿਭਾਗਾਂ ਵੱਲੋਂ ਵਿਕਾਸ ਨੂੰ ਦਰਸਾਉਂਦੀਆਂ ਝਾਕੀਆਂ ਪੇਸ਼ ਕੀਤੀਆਂ ਜਾਣਗੀਆਂ।

ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ ਨੇ ਦੱਸਿਆ ਕਿ ਗਣਤੰਤਰ ਦਿਵਸ ਸਮਾਗਮ ਵਿੱਚ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਅਤੇ ਪੰਜਾਬ ਦੇ ਸਭਿਆਚਾਰ ਨਾਲ ਲਬਰੇਜ਼ ਸ਼ਾਨਦਾਰ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਸਮਾਗਮ ਦੌਰਾਨ ਵੀਰ ਨਾਰੀਆਂ, ਸੁਤੰਤਰਤਾ ਸੈਨਾਨੀਆਂ ਨੂੰ ਵਿਸ਼ੇਸ਼ ਤੌਰ @ਤੇ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਸ਼ਖ਼ਸੀਅਤਾਂ ਨੂੰ ਵੀ ਵਿਸ਼ੇਸ਼ ਤੌਰ @ਤੇ ਸਨਮਾਨਿਤ ਕੀਤਾ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਗਣਤੰਤਰ ਦਿਵਸ ਦੇ ਮੱਦੇਨਜ਼ਰ ਜ਼ਿਲ੍ਹੇ ਦੇ ਸਮੂਹ ਸਰਕਾਰੀ ਵਿੱਚ ਕੌਮੀ ਝੰਡਾ ਲਹਿਰਾਇਆ ਜਾਵੇਗਾ। ਇਸ ਤੋਂ ਇਲਾਵਾ ਜ਼ਿਲ੍ਹੇ ਦੇ ਸ਼ਹਿਰਾਂ ਵਿਚਲੇ ਚੌਂਕਾਂ ਅਤੇ ਸਰਕਾਰੀ ਇਮਾਰਤਾਂ ਨੂੰ ਸਜਾਇਆ ਜਾਵੇਗਾ ਅਤੇ 25 ਤੇ 26 ਜਨਵਰੀ ਦੀ ਰਾਤ ਨੂੰ ਉਨ੍ਹਾਂ ਦੀ ਲਾਈਟਿੰਗ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਘਰਾਂ, ਕਾਰੋਬਾਰੀ ਥਾਵਾਂ ਉੱਪਰ ਗਣਤੰਤਰ ਦਿਵਸ ਮੌਕੇ ਕੌਮੀ ਝੰਡੇ ਲਹਿਰਾਉਣ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਗਣਤੰਤਰ ਦਿਵਸ ਸਮਾਗਮ ਦੌਰਾਨ ਹੋਣ ਵਾਲੇ ਕਲਚਰਲ ਪ੍ਰੋਗਰਾਮ ਅਤੇ ਪਰੇਡ ਦੀ ਰਿਹਰਸਲ 17, 21 ਅਤੇ 23 ਜਨਵਰੀ ਨੂੰ ਹੋਵੇਗੀ, ਜਦਕਿ ਫੁੱਲ ਡਰੈੱਸ ਰਿਹਰਸਲ 24 ਜਨਵਰੀ ਨੂੰ ਹੋਵੇਗੀ। ਉਨ੍ਹਾਂ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ 26 ਜਨਵਰੀ ਨੂੰ ਆਪਣੇ ਵਿਭਾਗ ਨਾਲ ਸਬੰਧਿਤ ਸਮੂਹ ਮੁਲਾਜ਼ਮਾਂ ਦੀ ਹਾਜ਼ਰੀ ਨੂੰ ਵੀ ਯਕੀਨੀ ਬਣਾਉਣ।

ਮੀਟਿੰਗ ਦੌਰਾਨ ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਹਰੀਸ਼ ਦਾਯਮਾ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਹਰਜਿੰਦਰ ਸਿੰਘ, ਐੱਸ.ਪੀ. ਜੁਗਰਾਜ ਸਿੰਘ ਸਮੇਤ ਸਮੂਹ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਵਿਧਾਇਕ ਬੱਲੂਆਣਾ ਨੇ ਨਿਊ ਤਰਮਾਲਾ ਲਿੰਕ ਚੈਨਲ ਬੁਰਜੀ 0-23099 ਟੇਲ ਅਤੇ 03 ਨੰਬਰ ਖਾਲਾਂ ਦੇ ਮੁੜ ਉਸਾਰੀ ਦੇ ਕੰਮਾਂ ਦਾ ਰੱਖਿਆ ਨੀਹ ਪੱਥਰ

**ਫਾਜ਼ਿਲਕਾ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਬੱਲੂਆਣਾ ਦੇ ਵਿਧਾਇਕ ਸ੍ਰੀ ਅਮਨਦੀਪ ਸਿੰਘ ਗੋਲਡੀ ਮੁਸਾਫਰ ਵੱਲੋਂ ਹਲਕੇ ਦੇ ਪਿੰਡ ਬਿਸ਼ਨਪੁਰਾ ਵਿਖੇ ਨਿਊ ਤਰਮਾਲਾ ਲਿੰਕ ਚੈਨਲ ਬੁਰਜੀ 0-23099 ਟੇਲ ਅਤੇ 03 ਨੰਬਰ ਖਾਲਾਂ ਦੇ ਮੁੜ ਉਸਾਰੀ ਦੇ ਕੰਮਾਂ ਦਾ ਨੀਹ ਪੱਥਰ ਰੱਖਿਆ ਗਿਆ!

ਇਸ ਮੌਕੇ ਬੋਲਦਿਆਂ ਵਿਧਾਇਕ ਸ੍ਰੀ ਅਮਨਦੀਪ ਸਿੰਘ ਗੋਲਡੀ ਮੁਸਾਫਰ ਨੇ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਹੇਠ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਦੀ ਅਗਵਾਈ ਹੇਠ ਤਰਮਾਲਾ ਲਿੰਕ ਚੈਨਲ ਦਾ ਕੰਮ ਸ਼ੁਰੂ ਹੋ ਗਿਆ ਹੈ!

ਉਹਨਾਂ ਕਿਹਾ ਕਿ ਇਸ ਨਹਿਰ ਦੀ ਲੰਬਾਈ 7 ਕਿਲੋਮੀਟਰ ਹੈ ਤੇ ਇਸ ਨਹਿਰ ਰਾਹੀਂ ਕਿਸਾਨਾਂ ਨੂੰ ਤਿੰਨ ਕਿਊਸਿਕ ਪਾਣੀ ਵੀ ਵਾਧੂ ਦਿੱਤਾ ਜਾਵੇਗਾ! ਉਨ੍ਹਾਂ ਕਿਹਾ ਕਿ ਪਿੰਡ ਬਿਸ਼ਨਪੁਰ ਦੇ ਖਾਲ ਵੀ ਨਵੇ ਬਣ ਰਹੇ ਹਨ! ਉਹਨਾਂ ਕਿਹਾ ਕਿ ਹਲਕਾ ਹਲਕਾ ਬੱਲੂਆਣਾ ਵਿੱਚ ਹੁਣ ਤੱਕ 6 ਮਾਈਨਰ ਲਗਭਗ 30 ਕਰੋੜ ਦੀ ਲਾਗਤ ਨਾਲ ਤਿਆਰ ਹੋ ਗਏ ਹਨ ਤੇ ਇਹ ਸੱਤਵਾਂ ਸਾਢੇ 7 ਕਰੋੜ ਦੀ ਲਾਗਤ ਨਾਲ ਬਣਨ ਜਾ ਰਿਹਾ ਹੈ! ਨਿਊ ਤਰਮਾਲਾ ਲਿੰਕ ਚੈਨਲ ਲਈ 3 ਕਰੋੜ 40 ਲੱਖ ਰੁਪਏ ਤੇ 3 ਕਰੋੜ 41 ਲੱਖ ਦੀ ਲਾਗਤ ਨਾਲ ਮਾਈਨਰ ਦੇ ਖਾਲ ਬਣਨਗੇ!

ਉਹਨਾਂ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿਛਲੇ ਤਿੰਨ ਸਾਲ ਦੇ ਕਾਰਜਕਾਲ ਦੌਰਾਨ ਮਾਨਯੋਗ ਮੁੱਖ ਮੰਤਰੀ ਜੀ ਵੱਲੋਂ ਹਲਕਾ ਬੱਲੂਆਣੇ ਲਈ 1900 ਕਰੋੜ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ ਹੈ ਤੇ ਜਿਸ ਵਿੱਚੋਂ ਹੁਣ ਤੱਕ 150 ਕਰੋੜ ਰੁਪਏ ਸਰਕਾਰੀ ਸਕੂਲਾਂ ਦੇ ਵਿਕਾਸ ਲਈ ਆਏ ਹਨ ਤੇ ਉਹ ਅੱਜ ਪਿੰਡ ਬਿਸ਼ਨਪੁਰਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਲਈ 2 ਕਰੋੜ 90 ਲੱਖ ਰੁਪਏ ਦੇ ਕੇ ਜਾ ਰਹੇ ਹਨ!

ਉਹਨਾਂ ਕਿਹਾ ਕਿ ਹਲਕਾ ਬੱਲੂਆਣਾ ਵਿੱਚ ਖੁਦ ਮੁੱਖ ਮੰਤਰੀ ਸਾਹਿਬ 7 ਵਾਰ ਆਏ ਤੇ ਜਦੋਂ ਵੀ ਆਏ ਹਲਕੇ ਲਈ ਵਿਕਾਸ ਪ੍ਰੋਜੈਕਟ ਹੀ ਲੈ ਕੇ ਆਏ ਹਨ!

ਉਹਨਾਂ ਕਿਹਾ ਕਿ ਕੁਝ ਦਿਨ ਪਹਿਲਾਂ ਸਾਡੀ ਕੈਨਾਲ ਡਵੀਜ਼ਨ ਵੀ ਵਾਪਸ ਆ ਗਈ ਹੈ ਤੇ ਹੁਣ ਕਿਸਾਨ ਭਰਾਵਾਂ ਨੂੰ ਹੁਣ ਆਪਣੇ ਕੰਮ ਕਰਵਾਉਣ ਲਈ ਗਿੱਦੜਵਾਹ ਜਾਣ ਦੀ ਜਰੂਰਤ ਨਹੀਂ ਹੋਵੇਗੀ!

# ਬੇਰੋਜਗਾਰ ਨੌਜਵਾਨ ਪ੍ਰਾਰਥੀਆਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਲਗਾਇਆ ਜਾਵੇਗਾ ਪਲੇਸਮੈਂਟ ਕੈਂਪ

**ਤਰਨ ਤਾਰਨ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਬੇਰੋਜਗਾਰ ਨੌਜਵਾਨ ਪ੍ਰਾਰਥੀਆਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਅਤੇ ਮਾਨਯੋਗ ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਦੇ ਦਿਸ਼ਾ ਨਿਰਦੇਸ਼ਾ ਅਤੇ ਵਧੀਕ ਡਿਪਟੀ ਕਮਿਸ਼ਨਰ (ਪੇਡੂ ਵਿ.) ਤਰਨ ਤਾਰਨ ਸ਼੍ਰੀ ਸੰਜੀਵ ਕੁਮਾਰ ਸ਼ਰਮਾ ਦੀ ਰਹਿਨੁਮਾਈ ਹੇਠ ਮਿਤੀ 20 ਜਨਵਰੀ 2025 ਨੂੰ ਸਵੇਰੇ 10:00 ਵਜੇ ਤੋਂ 1 ਵਜੇ ਤੱਕ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਤਰਨ ਤਾਰਨ, ਕਮਰਾ ਨੰਬਰ 115, ਪਹਿਲੀ ਮੰਜਿਲ, ਡੀ.ਸੀ ਦਫਤਰ ਕੰਪਲੈਕਸ, ਸਰਹਾਲੀ ਰੋਡ (ਪਿੰਡ ਪਿੰਦੀ) ਤਰਨ ਤਾਰਨ ਵਿਖੇ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਸ਼੍ਰੀ ਵਿਕਰਮ ਜੀਤ, ਜਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਅਫਸਰ, ਵੱਲੋਂ ਬੇਰੋਜਗਾਰ ਉਮੀਦਵਾਰਾ ਨੂੰ ਇਸ ਪਲੇਸਮੈਂਟ ਕੈਂਪ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਕਿਹਾ ਗਿਆ, ਪਲੇਸਮੈਂਟ ਕੈਂਪ ਵਿੱਚ ਕੇਅਰ ਹੈਲਥ ਕੰਪਨੀ ਭਾਗ ਲੈ ਰਹੀ ਹੈ।

ਕੇਅਰ ਹੈਲਥ ਕੰਪਨੀ ਨੂੰ ਸੇਲਜ਼ ਮੈਨੇਜ਼ਰ ਦੀ ਲੋੜ ਹੈ। ਯੋਗਤਾ ਬਾਰਵੀਂ / ਗ੍ਰੇਜੂਏਟ ਪਾਸ (ਤਨਖਾਹ 15000 ਤੋਂ 20000/-ਰੁ:) (ਉਮਰ ਹੱਦ 18 ਤੋਂ 40 ਸਾਲ) ਵਧੇਰੇ ਜਾਣਕਾਰੀ ਲਈ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਤਰਨ ਤਾਰਨ ਦੇ ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਸ਼੍ਰੀ ਵਿਕਰਮ ਜੀਤ, ਜਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਅਫਸਰ, ਵੱਲੋਂ ਬੇਰੋਜਗਾਰ ਉਮੀਦਵਾਰਾ ਨੂੰ ਇਸ ਪਲੇਸਮੈਂਟ ਕੈਂਪ ਵਿੱਚ ਵੱਧ ਤੋਂ ਅਤੇ ਮਾਨਯੋਗ ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਦੇ ਦਿਸ਼ਾ ਨਿਰਦੇਸ਼ਾ ਅਤੇ ਵਧੀਕ ਡਿਪਟੀ ਕਮਿਸ਼ਨਰ (ਪੇਡੂ ਵਿ.) ਤਰਨ ਤਾਰਨ ਵੱਧ ਭਾਗ ਲੈਣ ਲਈ ਕਿਹਾ ਗਿਆ, ਪਲੇਸਮੈਂਟ ਕੈਂਪ ਵਿੱਚ ਕੇਅਰ ਹੈਲਥ ਕੰਪਨੀ ਭਾਗ ਲੈ ਰਹੀ ਹੈ।

ਕੇਅਰ ਹੈਲਥ ਕੰਪਨੀ ਨੂੰ ਸੇਲਜ਼ ਮੈਨੇਜ਼ਰ ਦੀ ਲੋੜ ਹੈ। ਹੈਲਪਲਾਈਨ ਨੰਬਰ 77173-97013 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਪੰਜਾਬ ਸਰਕਾਰ ਲਗਾਤਾਰ ਕਾਰਜਸ਼ੀਲ: ਨਰਿੰਦਰ ਪਾਲ ਸਿੰਘ ਸਵਨਾ



**ਫਾਜ਼ਿਲਕਾ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਵੱਲੋਂ ਲਗਾਤਾਰ ਪਿੰਡਾਂ ਵਿਚ ਵਿਚਰਦਿਆਂ ਸਰਵਪੱਖੀ ਵਿਕਾਸ ਲਈ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ। ਇਸੇ ਲਗਾਤਾਰਤਾ ਵਿਚ ਵਿਧਾਇਕ ਸ੍ਰੀ ਸਵਨਾ ਨੇ 12.77 ਲੱਖ ਦੀ ਲਾਗਤ ਨਾਲ ਮੰਡੀ ਲਾਧੂਕਾ (ਫਾਜ਼ਿਲਕਾ—ਫਿਰੋਜਪੁਰ ਰੋਡ ਤੋਂ ਹੌਂਜਖਾਸ) ਅਤੇ ਪਿੰਡ ਨੂਰਸਮੰਦ ਫਿਰਨੀ ਦੀਆਂ ਸੜਕਾਂ ਦੇ ਨਵੀਨੀਕਰਨ ਦਾ ਨੀਹ ਪੱਥਰ ਰੱਖਿਆ।ਇਸ ਦੌਰਾਨ ਉਨ੍ਹਾਂ ਕਿਹਾ ਕਿ ਪਿੰਡ ਦੇ ਸਰਵਪੱਖੀ ਵਿਕਾਸ ਲਈ ਉਹ ਹਮੇਸ਼ਾ ਤਤਪਰ ਹਨ।

ਵਿਧਾਇਕ ਸ੍ਰੀ ਸਵਨਾ ਨੇ ਨੀਂਹ ਪੱਥਰ ਰੱਖਣ ਮੌਕੇ ਸੰਬੋਧੰਨ ਕਰਦਿਆਂ ਕਿਹਾ ਕਿ 8.12 ਲੱਖ ਰੁਪਏ ਦੀ ਲਾਗਤ ਨਾਲ ਮੰਡੀ ਲਾਧੂਕਾ ਵਿਖੇ 360 ਮੀਟਰ ਲੰਬੀ ਤੇ 16 ਫੁੱਟੀ ਚੋੜੀ ਲਿੰਕ ਸੜਕ ਦੀ ਸਿਰਜਣਾ ਕੀਤੀ ਜਾਣੀ ਹੈ।ਇਸ ਤੋਂ ਇਲਾਵਾ ਪਿੰਡ ਨੂਰਸ਼ਾਹ ਫਿਰਨੀ ਜਿਸ ਦੀ ਲੰਬਾਈ 350 ਮੀਟਰ ਤੇ 4.65 ਲੱਖ ਰੁਪਏ ਦੀ ਲਾਗਤ ਨਾਲ ਸੜਕ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਪੱਖੋਂ ਲਗਾਤਾਰ ਹੰਭਲੇ ਮਾਰ ਰਹੀ ਹੈ।ਉਨ੍ਹਾਂ ਕਿਹਾ ਕਿ ਰਾਤ ਸਮੇਂ ਜਾਂ ਆਉਣ ਜਾਣ ਸਮੇਂ ਰਾਹਗੀਰਾਂ ਨੂੰ ਕਾਫੀ ਪ੍ਰੇਸ਼ਾਨੀ ਨਾ ਹੋਵੇ ਜਿਸ ਕਰਕੇ ਸੜਕ ਦੇ ਨਵੀਨੀਕਰਨ ਦਾ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਦੀ ਗਲੀਆਂ—ਨਾਲੀਆਂ ਨੂੰ ਪੱਕਾ ਕੀਤਾ ਜਾ ਰਿਹਾ ਹੈ ਤਾਂ ਜ਼ੋ ਕੋਈ ਵੀ ਅਣਸੁਖਾਵੀ ਘਟਨਾ ਨਾ ਵਾਪਰ ਸਕੇ ਅਤੇ ਪਿੰਡਾਂ ਦੀ ਦਿਖ ਨੂੰ ਹੋਰ ਬਿਹਤਰ ਬਣਾਇਆ ਜਾ ਸਕੇ।ਸ੍ਰੀ ਨਰਿੰਦਰ ਪਾਲ ਨੇ ਕਿਹਾ ਕਿ ਜੇਕਰ ਪਿੰਡਾਂ ਵਿਖੇ ਸੜਕਾਂ, ਗਲੀਆਂ—ਨਾਲੀਆਂ ਪੱਕੀਆਂ ਹੋਣਗੀਆਂ, ਪਿੰਡ ਦਾ ਆਲਾ—ਦੁਆਲਾ ਸਾਫ—ਸੁਥਰਾ ਤੇ ਗੰਦਗੀ ਮੁਕਤ ਬਣੇਗਾ ਤਾਂ ਪਿੰਡ ਦੇ ਸਰਵਪੱਖੀ ਵਿਕਾਸ ਦਾ ਉਦੇਸ਼ ਪੂਰਾ ਹੋ ਸਕੇਗਾ। ਉਨ੍ਹਾਂ ਪਿੰਡ ਦੀ ਪੰਚਾਇਤ ਤੇ ਹੋਰ ਮੋਹਤਵਾਰਾਂ ਨੂੰ ਵੀ ਕਿਹਾ ਕਿ ਉਹ ਪਿੰਡਾਂ ਦੇ ਵਿਕਾਸ ਲਈ ਵੱਧ ਤੋਂ ਵੱਧ ਵਿਕਾਸ ਪ੍ਰੋਜੈਕਟ ਉਲੀਕਣ ਦੇ ਮਤੇ ਪਾਉਣ ਤਾਂ ਜ਼ੋ ਪਿੰਡਾਂ ਨੂੰ ਪ੍ਰਗਤੀ ਦੀ ਰਾਹ *ਤੇ ਲਿਜਾਇਆ ਜਾ ਸਕੇ। ਇਸ ਮੌਕੇ ਸਰਪੰਚ ਮਨਜੋਤ ਖੇੜਾ, ਸਰਪੰਚ ਰਮੇਸ਼ ਕੁਮਾਰ, ਗੁਰਮੀਤ ਸਿੰਘ ਬੀਟੂ ਕਾਠਪਾਲ, ਹਰਮੰਦਰ ਸਿੰਘ ਬਰਾੜ, ਸ਼ਿੰਦਾ ਸ਼ੌਕੀ, ਭਜਨ ਹੰਸ ਬਲਾਕ ਪ੍ਰਧਾਨ, ਬਰਿੰਦਰ ਕੁਮਾਰ, ਗਗਨਦੀਪ ਸਿੰਘ ਰਾਮੁਪਰਾ, ਬਲਵਿੰਦਰ ਸਿੰਘ, ਕਰਨੈਲ ਸਿੰਘ, ਸਰਪੰਚ ਕੁਲਵਿੰਦਰ ਸਿੰਘ ਮੁਹੰਮਦ ਪੀਰਾ ਆਦਿ ਹਾਜਰ ਸਨ।

# 25 ਜਨਵਰੀ ਨੂੰ ਮਨਾਇਆ ਜਾਵੇਗਾ ਵੋਟਰ ਦਿਵਸ: ਏ.ਡੀ.ਸੀ




**ਹੁਸ਼ਿਆਰਪੁਰ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਅਨੁਸਾਰ ਦੇਸ਼ ਭਰ ਵਿਚ 25 ਜਨਵਰੀ ਨੂੰ ਮਨਾਏ ਜਾਂਦੇ ਰਾਸ਼ਟਰੀ ਵੋਟਰ ਦਿਵਸ ਦਾ ਜ਼ਿਲ੍ਹਾ ਪੱਧਰੀ ਸਮਾਗਮ ਸਥਾਨਕ ਸਵਾਮੀ ਸਰਵਾਨੰਦ ਗਿਰੀ ਰਿਜਨਲ ਸੈਂਟਰ ਵਿਖੇ ਮਨਾਇਆ ਜਾਵੇਗਾ।ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਨੇ ਰਾਸ਼ਟਰੀ ਵੋਟਰ ਦਿਵਸ ਸਬੰਧੀ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਦੱਸਿਆ ਕਿ ਇਸ ਦਿਹਾੜੇ ਦਾ ਮਕਸਦ ਵੋਟਰਾਂ ਖਾਸਕਰ ਨੌਜਵਾਨ ਅਤੇ ਪਹਿਲੀ ਵਾਰ ਦੇ ਵੋਟਰਾਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਅਤੇ ਉਤਸ਼ਾਹਿਤ ਕਰਨਾ ਹੈ। ਉਨ੍ਹਾਂ ਦੱਸਿਆ ਕਿ ਸਮਾਗਮ ਦੌਰਾਨ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਅਤੇ ਨੌਜਵਾਨ ਵੋਟਰਾਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਸੰਦੇਸ਼ ਦੇਣਗੇ। ਉਨ੍ਹਾਂ ਨੇ ਵੋਟਰ ਦਿਵਸ ਸਮਾਗਮ ਵਿਚ ਭਰਵੀਂ ਸ਼ਮੂਲੀਅਤ ਦਾ ਸੱਦਾ ਦਿੰਦਿਆਂ ਲੋੜੀਂਦੀਆਂ ਤਿਆਰੀਆਂ ਨੂੰ ਸਮੇਂ ਸਿਰ ਸੰਪੰਨ ਕਰਨ ਦੀ ਤਾਕੀਦ ਕੀਤੀ। ਇਸ ਮੌਕੇ ਐਸ.ਡੀ.ਐਮ ਸੰਜੀਵ ਸ਼ਰਮਾ ਅਤੇ ਸਬੰਧਤ ਅਧਿਕਾਰੀ ਵੀ ਮੌਜੂਦ ਸਨ।

## ਸੰਪਾਦਕੀ

# ਅਮਰੀਕਾ ਦੇ 47ਵੇਂ ਰਾਸ਼ਟਰਪਤੀ

20 ਜਨਵਰੀ ਨੂੰ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਲਡ ਟਰੰਪ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਕੁਰਸੀ ਸੰਭਾਲ ਰਹੇ ਹਨ। 'ਅਮਰੀਕਾ ਫਸਟ' ਅਤੇ 'ਅਮਰੀਕਾ ਨੂੰ ਮੁੜ ਮਹਾਨ ਬਣਾਉਣ' ਦੇ ਕੌਮੀ ਸ਼ਾਵਨਵਾਦੀ ਪ੍ਰਚਾਰ ਤਹਿਤ ਉਹਨੇ ਆਵਾਸ (ਇਮੀਗ੍ਰੇਸ਼ਨ) ਨੀਤੀਆਂ ਸਖ਼ਤ ਕਰਨ, ਅਮਰੀਕੀ ਵਪਾਰ ਤੇ ਉਤਪਾਦਨ ਦੇ ਹੁਲਾਰੇ ਲਈ ਟੈਰਿਫ ਲਾਉਣ (ਖਾਸਕਰ ਚੀਨ ਉੱਪਰ), ਕੌਮੀ ਸੁਰੱਖਿਆ ਲਈ ਫੌਜੀ ਖਰਚ ਵਧਾਉਣ, ਵਾਤਾਵਰਨ ਸਮਝੌਤਿਆਂ ਦੀ ਪ੍ਰਵਾਹ ਨਾ ਕਰਦਿਆਂ ਤੇਲ ਤੇ ਕੋਲੇ ਦੇ ਉਤਪਾਦਨ ਨੂੰ ਵਧਾਉਣ, ਨੌਕਰਸ਼ਾਹੀ ਸੀਮਤ ਕਰਨ, ਸੋਸ਼ਲ ਮੀਡੀਆ 'ਤੇ ਕੰਟਰੋਲ ਲਈ ਸੈਂਸਰਸ਼ਿਪ ਦਾ ਸਮਰਥਨ ਕਰਨ, ਲਾਤੀਨੀ ਅਮਰੀਕੀ ਨਸ਼ਾ ਮਾਫੀਆ ਨੂੰ ਅਤਿਵਾਦੀ ਐਲਾਨਣ ਆਦਿ ਦੇ ਵਾਅਦੇ ਕੀਤੇ ਹਨ। ਕੁਰਸੀ 'ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਹੀ ਉਹਨੇ ਕੈਨੇਡਾ ਨੂੰ ਅਮਰੀਕਾ ਦੀ 51ਵੀਂ ਸਟੇਟ ਕਹਿਣ ਦੀਆਂ ਗੈਰ-ਸੰਜੀਦਾ ਟਿੱਪਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਤੋਂ ਇਲਾਵਾ ਕੈਨੇਡੀਅਨ ਵਪਾਰ ਉੱਤੇ 25% ਅਤੇ ਚੀਨੀ ਦਰਾਮਦਾਂ ਉੱਤੇ 100% ਟੈਰਿਫ ਲਗਾਉਣ, ਬ੍ਰਿਕਸ ਮੁਦਰਾ ਬਣਾਉਣ ਦੀ ਸੂਰਤ ਵਿੱਚ ਬ੍ਰਿਕਸ ਮੁਲਕਾਂ ਉੱਤੇ 100% ਟੈਰਿਫ ਤੇ ਆਰਥਿਕ ਰੋਕਾਂ ਲਾਉਣ ਦੀ ਧਮਕੀ ਦੇਣ, ਨਾਟੋ ਮੁਲਕਾਂ ਨੂੰ ਫੌਜੀ ਖਰਚ ਵਧਾਉਣ, ਪਨਾਮਾ ਨਹਿਰ 'ਤੇ ਮੁੜ ਕਬਜ਼ਾ ਕਰਨ, ਗਰੀਨਲੈਂਡ ਟਾਪੂ ਨੂੰ ਅਮਰੀਕਾ ਵਿੱਚ ਸ਼ਾਮਲ ਕਰਨ ਅਤੇ ਗੈਰ-ਕਾਨੂੰਨੀ ਪਰਵਾਸੀਆਂ ਦੇ ਵੱਡੀ ਪੱਧਰ'ਤੇ ਦੇਸ਼-ਨਿਕਾਲੇ ਦੇ ਬਿਆਨਾਂ ਨਾਲ ਗਲੋਬਲ ਆਰਥਿਕਤਾ ਅਤੇ ਸਿਆਸਤ ਵਿੱਚ ਸਹਿਮ ਤੇ ਨਵੇਂ ਕਿਆਸ ਪੈਦਾ ਹੋ ਰਹੇ ਹਨ। ਟਰੰਪ ਦੇ ਇਨ੍ਹਾਂ ਬਿਆਨਾਂ ਪਿੱਛੇ ਅਮਰੀਕੀ ਸਾਮਰਾਜ ਦੀ ਨੀਤੀ ਅਤੇ ਇਸ ਦੇ ਵਿਸ਼ਵਵਿਆਪੀ ਪ੍ਰਭਾਵ ਬੁੱਝਣੇ ਜ਼ਰੂਰੀ ਹਨ। ਅਮਰੀਕਾ ਅੰਦਰ ਬਾਇਡਨ ਪ੍ਰਸ਼ਾਸਨ ਤੋਂ ਟਰੰਪ ਪ੍ਰਸ਼ਾਸਨ ਵੱਲ ਤਬਦੀਲੀ ਖਾਸ ਇਤਿਹਾਸਕ ਸਮੇਂ ਹੋ ਰਹੀ ਹੈ। ਇਹ ਉਹ ਅਹਿਮ ਦੌਰ ਹੈ ਜਦੋਂ ਸਾਮਰਾਜੀ ਅਮਰੀਕੀ ਮਹਾਂ ਸ਼ਕਤੀ ਸੰਸਾਰ ਮੰਚ 'ਤੇ ਆਪਣੇ ਬਰਾਬਰ ਨਵੀਆਂ ਉੱਭਰ ਰਹੀਆਂ ਚੁਣੌਤੀਆਂ ਸੰਗ ਭਿੜਦੀ ਨਿਵਾਣ ਵੱਲ ਜਾ ਰਹੀ ਹੈ। ਅਮਰੀਕਾ ਸਿਰ ਵਿਦੇਸ਼ੀ ਕਰਜ਼ ਵਧ ਰਿਹਾ ਹੈ ਅਤੇ ਸਮਾਜ ਵਿੱਚ ਅਮੀਰੀ-ਗਰੀਬੀ ਦਾ ਪਾੜਾ ਡੂੰਘਾ ਹੋ ਰਿਹਾ ਹੈ। ਵਿਸ਼ਵ ਮੰਡੀ ਵਿੱਚ ਪੁਰਾਣੇ ਸ਼ਰੀਕ ਮੁੜ ਸਿਰ ਚੁੱਕ ਰਹੇ ਹਨ। ਆਰਥਿਕ ਮੰਦਹਾਲੀ ਨਾਲ ਜੂਝ ਰਹੇ ਅਮਰੀਕਾ ਸਾਹਮਣੇ ਇਸ ਸਮੇਂ ਸਭ ਤੋਂ ਵੱਡੀ ਚੁਣੌਤੀ ਆਰਥਿਕ ਤੇ ਫੌਜੀ ਤੌਰ 'ਤੇ ਉਭਰ ਰਿਹਾ ਚੀਨੀ ਸਾਮਰਾਜ ਹੈ ਜਿਸ ਦਾ ਪ੍ਰਭਾਵ ਵਿਸ਼ਵ ਮੰਡੀ ਵਿੱਚ ਲਗਾਤਾਰ ਵਧ-ਫੁੱਲ ਰਿਹਾ ਹੈ। ਦੂਜੀ ਚੁਣੌਤੀ ਰੂਸੀ ਸਾਮਰਾਜ ਹੈ ਜੋ ਆਮ ਤੌਰ 'ਤੇ ਵਿਸ਼ਵ ਹਥਿਆਰ ਮੰਡੀ, ਖਾਸ ਤੌਰ 'ਤੇ ਜੰਗੀ ਪ੍ਰਭਾਵ ਵਾਲੇ ਮੱਧ-ਪੂਰਬੀ ਖਿੱਤੇ ਵਿੱਚ ਫੌਜੀ ਸਾਜ਼ੋ-ਸਮਾਨ ਦੀ ਮੰਡੀ ਵਾਸਤੇ ਅਮਰੀਕੀ 'ਫੌਜੀ ਉਦਯੋਗਕ ਕੰਪਲੈਕਸ' ਲਈ ਅਤੇ ਯੂਰੋਪੀਅਨ-ਏਸ਼ਿਆਈ ਖਿੱਤੇ ਦੀ ਊਰਜਾ ਮੰਡੀ ਲਈ ਚੁਣੌਤੀ ਬਣਿਆ ਹੋਇਆ ਹੈ। ਰੂਸ ਕੋਲ ਤੇਲ, ਗੈਸ, ਅਨਾਜ ਅਤੇ ਹੋਰ ਕੱਚੇ ਮਾਲ ਦੇ ਵਿਸ਼ਾਲ ਭੰਡਾਰ ਹਨ; ਸ਼ਕਤੀਸ਼ਾਲੀ ਫੌਜੀ ਅਤੇ ਪਰਮਾਣੂ ਹਥਿਆਰਾਂ ਕਰ ਕੇ ਇਸ ਦੀ ਵਿਸ਼ਵਵਿਆਪੀ ਪਹੁੰਚ ਅਮਰੀਕੀ ਸਾਮਰਾਜ ਨੂੰ ਟੱਕਰ ਦਿੰਦੀ ਹੈ। ਸੰਸਾਰ ਮੰਡੀ ਵਿੱਚ ਰੂਸ ਤੇ ਚੀਨ, ਅਮਰੀਕਾ ਦੇ ਗਲੋਬਲ ਹਿੱਤਾਂ ਨੂੰ ਚੁਣੌਤੀ ਦੇਣ ਵਾਲੇ ਦੋ ਵੱਡੇ ਆਰਥਿਕ ਤੇ ਫੌਜੀ ਕੇਂਦਰ ਹਨ। ਦੂਜੇ ਪਾਸੇ, ਸੰਸਾਰ ਭਰ ਵਿੱਚ ਕਮਿਊਨਿਸਟ ਲਹਿਰ ਕਮਜ਼ੋਰ ਹਾਲਾਤ ਵਿੱਚ ਗੁਜ਼ਰ ਰਹੀ ਹੈ ਅਤੇ ਸੋਵੀਅਤ ਯੂਨੀਅਨ ਵਾਂਗ ਸੰਸਾਰ 'ਚ ਇਸ ਦਾ ਮਜ਼ਬੂਤ ਵਿਚਾਰਧਾਰਕ-ਸਿਆਸੀ ਕੇਂਦਰ ਵੀ ਵਜੂਦ ਵਿੱਚ ਨਹੀਂ ਹੈ। ਚਾਰ ਸਾਲਾਂ 'ਚ ਬੈਂਕਰਾਂ, ਵਾਲ ਸਟ੍ਰੀਟ ਦੇ ਕਾਰਪੋਰੇਟਰਾਂ ਤੇ ਅਮਰੀਕਾ ਵਿਚਲੀ ਯਹੂਦੀ ਲੌਬੀ ਨੇ ਬਾਇਡਨ ਪ੍ਰਸ਼ਾਸਨ ਰਾਹੀਂ ਆਪਣਾ ਸਾਮਰਾਜੀ ਵਿਸਤਾਰਵਾਦੀ ਏਜੰਡਾ ਅੱਗੇ ਵਧਾਉਣ ਦਾ ਯਤਨ ਕੀਤਾ ਸੀ ਜਿਸ ਨੇ ਕੁਝ ਪ੍ਰਾਪਤੀਆਂ ਦੇ ਬਾਵਜੂਦ ਅਮਰੀਕੀ ਸਾਮਰਾਜ ਲਈ ਨਵੀਆਂ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ। ਅਮਰੀਕਾ ਨੇ ਪਹਿਲਾਂ ਹੀ ਇਰਾਕ, ਇਰਾਨ, ਲਿਬੀਆ, ਉੱਤਰੀ ਕੋਰੀਆ, ਰੂਸ, ਕਿਊਬਾ, ਵੈਨੇਜ਼ੁਏਲਾ ਆਦਿ ਉੱਤੇ ਆਰਥਿਕ ਰੋਕਾਂ ਲਾਈਆਂ ਹੋਈਆਂ ਹਨ; ਨਾਲ ਹੀ ਇਹ ਇਜ਼ਰਾਈਲ-ਫ਼ਲਸਤੀਨ ਤੇ ਰੂਸ-ਯੂਕਰੇਨ ਜੰਗਾਂ ਵਿੱਚ ਅਸਿੱਧਾ ਉਲਝਿਆ ਹੋਇਆ ਹੈ। ਇਨ੍ਹਾਂ ਜੰਗਾਂ ਨੇ ਜਿੱਥੇ ਸੰਸਾਰ ਭਰ ਵਿੱਚ ਮਹਿੰਗਾਈ ਵਧਾਈ ਹੈ ਉੱਥੇ ਇਸ ਨਾਲ ਅਮਰੀਕਾ ਦੇ ਲੋਕਾਂ ਵਿੱਚ ਮਹਿੰਗਾਈ ਪ੍ਰਤੀ ਉਦਾਸੀਨਤਾ ਅਤੇ ਗੁੱਸੇ ਨੂੰ ਜ਼ਰਬਾਂ ਦਿੱਤੀਆਂ ਹਨ। ਬਾਇਡਨ ਪ੍ਰਸ਼ਾਸਨ ਦੀਆਂ ਨਲਾਇਕੀਆਂ ਕਰ ਕੇ ਰੂਸ-ਯੂਕਰੇਨ ਜੰਗ ਕਾਰਨ ਇੱਕ ਤਾਂ ਅਮਰੀਕਾ ਦੇ ਮੁੱਖ ਵਿਰੋਧੀ ਚੀਨ ਨੂੰ ਜੰਗੀ ਬੋਝ ਤੋਂ ਪਾਸੇ ਰਹਿ ਕੇ ਸੰਸਾਰ ਵਪਾਰ ਮੰਡੀ 'ਚ ਪੈਰ ਪਸਾਰਨ ਦਾ ਮੌਕਾ ਮਿਲ ਗਿਆ; ਦੂਜਾ, ਰੂਸ ਦੇ ਅਮਰੀਕਾ ਵਿਰੋਧੀ ਮੁਲਕਾਂ ਨਾਲ ਬੇਰੋਕ ਵਪਾਰਕ ਸਬੰਧ ਸਥਾਪਤ ਹੋ ਗਏ। ਤੀਜਾ, ਅਮਰੀਕੀ ਭਾਈਵਾਲ ਯੂਰੋਪੀਅਨ ਦੇਸ਼ਾਂ ਅੰਦਰ ਮਹਿੰਗਾਈ ਦੀ ਗਰਜ਼ ਉੱਠਣ ਨਾਲ ਵੱਡੀਆਂ ਆਰਥਿਕ-ਸਮਾਜਿਕ ਸਮੱਸਿਆਵਾਂ ਪੈਦਾ ਹੋ ਗਈਆਂ। ਚੌਥਾ, ਰੂਸ ਦਾ ਯੂਕਰੇਨ ਜੰਗ ਵਿੱਚ ਅਮਰੀਕਾ ਤੇ ਉਸ ਦੇ ਨਾਟੋ ਭਾਈਵਾਲਾਂ ਸਾਹਮਣੇ ਲੰਮਾ ਸਮਾਂ ਡਟੇ ਰਹਿਣਾ ਰੂਸ ਦੇ ਗੁਆਂਢੀ ਯੂਰੋਪੀਅਨ ਮੁਲਕਾਂ ਅੰਦਰ ਅਮਰੀਕੀ ਸਾਮਰਾਜ ਦੀਆਂ ਸੀਮਤਾਈਆਂ ਅਤੇ ਰੂਸੀ ਤਾਕਤ ਦਾ ਗ਼ਲਤ ਅੰਦਾਜ਼ਾ ਨਵੀਂ ਚਿੰਤਾ ਪੈਦਾ ਕਰ ਰਿਹਾ ਹੈ।

'ਅਮਰੀਕਾ ਫਸਟ' ਅਤੇ 'ਅਮਰੀਕਾ ਨੂੰ ਮੁੜ ਮਹਾਨ ਬਣਾਉਣ' ਦੇ ਟਰੰਪ ਦੇ ਨਾਅਰਿਆਂ ਦਾ ਸੰਕੇਤ ਉਸ ਦੌਰ ਵੱਲ ਹੈ ਜਦੋਂ ਦੂਜੀ ਸੰਸਾਰ ਜੰਗ ਤੋਂ ਲੈ ਕੇ 1990 ਦੀਆਂ ਨਵ-ਉਦਾਰਵਾਦੀ ਨੀਤੀਆਂ ਤੱਕ ਅਮਰੀਕੀ ਆਰਥਿਕਤਾ ਦਾ ਸੁਨਹਿਰੀ ਕਾਲ ਰਿਹਾ। ਇਸ ਦੌਰ ਅੰਦਰ ਅਮਰੀਕੀ ਕਾਮਿਆਂ ਦੀ ਔਸਤ ਤਨਖਾਹ ਵਿੱਚ ਦੁੱਗਣਾ ਵਾਧਾ ਹੋਇਆ ਸੀ ਜਿਸ ਨਾਲ ਅਮਰੀਕੀ ਖੁਸ਼ਹਾਲ ਹੋਏ ਸਨ ਪਰ 1990ਵਿਆਂ ਤੋਂ ਬਾਅਦ ਖੁਸ਼ਹਾਲੀ ਦਾ ਇਹ ਦੌਰ ਗਿਰਾਵਟ ਵੱਲ ਜਾ ਰਿਹਾ ਹੈ। ਟਰੰਪ ਇਸ ਦਾ ਦੋਸ਼ ਭ੍ਰਿਸ਼ਟ ਸਿਆਸੀ ਪ੍ਰਬੰਧ ਸਿਰ ਮੜ੍ਹਦਿਆਂ ਲੋਕਾਂ ਦੇ ਨੀਵੇਂ ਹੋ ਰਹੇ ਜੀਵਨ ਪੱਧਰ, ਮਹਿੰਗਾਈ ਤੇ ਘਟ ਰਹੀਆਂ ਨੌਕਰੀਆਂ ਲਈ ਚੀਨ, ਮੈਕਸਿਕੋ, ਵੱਡੀਆਂ ਕਾਰਪੋਰੇਸ਼ਨਾਂ ਅਤੇ ਕੌਮਾਂਤਰੀ ਸੰਸਥਾਵਾਂ ਨੂੰ ਜਿ਼ੰਮੇਵਾਰ ਠਹਿਰਾਉਂਦਾ ਹੈ। ਚੀਨ ਉੱਤੇ ਟੈਰਿਫ ਲਗਾਉਣ ਦੇ ਬਿਆਨ ਅਤੇ ਮੱਧ-ਪੂਰਬ ਵਿੱਚ ਉਸ ਨੂੰ ਘੇਰਨ ਦਾ ਅਰਥ ਹੈ- ਚੀਨੀ ਦਰਾਮਦਾਂ 'ਤੇ ਟੈਕਸ ਨਾਲ ਵਿਸ਼ਵ ਵਪਾਰ ਦੇ ਤਾਣੇ-ਬਾਣੇ ਨੂੰ ਗੰਭੀਰ ਨੁਕਸਾਨ ਪਹੁੰਚਾ ਕੇ ਵਿਸ਼ਵ ਮੰਡੀ ਵਿੱਚ ਆਪਣੀ ਮੰਡੀ ਦਾ ਵਿਸਤਾਰ ਕਰਨਾ। ਇਸੇ ਤਰ੍ਹਾਂ ਮੈਕਸਿਕੋ ਦੇ ਪਰਵਾਸੀਆਂ ਅਤੇ ਕੈਨੇਡਾ ਉੱਤੇ ਟੈਰਿਫ ਨਾਲ ਉਹ ਉੱਤਰੀ ਅਮਰੀਕੀ (ਕੈਨੇਡਾ-ਅਮਰੀਕਾ-ਮੈਕਸਿਕੋ) ਵਪਾਰਕ ਸੰਧੀਆਂ ਵਿੱਚ ਤਿੱਖੀਆਂ ਤਬਦੀਲੀਆਂ ਦਾ ਚਾਹਵਾਨ ਹੈ। ਨੈਫਟਾ, ਐਪਕ, ਨਾਟੋ ਤੋਂ ਬਾਹਰ ਆਉਣ, ਪੈਰਿਸ ਵਾਤਾਵਰਨ ਸਮਝੌਤਾ ਅਤੇ ਸੰਯੁਕਤ ਰਾਸ਼ਟਰ ਬਾਰੇ ਟਿੱਪਣੀਆਂ ਕਰ ਕੇ ਉਹ ਨਵ-ਉਦਾਰਵਾਦੀ ਨੀਤੀਆਂ ਦੀ ਥਾਂ ਸੁਰੱਖਿਆਵਾਦੀ ਨੀਤੀਆਂ ਦੀ ਤਰਫਦਾਰੀ ਕਰ ਰਿਹਾ ਹੈ। ਜਦੋਂ ਟਰੰਪ 'ਅਮਰੀਕਾ ਫਸਟ' ਆਖਦਾ ਹੈ ਤਾਂ ਸੰਭਾਵੀ ਤੌਰ 'ਤੇ ਇਸ ਦਾ ਅਰਥ ਹੈ ਕਿ ਉਹ ਅਮਰੀਕੀ ਹਿੱਤਾਂ ਨੂੰ ਤਰਜੀਹ ਦੇ ਕੇ ਚੱਲੇਗਾ ਅਤੇ ਵਪਾਰ, ਤਕਨਾਲੋਜੀ ਤੇ ਸਪਲਾਈ ਚੇਨਾਂ ਵਿੱਚ ਅਮਰੀਕਾ ਦੀ ਸਰਦਾਰੀ ਨਾਲ ਆਰਥਿਕ ਅਤੇ ਭੂ-ਸਿਆਸੀ ਤਣਾਅ ਵਧਾ ਸਕਦਾ ਹੈ। ਚੀਨ ਨਾਲ ਵਪਾਰਕ ਜੰਗ ਦੌਰਾਨ ਤਾਇਵਾਨ ਝਗੜੇ ਦਾ ਹੋਰ ਵੱਡਾ ਕੇਂਦਰ ਬਣ ਸਕਦਾ ਹੈ ਅਤੇ ਉਹ ਇਰਾਨ ਖਿਲਾਫ ਵਧੇਰੇ ਟਕਰਾਅ ਵਾਲਾ ਰੁਖ਼ ਅਪਣਾ ਸਕਦਾ ਹੈ। ਇਸ ਲਈ ਆਉਣ ਵਾਲੇ ਵਰ੍ਹਿਆਂ ਵਿੱਚ ਤਾਇਵਾਨ, ਮੱਧ-ਪੂਰਬ, ਜਾਂ ਪੂਰਬੀ ਯੂਰੋਪ ਵਰਗੇ ਖਿੱਤਿਆਂ ਵਿੱਚ ਤਣਾਅ ਹੋਰ ਵਧ ਸਕਦਾ ਹੈ। ਨੇੜ ਭਵਿੱਖ ਵਿੱਚ ਵਿਸ਼ਵ ਭੂ-ਸਿਆਸਤ ਵਿੱਚ ਹਿੰਦ ਪ੍ਰਸ਼ਾਂਤ ਮਹਾਂਸਾਗਰ ਦਾ ਖਿੱਤਾ ਵਿਸ਼ਵ ਇਤਿਹਾਸ ਵਿੱਚ ਫ਼ੈਸਲਾਕੁਨ ਭੂਮਿਕਾ ਨਿਭਾਏਗਾ। ਫੌਜੀ ਉਦਯੋਗਕ ਕੰਪਲੈਕਸ ਦੀ ਮਜ਼ਬੂਤੀ ਲਈ ਹਥਿਆਰਾਂ ਦੀ ਪੈਦਾਵਾਰ ਵਧਾਉਣ ਅਤੇ ਫੌਜੀ ਖਰਚ ਵਧਾਉਣੇ ਸੰਸਾਰ ਦੀ ਮੁੜ ਵੰਡ ਦੇ ਸੰਘਰਸ਼ ਦਾ ਹਿੱਸਾ ਹੈ। ਇਉਂ ਕਾਰਪੋਰੇਟ ਪੂੰਜੀ ਨਾਲ ਮਿਲ ਕੇ ਸਾਮਰਾਜੀ ਫੌਜੀ ਰਾਜ ਦਾ ਦਬਦਬਾ ਬਣਾਇਆ ਜਾ ਰਿਹਾ ਹੈ।

ਕੁੱਲ ਮਿਲਾ ਕੇ ਡੋਨਲਡ ਟਰੰਪ ਅਮੀਰ ਜਮਾਤ ਦਾ ਵਫ਼ਾਦਾਰ ਨੁਮਾਇੰਦਾ ਹੈ ਜੋ ਖ਼ੁਦ ਨੂੰ ਮਜ਼ਦੂਰ ਜਮਾਤ ਦੇ ਹਿੱਤਾਂ ਦੇ ਚੈਂਪੀਅਨ ਵਜੋਂ ਪੇਸ਼ ਕਰਨ ਵਿੱਚ ਸਫਲ ਰਿਹਾ ਹੈ। ਉਂਝ, ਹਕੀਕਤ ਵਿੱਚ ਉਹ ਕਾਰਪੋਰੇਟ ਜਮਾਤ ਨੂੰ ਖੁਸ਼ ਕਰਨ ਦੇ ਕਦਮ ਚੁੱਕ ਰਿਹਾ ਹੈ। ਇਹ ਭਰਮ ਸਾਬਤ ਹੋਵੇਗਾ ਕਿ ਟਰੰਪ ਖੁਰ ਰਹੀ ਆਰਥਿਕਤਾ ਨੂੰ ਮੁੜ ਇਸ ਦੇ ਸੁਨਹਿਰੀ ਕਾਲ ਵੱਲ ਮੋੜ ਦੇਵੇਗਾ;

ਇੱਕ ਪਾਸੇ ਸੰਸਾਰ ਦੇ ਹਾਲਾਤ ਤੇਜ਼ੀ ਨਾਲ ਬਦਲ ਚੁੱਕੇ ਹਨ, ਦੂਜੇ ਪਾਸੇ ਇਹ ਸਮਝਣਾ ਜ਼ਰੂਰੀ ਹੈ ਕਿ ਕਿਸੇ ਸਾਮਰਾਜੀ ਦੇਸ਼ ਦੀ ਆਰਥਿਕਤਾ ਦਾ ਵਿਕਾਸ ਕਿਸੇ ਇੱਕ ਸ਼ਖ਼ਸ ਦੇ ਵਿਅਕਤੀਗਤ ਵਿਚਾਰਾਂ ਜਾਂ ਇੱਛਾ 'ਤੇ ਨਿਰਭਰ ਨਹੀਂ ਕਰਦਾ, ਇਸ ਦੀਆਂ ਜੜ੍ਹਾਂ ਉਨ੍ਹਾਂ ਅਰਾਜਕ ਪੂੰਜੀਵਾਦੀ ਨੀਤੀਆਂ ਨਾਲ ਜੁੜੀਆਂ ਹਨ ਜਿਸ ਦਾ ਮੂਲ ਮੰਤਰ ਕੁੱਲ ਸਮਾਜ ਦੀ ਕਿਰਤ ਤੇ ਕੁਦਰਤੀ ਸਰੋਤ ਲੁੱਟ ਕੇ ਨਿੱਜੀ ਹੱਥਾਂ 'ਚ ਸੌਂਪਣਾ ਹੈ। ਟਰੰਪ ਦੀਆਂ ਨੀਤੀਆਂ ਜਿੱਥੇ ਸੰਸਾਰ ਆਰਥਿਕਤਾ ਉੱਤੇ ਅਸਰ ਪਾਉਣਗੀਆਂ ਉੱਥੇ ਇਹ ਮੋੜਵੇਂ ਰੂਪ ਵਿੱਚ ਅਮਰੀਕੀ ਆਰਥਿਕਤਾ ਉੱਤੇ ਵੀ ਅਸਰਅੰਦਾਜ਼ ਹੋਣਗੀਆਂ।

# ਚਾਈਨਾ ਡੋਰ ਵਰਤਣ ਅਤੇ ਵੇਚਣ ਵਾਲਿਆਂ ਵਿਰੁੱਧ ਹੋਵੇਗੀ ਸਖ਼ਤ ਕਾਰਵਾਈ : ਡਿਪਟੀ ਕਮਿਸ਼ਨਰ

**ਬਠਿੰਡਾ 20 ਜਨਵਰੀ**
**-ਗੁਰਪ੍ਰੀਤ ਚਾਹਲ-**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟ੍ਰੇਟ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਚਾਈਨਾ ਡੋਰ ਦੀ ਵਿਕਰੀ ਅਤੇ ਵਰਤੋਂ ਉੱਪਰ ਪੂਰੇ ਪੰਜਾਬ ਵਿੱਚ ਪਾਬੰਦੀ ਹੈ ਕਿਉਂਕਿ ਇਸ ਨਾਲ ਆਮ ਲੋਕਾਂ ਤੋਂ ਇਲਾਵਾ ਬੱਚਿਆਂ ਅਤੇ ਪੰਛੀਆਂ ਨੂੰ ਜਾਨੀ ਨੁਕਸਾਨ ਦਾ ਖਤਰਾ ਬਣਿਆ ਰਹਿੰਦਾ ਹੈ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਚਾਈਨਾ ਡੋਰ ਵਰਤਨ ਵਾਲਿਆਂ ਅਤੇ ਵੇਚਣ ਵਾਲਿਆਂ ਵਿਰੁੱਧ ਦੋਸ਼ੀ ਪਾਏ ਜਾਣ ਤੇ ਉਹਨਾਂ ਨੂੰ 5 ਸਾਲ ਦੀ ਕੈਦ ਅਤੇ ਜਾਂ 1 ਲੱਖ ਰੁਪਏ ਜ਼ੁਰਮਾਨੇ ਦਾ ਪ੍ਰਾਵਧਾਨ ਹੈ।ਉਨ੍ਹਾਂ ਕਮਿਸ਼ਨਰ ਨਗਰ ਨਿਗਮ, ਉਪ



ਮੰਡਲ ਮੈਜਿਸਟ੍ਰੇਟ ਬਠਿੰਡਾ, ਤਲਵੰਡੀ ਸਾਬੋ, ਮੌੜ ਤੇ ਰਾਮਪੁਰਾ ਫੂਲ, ਜ਼ਿਲ੍ਹਾ ਵਣ ਅਫ਼ਸਰ, ਤਹਿਸੀਲਦਾਰ ਬਠਿੰਡਾ, ਮੌੜ ਤਲਵੰਡੀ ਸਾਬੋ ਤੇ ਰਾਮਪੁਰਾ ਫੂਲ, ਕਾਰਜ ਸਾਧਕ ਅਫ਼ਸਰ ਨਗਰ ਕੌਂਸਲ/ਨਗਰ ਪੰਚਾਇਤ ਗੋਨਿਆਣਾ, ਭੁੱਚੋ, ਰਾਮਪੁਰਾ ਫੂਲ, ਮੌੜ, ਕੋਟਫੱਤਾ, ਤਲਵੰਡੀ ਸਾਬੋ, ਸੰਗਤ ਅਤੇ ਰਾਮਾਂਮੰਡੀ, ਭਗਤਾ, ਮਹਿਰਾਜ, ਨਥਾਣਾ, ਭਾਈਰੂਪਾ, ਕੋਟਸ਼ਮੀਰ, ਲਹਿਰਾ ਮੁਹੱਬਤ, ਕੋਠਾ ਗੁਰੂ ਅਤੇ ਮਲੂਕਾ ਨਾਲ ਸਬੰਧਤ ਅਧਿਕਾਰੀਆਂ ਨੂੰ ਪੱਤਰ ਜਾਰੀ ਕਰਦਿਆਂ ਹਦਾਇਤ ਕੀਤੀ ਹੈ ਕਿ ਆਪੋ-ਆਪਣੇ ਅਧੀਨ ਪੈਂਦੇ ਖੇਤਰਾਂ ਵਿੱਚ ਦੁਕਾਨਦਾਰਾਂ ਦੀ ਚੈਕਿੰਗ ਕੀਤੀ ਜਾਵੇ ਅਤੇ ਜੇਕਰ ਕੋਈ ਦੁਕਾਨਦਾਰ ਚਾਈਨਾ ਡੋਰ ਨੂੰ ਸਟੋਰ ਕਰਦਾ ਜਾਂ ਵੇਚਦਾ ਅਤੇ ਕੋਈ ਵਿਅਕਤੀ ਇਸ ਦੀ ਵਰਤੋਂ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਖਿਲਾਫ਼ ਹਦਾਇਤਾਂ ਅਨੁਸਾਰ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਇਸ ਤੋਂ ਇਲਾਵਾ ਦੁਕਾਨਦਾਰਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਕੇਵਲ ਧਾਗਾ ਡੋਰ ਹੀ ਸਟੋਰ ਕਰਨ ਜਾਂ ਵੇਚਣ ਅਤੇ ਲੋਕਾਂ ਨੂੰ ਇਹ ਵੀ ਦੱਸਿਆ ਜਾਵੇ ਕਿ ਜਿਨ੍ਹਾਂ ਬੱਚਿਆਂ ਵੱਲੋਂ ਚਾਈਨਾ ਡੋਰ ਦੀ ਵਰਤੋਂ ਕੀਤੀ ਜਾਂਦੀ ਹੈ ਉਹਨਾਂ ਦੇ ਮਾਪਿਆਂ ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

# ਜ਼ਿਲ੍ਹਾ ਮੈਜਿਸਟਰੇਟ ਵਲੋਂ ਚਾਈਨਾ/ਮਾਂਝਾ ਡੋਰ ਦੇ ਨਿਰਮਾਣ, ਵਿਕਰੀ, ਭੰਡਾਰਨ, ਖ਼ਰੀਦ, ਸਪਲਾਈ, ਆਯਾਤ ਤੇ ਵਰਤੋਂ 'ਤੇ ਮੁਕੰਮਲ ਪਾਬੰਦੀ

**ਜਲੰਧਰ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟਰੇਟ ਡਾ.ਹਿਮਾਂਸ਼ੂ ਅਗਰਵਾਲ ਵਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ- 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਜਲੰਧਰ ਵਿੱਚ ਪਤੰਗ ਉਡਾਉਣ ਲਈ ਵਰਤੀ ਜਾਣ ਵਾਲੀ ਚਾਈਨਾ/ਮਾਂਝਾ ਡੋਰ, ਨਾਈਲੋਨ, ਪਲਾਸਟਿਕ ਜਾਂ ਸਿੰਥੈਟਿਕ ਮਟੀਰੀਅਲ ਨਾਲ ਬਣੀ ਡੋਰ/ਧਾਗਾ ਜਾਂ ਕੋਈ ਅਜਿਹੀ ਡੋਰ/ਧਾਗਾ, ਜਿਸ ਉਪਰ ਸਿੰਥੈਟਿਕ/ਕੱਚ/ਤਿੱਖੀ ਧਾਤੂ ਦੀ ਨਾ-ਗਲਣਯੋਗ ਪਰਤ ਚੜੀ ਹੋਵੇ, ਦਾ ਨਿਰਮਾਣ, ਵਿਕਰੀ, ਸਟੋਰ ਕਰਨ, ਖ਼ਰੀਦ, ਸਪਲਾਈ, ਆਯਾਤ ਕਰਨ ਅਤੇ ਪਤੰਗ ਉਡਾਉਣ ਲਈ ਵਰਤਣ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਗਈ ਹੈ।

ਜ਼ਿਲ੍ਹਾ ਮੈਜਿਸਟਰੇਟ ਵਲੋਂ ਜਾਰੀ ਹੁਕਮਾ ਵਿੱਚ ਕਿਹਾ ਗਿਆ ਹੈ ਕਿ ਵਾਤਾਵਰਣ ਸੁਰੱਖਿਆ ਐਕਟ 1986 (1986 ਦੇ ਨੰਬਰ 29) ਦੀ ਧਾਰਾ 5 ਜਾਂ ਇਸ ਅਧੀਨ ਬਣਾਏ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਉਕਤ ਐਕਟ ਦੀ ਧਾਰਾ 15 ਅਧੀਨ 5 ਸਾਲ ਤੱਕ ਦੀ ਕੈਦ ਅਤੇ/ਜਾਂ ਇਕ ਲੱਖ ਰੁਪਏ ਤੱਕ ਦਾ ਜੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ। ਉਨ੍ਹਾਂ ਦੱਸਿਆ ਕਿ ਪਤੰਗ ਉਡਾਉਣ ਦੀ ਇਜ਼ਾਜਤ ਸਿਰਫ਼ ਸੂਤੀ ਧਾਗੇ ਨਾਲ ਹੀ ਹੋਵੇਗੀ, ਜੋ ਕਿਸੇ ਪ੍ਰਕਾਰ ਦੇ ਤਿੱਖੇ ਧਾਤੂ/ਕੱਚ ਜਾਂ ਧਾਗੇ ਨੂੰ ਮਜ਼ਬੂਤ ਕਰਨ ਲਈ ਚਿਪਕਾਈ ਗਈ ਸਮੱਗਰੀ ਤੋਂ ਰਹਿਤ ਹੋਵੇ। ਇਹ ਹੁਕਮ 14-03-2025 ਤੱਕ ਲਾਗੂ ਰਹਿਣਗੇ।

# ਟ੍ਰੈਫ਼ਿਕ ਨਿਯਮਾਂ ਦੀ ਪਾਲਣਾ ਕਰਨ ਚ ਆਪਣਾ ਯੋਗਦਾਨ ਪਾਉਣ ਜ਼ਿਲ੍ਹਾ ਵਾਸੀ : ਅਮਨੀਤ ਕੌਂਡਲ




**ਬਠਿੰਡਾ 20 ਜਨਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀ ਸੜਕ ਸੁਰੱਖਿਆ ਹਫਤੇ ਦੇ ਮੌਕੇ @ਤੇ ਐਸ.ਐਸ.ਪੀ. ਅਮਨੀਤ ਕੌਂਡਲ (ਆਈ.ਪੀ.ਐਸ) ਅਤੇ ਸ਼੍ਰੀ ਹਰਵਿੰਦਰ ਸਿੰਘ ਸਰਾਂ ਡੀ.ਐਸ.ਪੀ. ਟ੍ਰੈਫਿਕ ਨੇ ਸਥਾਨਕ ਟ੍ਰੈਫਿਕ ਪੁਲਿਸ ਨਾਲ ਮਿਲ ਕੇ ਜਨਤਾ ਵਿੱਚ ਸੜਕ ਸੁਰੱਖਿਆ ਸੰਬੰਧੀ ਜਾਗਰੂਕਤਾ ਪੈਦਾ ਕਰਨ ਲਈ ਵਿਸ਼ੇਸ਼ ਮੁਹਿੰਮ ਤਹਿਤ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਾਹਨਾਂ ਦੇ ਦਸਤਾਵੇਜ਼ ਅਪਡੇਟ ਰੱਖਣ, ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਸੁਰੱਖਿਅਤ ਤੇ ਜ਼ਿੰਮੇਵਾਰ ਸਮਾਜ ਦੀ ਨਿਰਮਾਣ ਪ੍ਰਕਿਰਿਆ ਵਿੱਚ ਆਪਣਾ ਯੋਗਦਾਨ ਪਾਉਣ।

ਇਸ ਦੌਰਾਨ ਸਕੂਲੀ ਵਿਦਿਆਰਥੀਆਂ ਵੱਲੋਂ ਬਜ਼ਾਰਾਂ ਵਿੱਚ ਸੜਕ ਸੁਰੱਖਿਆ ਨੂੰ ਲੈ ਕੇ ਜਾਗਰੂਕਤਾ ਰੈਲੀ ਵੀ ਕੱਢੀ ਗਈ। ਇਸਦੇ ਨਾਲ ਹੀ, ਐਸ.ਐਸ.ਪੀ. ਬਠਿੰਡਾ ਵੱਲੋਂ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਵਾਲੇ ਜ਼ਿੰਮੇਵਾਰ ਨਾਗਰਿਕਾਂ ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸ਼੍ਰੀ ਹਰਵਿੰਦਰ ਸਿੰਘ ਸਰਾਂ ਡੀ.ਐਸ.ਪੀ ਟ੍ਰੈਫਿਕ, ਸ਼੍ਰੀ ਹਰਬੰਸ ਸਿੰਘ ਡੀ.ਐਸ.ਪੀ ਸਿਟੀ-1, ਸ਼੍ਰੀ ਮਨਜੀਤ ਸਿੰਘ ਇੰਚਾਰਜ ਟ੍ਰੈਫਿਕ, ਅਤੇ ਸ਼੍ਰੀ ਪਰਵਿੰਦਰ ਸਿੰਘ ਮੁੱਖ ਅਫਸਰ ਥਾਣਾ ਕੋਤਵਾਲੀ ਤੋਂ ਇਲਾਵਾ ਹੋਰ ਪੁਲਿਸ ਅਧਿਕਾਰੀ ਤੇ ਕਰਮਚਾਰੀ ਆਦਿ ਹਾਜ਼ਰ ਸਨ।

# ਪੰਜਾਬ ਵਿੱਚ ਲਾਅ ਐਂਡ ਆਰਡਰ ਦੀ ਹਾਲਾਤ ਚਿੰਤਾਜਨਕ; ਭ੍ਰਿਸ਼ਟਾਚਾਰ ਦਾ ਬੋਲਬਾਲਾ : ਬਾਵਾ

**ਲੁਧਿਆਣਾ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਮੇਅਰ ਬਣਾਉਣ ਲਈ @ਆਪ@ ਪਾਰਟੀ ਵੀ ਭਾਜਪਾ ਵਾਲੇ ਮਾਪਦੰਡ ਵਰਤ ਰਹੀ ਹੈ। ਇਹ ਸ਼ਬਦ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਸਾਬਕਾ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਨੇ ਇੱਕ ਲਿਖਤੀ ਬਿਆਨ ਰਾਹੀਂ ਕਹੇ।

ਸ੍ਰੀ ਬਾਵਾ ਨੇ ਕਿਹਾ ਕਿ ਪੰਜਾਬ ਦੀਆਂ ਗਲੀਆਂ ਮੁਹੱਲਿਆਂ ਵਿੱਚ ਲੋਕ ਲੁੱਟੇ, ਕੁੱਟੇ ਅਤੇ ਮਾਰੇ ਜਾ ਰਹੇ ਹਨ। ਕੋਈ ਵੀ ਸਾਡੀ ਮਾਂ, ਭੈਣ ਅਤੇ ਬੇਟੀ ਘਰ ਅਤੇ ਬਾਹਰ ਸੁਰੱਖਿਅਤ ਨਹੀਂ। ਪਹਿਲਾਂ ਤਾਂ ਬਾਹਰ ਜਾਣਾ ਖਤਰਾ ਸਮਝਿਆ ਜਾਂਦਾ ਸੀ।

ਹੁਣ ਘਰਾਂ ਵਿੱਚ ਵੀ ਲੁਟੇਰੇ



ਵੜਨ ਲੱਗ ਪਏ ਹਨ ਜਦ ਕਿ ਸਰਕਾਰ ਦਾ ਸੰਵਿਧਾਨ ਅੰਦਰ ਪਹਿਲਾਂ ਫਰਜ ਲੋਕਾਂ ਦੇ ਜਾਨ ਅਤੇ ਮਾਲ ਦੀ ਰੱਖਿਆ ਕਰਨਾ ਹੈ ਪਰ ਅੱਜ ਨਾ ਲੋਕਾਂ ਦੀ ਜਾਨ ਸੁਰੱਖਿਤ ਹੈ ਅਤੇ ਨਾ ਹੀ ਮਾਲ ਸੁਰੱਖਿਤ ਹੈ।

ਉਹਨਾਂ ਕਿਹਾ ਕਿ ਭ੍ਰਿਸ਼ਟਾਚਾਰ ਮੁਕਤ ਸਟੇਟ ਦਾ ਰਾਗ ਅਲਾਪਣ ਵਾਲੇ ਨੇਤਾ ਧਰਤੀ @ਤੇ ਉਤਰ ਕੇ ਹਕੀਕਤ ਪਛਾਨਣ। ਉਹਨਾਂ ਕਿਹਾ ਕਿ ਭ੍ਰਿਸ਼ਟਾਚਾਰ ਦਾ ਸਭ ਪਾਸੇ ਬੋਲ ਬਾਲਾ ਹੈ। ਪਤਾ ਨਹੀਂ ਇਹ ਨੇਤਾ ਸਮਝਦੇ ਹਨ ਕਿ ਪੰਜਾਬ ਦੀ ਖਬਰ ਦਿੱਲੀ ਵਾਲੇ ਜਾਂ ਹੋਰ ਸਟੇਟਾਂ ਵਾਲੇ ਨਹੀਂ ਪੜ੍ਹਦੇ।

ਬਾਵਾ ਨੇ ਕਿਹਾ ਕਿ ਭਾਜਪਾ ਦੀ ਤਰਜ @ਤੇ @ਆਪ@ ਵੀ ਮੇਅਰ ਬਣਾਉਣ ਦੀ ਪ੍ਰਕਿਰਿਆ ਚਲਾ ਰਹੀ ਹੈ ਜਿਸ ਤਰ੍ਹਾਂ ਭਾਜਪਾ ਦੀ ਹਾਈਕਮਾਂਡ ਸਟੇਟਾਂ ਵਿੱਚ ਸਰਕਾਰਾਂ ਬਣਾਉਣ ਲਈ ਮਾਪਦੰਡ ਵਰਤਦੀ ਹੈ।

# ਖੇਤੀਬਾੜੀ ਵਿਭਾਗ ਵੱਲੋਂ ਫਸਲਾਂ ਦੀ ਰਹਿੰਦ-ਖੂੰਹਦ ਦੇ ਨਿਪਟਾਰੇ ਲਈ ਕਿਸਾਨਾਂ ਵੱਲੋਂ ਖਰੀਦੀਆਂ ਮਸ਼ੀਨਾਂ ਦੀ ਕੀਤੀ ਗਈ ਭੌਤਿਕ ਪੜਤਾਲ



**ਫਾਜ਼ਿਲਕਾ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਬ ਮਿਸ਼ਨ ਆਨ ਐਗਰੀਕਲਚਰ ਮੈਕਾਨਾਈਜੇਸ਼ਨ (ਸਮੈਮ) ਸਕੀਮ ਤਹਿਤ ਬਲਾਕ ਫਾਜ਼ਿਲਕਾ ਦੇ ਕਿਸਾਨਾਂ ਵੱਲੋਂ ਫਸਲਾਂ ਦੀ ਰਹਿੰਦ-ਖੂੰਹਦ ਦੇ ਨਿਪਟਾਰੇ ਲਈ ਖਰੀਦੀਆਂ ਗਈਆਂ ਮਸ਼ੀਨਾਂ ਦੀ ਖੇਤੀਬਾੜੀ ਵਿਭਾਗ ਵੱਲੋਂ ਸਥਾਨਕ ਐਮ.ਆਰ. ਕਾਲਜ ਵਿਖੇ ਫਿਜੀਕਲ ਵੈਰੀਫਿਕੇਸ਼ਨ ਕੀਤੀ ਗਈ। ਇਸ ਭੌਤਿਕ ਪੜਤਾਲ ਮੌਕੇ ਮੁੱਖ ਖੇਤੀਬਾੜੀ ਅਫਸਰ ਸੰਦੀਪ ਰਿਣਵਾ ਨੇ ਵੇਰੀਫਿਕੇਸ਼ਨ ਦੇ ਕਾਰਜ ਦਾ ਨਿਰੀਖਣ ਕੀਤਾ। ਉਨ੍ਹਾਂ ਨੇ ਦੱਸਿਆ ਕਿ ਵੈਰੀਫਿਕੇਸ਼ਨ ਉਪਰੰਤ ਸਰਕਾਰ ਵੱਲੋਂ ਨਿਰਧਾਰਤ ਸਬਸਿਡੀ ਯੋਗ ਲਾਭਪਾਤਰੀਆਂ ਦੇ ਖਾਤੇ ਵਿਚ ਆ ਜਾਵੇਗੀ।

ਮੁੱਖ ਖੇਤੀਬਾੜੀ ਅਫਸਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਫਸਲਾਂ ਦੀ ਰਹਿੰਦ-ਖੂੰਹਦ ਦੇ ਨਿਪਟਾਰੇ ਲਈ ਇਹਨਾਂ ਮਸ਼ੀਨਾਂ ਦੀ ਵੱਧ ਤੋਂ ਵੱਧ ਵਰਤੋਂ ਕਰਨ। ਉਹਨਾਂ ਨੇ ਇਨ੍ਹਾਂ ਮਸ਼ੀਨਾਂ ਦੀ ਖਰੀਦ ਕਰਨ ਵਾਲੇ ਕਿਸਾਨਾਂ ਨੂੰ ਆਖਿਆ ਕਿ ਉਹ ਆਪਣੀ ਰਹਿੰਦ-ਖੂੰਹਦ /ਪਰਾਲੀ ਦੀ ਸੰਭਾਲ ਤੋਂ ਬਾਅਦ ਹੋਰ ਕਿਸਾਨਾਂ ਨੂੰ ਵੀ ਇਹ ਮਸ਼ੀਨਾਂ ਕਿਰਾਏ ਤੇ ਉਪਲਬਧ ਕਰਾਉਣ ਤਾਂ ਜੋ ਇਹਨਾਂ ਰਾਹੀਂ ਜਿਆਦਾ ਤੋਂ ਜਿਆਦਾ ਪਰਾਲੀ ਦੀ ਸੰਭਾਲ ਹੋ ਸਕੇ।

ਡਾ ਸੰਦੀਪ ਰਿਣਵਾ ਨੇ ਦੱਸਿਆ ਕਿ ਜ਼ਿਲ੍ਹੇ ਭਰ ਵਿੱਚ ਵੱਡੀ ਪੱਧਰ ਤੇ ਕਿਸਾਨਾਂ ਨੂੰ ਮਸ਼ੀਨਾਂ ਉਪਲਬਧ ਕਰਵਾਈਆਂ ਗਈਆਂ ਹਨ ਅਤੇ ਖੇਤੀਬਾੜੀ ਵਿਭਾਗ ਕਿਸਾਨਾਂ ਨੂੰ ਮਸ਼ੀਨਾਂ ਦੀ ਢੁਕਵਾਂ ਇਸਤੇਮਾਲ ਕਰਨ ਲਈ ਲਗਾਤਾਰ ਤਕਨੀਕੀ ਜਾਣਕਾਰੀ ਦੇ ਰਿਹਾ ਹੈ। ਉਨਾਂ ਨੇ ਦੱਸਿਆ ਕਿ ਇਨ੍ਹਾਂ ਸਬਸਿਡੀ ਵਾਲੀਆਂ ਮਸ਼ੀਨਾਂ ਜਿਸ ਵਿਚ ਰੋਟਾਵੇਟਰ, ਕੰਬਾਈਨ ਲੇਜਰ ਲੇਬਰਰ ਆਦਿ ਹੋਰ ਕਈ ਖੇਤੀਬਾੜੀ ਸੰਦ ਹਨ।

ਇਸ ਮੌਕੇ ਡਾ. ਬਲਦੇਵ ਸਿੰਘ ਖੇਤੀਬਾੜੀ ਅਫਸਰ, ਡਾ. ਸ਼ੈਫਾਲੀ ਏ.ਡੀਓ, ਰਾਜਦਵਿੰਦਰ ਬੀ.ਟੀ.ਐਮ., ਡਾ. ਕੁਲਦੀਪ ਸਿੰਘ, ਤਰਸੇਮ ਸਿੰਘ, ਸੁਖਦੀਪ ਸਿੰਘ, ਆਦਿ ਮੌਜੂਦ ਸਨ।

# ਪਟਿਆਲਾ ਪੁਲਿਸ ਨਸ਼ਿਆਂ ਦੇ ਖਾਤਮੇ ਲਈ ਵਚਨਬੱਧ : ਐਸ ਐਸ ਪੀ ਡਾਕਟਰ ਨਾਨਕ ਸਿੰਘ

**ਪਟਿਆਲਾ, 20 ਜਨਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਪੁਲਿਸ ਵੱਲੋਂ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਅਤੇ ਮਾਨਯੋਗ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ ਜੀ ਅਤੇ ਡੀ ਆਈ ਜੀ ਪਟਿਆਲਾ ਰੇਂਜ ਮਨਦੀਪ ਸਿੰਘ ਸਿੱਧੂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਵਾਕਾਥੋਨ ਦਾ ਆਯੋਜਨ ਪੁਲਿਸ ਲਾਈਨ ਪਟਿਆਲਾ ਵਿਖੇ ਕੀਤਾ ਗਿਆ ਜਿਸ ਵਿਚ ਮੁੱਖ ਮਹਿਮਾਨ ਐਸ ਐਸ ਪੀ ਪਟਿਆਲਾ ਡਾਕਟਰ ਨਾਨਕ ਸਿੰਘ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਮੇਅਰ ਪਟਿਆਲਾ ਕੁੰਦਨ ਗੋਗੀਆ ਨੇ ਕੀਤੀ, ਵਿਸ਼ੇਸ਼ ਤੌਰ ਤੇ ਐਸ ਪੀ ਡੀ ਯੁਗੇਸ਼ ਸ਼ਰਮਾ,ਡੀ ਐਸ ਪੀ ਸਿਟੀ 1 ਸਤਨਾਮ ਸਿੰਘ, ਡੀ ਐਸ ਪੀ ਨਾਰਕੋਟਿਕ ਰਾਜੇਸ਼ ਮਲਹੋਤਰਾ, ਡੀ ਐਸ ਪੀ ਮਨਦੀਪ ਕੌਰ ਚੀਮਾ ਨਾਭਾ,ਡੀ ਐਸ ਪੀ ਸਿਟੀ 2 ਮਨੋਜ਼ ਗੋਰਸੀ, ਡੀ ਐਸ ਪੀ ਜਸਵਿੰਦਰ ਸਿੰਘ ਟਿਵਾਣਾ, ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਪਰਮਿੰਦਰ ਕੌਰ ਮਨਚੰਦਾ ਪ੍ਰੋਜੈਕਟ ਡਾਇਰੈਕਟਰ ਪੰਜਾਬ ਰੈਡ ਕਰਾਸ ਨਸ਼ਾ ਛੁਡਾਊ ਅਤੇ ਪੁਨਰਵਾਸ ਕੇਂਦਰ ਸਾਕੇਤ ਹਸਪਤਾਲ ਪਟਿਆਲਾ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਇੰਸਪੈਕਟਰ ਪ੍ਰਦੀਪ ਬਾਜਵਾ ਐਸ ਐਚ ਓ ਥਾਣਾ ਤ੍ਰਿਪੜੀ, ਇੰਸਪੈਕਟਰ ਗੁਰਪ੍ਰੀਤ ਸਿੰਘ ਭਿੰਡਰ ਐਸ ਐਚ ਓ ਥਾਣਾ ਸਦਰ, ਇੰਸਪੈਕਟਰ ਸਰਪ੍ਰੀਤ ਕੌਰ,ਐਸ ਆਈ ਜਸਪਾਲ ਸਿੰਘ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ, ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1, ਭੁਪਿੰਦਰ ਸਿੰਘ ਇੰਚਾਰਜ ਸਾਂਝ ਕੇਂਦਰ ਸਿਟੀ 2,ਆਰ ਆਈ ਇੰਸਪੈਕਟਰ ਆਲਮਜੀਤ ਸਿੰਘ, ਇੰਸਪੈਕਟਰ ਕਰਮਜੀਤ ਸਿੰਘ ਜ਼ਿਲ੍ਹਾ ਇੰਚਾਰਜ ਟ੍ਰੈਫਿਕ ਪਟਿਆਲਾ, ਐਸ ਆਈ ਭਗਵਾਨ ਸਿੰਘ ਲਾਡੀ ਪਹੇੜੀ ਇੰਚਾਰਜ ਸਿਟੀ ਟ੍ਰੈਫਿਕ, ਸਟੇਟ ਐਵਾਰਡੀ ਰੁਪਿੰਦਰ ਕੌਰ, ਰੁਦਰਪ੍ਰਤਾਪ ਸਿੰਘ,ਲੱਕੀ ਹਰਦਾਸਪੁਰ ਨੇ ਸ਼ਿਰਕਤ ਕੀਤੀ,ਇਸ ਮੌਕੇ ਐਸ ਐਸ ਪੀ ਡਾਕਟਰ ਨਾਨਕ ਸਿੰਘ ਨੇ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ, ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ ਜੀ ਵਲੋਂ ਸਖਤ ਹਿਦਾਇਤਾਂ ਹਨ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ਤੇ ਨਾ ਬਖਸ਼ਿਆ ਜਾਵੇ ਅਤੇ ਨਸ਼ਾ ਤਸਕਰਾਂ ਵਿਰੁੱਧ ਸਖ਼ਤੀ ਨਾਲ ਨਿੱਜਠੀਆ ਜਾਵੇ ਅਤੇ ਇਸ ਤਹਿਤ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾ ਰਹੀਆਂ ਹਨ, ਉਹਨਾਂ ਕਿਹਾ ਕਿ ਪਟਿਆਲਾ ਜ਼ਿਲ੍ਹੇ ਦੀ ਪੁਲਿਸ ਵੱਲੋਂ ਹੁਣ ਤੱਕ ਤਕਰੀਬਨ 10 ਕਰੋੜ ਤੋਂ ਉਪਰ ਨਸ਼ਾ ਤਸਕਰਾਂ ਦੀ ਜਾਇਦਾਦ ਨੂੰ ਸ਼ੀਲ ਕੀਤਾ ਜਾ ਚੁੱਕਾ ਹੈ, ਉਨ੍ਹਾਂ ਪਬਲਿਕ ਨੂੰ ਵੀ ਅਪੀਲ ਕੀਤੀ ਕਿ ਉਹੋ ਨਸ਼ਿਆਂ ਵਿਰੁੱਧ ਪੁਲਿਸ ਪ੍ਰਸ਼ਾਸਨ ਨੂੰ ਸਹਿਯੋਗ ਕਰਨ ਲਈ ਅੱਗੇ ਆਉਣ ਤਾ ਜੋ ਅਸੀਂ ਨਸ਼ਿਆਂ ਨੂੰ ਜੜ੍ਹੋਂ ਖਤਮ ਕਰ ਸਕੀਏ, ਉਹਨਾਂ ਕਿਹਾ ਕਿ ਨਸ਼ਿਆਂ ਵਿਰੁੱਧ ਛੇੜੀ ਜਾਗਰੂਕਤਾ ਮੁਹਿੰਮ ਵਿੱਚ ਹੋਰ ਨੌਜਵਾਨਾਂ ਨੂੰ ਵੱਧ ਚੜ੍ਹ ਕੇ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵੱਧ ਤੋਂ ਵੱਧ ਜਾਗਰੂਕ ਕੀਤਾ ਜਾ ਸਕੇ ਅਤੇ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾ ਸਕੀਏ ਇਸ ਮੌਕੇ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਇਸ ਰੈਲੀ ਨੂੰ ਸਫ਼ਲ ਬਣਾਉਣ ਵਿਚ ਵਲੰਟੀਅਰਜ਼ ਸਹਿਯੋਗ ਦਿੱਤਾ ਗਿਆ, ਇਸ ਮੌਕੇ ਜ਼ਿਲ੍ਹਾ ਸਿੱਖਿਆ ਵਿਭਾਗ ਸੈਕੰਡਰੀ ਵਲੋਂ ਵੱਖ ਵੱਖ ਸਕੂਲਾਂ ਤੋਂ 1500 ਵਿਦਿਆਰਥੀਆਂ ਨੇ ਇਸ ਨਸ਼ਿਆਂ ਵਿਰੁੱਧ ਕਾਰਵਾਈ ਵਾਕਾਥੋਨ ਵਿਚ ਭਾਗ ਲਿਆ।



# ਜ਼ਿਲ੍ਹੇ ਵਿੱਚ ਯੂਰੀਆ ਦੀ ਕੋਈ ਘਾਟ ਨਹੀਂ : ਮੁੱਖ ਖੇਤੀਬਾੜੀ ਅਫਸਰ

**ਫ਼ਤਹਿਗੜ੍ਹ ਸਾਹਿਬ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਵਿੱਚ ਯੂਰੀਆ ਖਾਦ ਦੀ ਕੋਈ ਘਾਟ ਨਹੀਂ ਹੈ ਅਤੇ ਕਿਸਾਨਾਂ ਦੀ ਮੰਗ ਤੋਂ ਵੱਧ ਯੂਰੀਏ ਦੀ ਸਪਲਾਈ ਕੀਤੀ ਜਾ ਚੁੱਕੀ ਹੈ। ਇਹ ਜਾਣਕਾਰੀ ਮੁੱਖ ਖੇਤੀਬਾੜੀ ਅਫਸਰ ਡਾ: ਧਰਮਿੰਦਰਜੀਤ ਸਿੰਘ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਦਾ 84.1 ਹਜ਼ਾਰ ਹੈਕਟੇਅਰ ਰਕਬੇ ਵਿੱਚ ਕਣਕ ਦੀ ਬਿਜਾਈ ਕੀਤੀ ਜਾਂਦੀ ਹੈ ਜਦੋਂ ਕਿ



10.6 ਹਜ਼ਾਰ ਹੈਕਟੇਅਰ ਰਕਬੇ ਵਿੱਚ ਦੂਜੀਆਂ ਫਸਲਾਂ ਬੀਜੀਆਂ ਜਾਂਦੀਆਂ ਹਨ।ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਖੇਤੀ ਮਾਹਰਾਂ ਦੀ ਸਿਫਾਰਸ਼ ਅਨੁਸਾਰ ਜ਼ਿਲ੍ਹੇ ਵਿੱਚ ਰੱਬੀ ਸੀਜ਼ਨ 2024-25 ਲਈ 33216 ਟਨ ਯੂਰੀਏ ਦੀ ਲੋੜ ਸੀ ਜਦੋਂ ਕਿ ਜ਼ਿਲ੍ਹੇ ਦੇ ਕਿਸਾਨਾਂ ਨੂੰ 33806 ਮੀਟਰਿਕ ਟਨ ਯੂਰੀਏ ਦੀ ਸਪਲਾਈ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਦੁਕਾਨਦਾਰ ਕਿਸਾਨਾਂ ਨੂੰ ਯੂਰੀਆ ਖਾਦ ਦੇ ਨਾਲ ਹੋਰ ਕੋਈ ਅਣਲੋੜੀਂਦੀਆਂ ਵਸਤਾਂ ਜਬਰਦਸਤੀ ਵੇਚਦਾ ਪਾਇਆ ਗਿਆ

# ਸੰਤਾਂ ਦੀ ਮਿੱਠੀ ਯਾਦ ਸਾਂਝੇ ਤੌਰ 'ਤੇ 22 ਜਨਵਰੀ ਨੂੰ ਕਿਲ੍ਹਾ ਸ੍ਰੀ ਅਨੰਦਗੜ੍ਹ ਸਾਹਿਬ ਵਿਖੇ ਮਨਾਈ ਜਾਵੇਗੀ



**ਸ੍ਰੀ ਆਨੰਦਪੁਰ ਸਾਹਿਬ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਰ ਸੇਵਾ ਕਿਲਾ ਸ੍ਰੀ ਅਨੰਦਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਦੇ ਮੁੱਖ ਦਫ਼ਤਰ ਵਿਖੇ ਇੱਕ ਵਿਸ਼ੇਸ਼ ਮੀਟਿੰਗ ਕਾਰ ਸੇਵਾ ਦੇ ਮੌਜੂਦਾ ਮੁੱਖ ਪ੍ਰਬੰਧਕ ਸੰਤ ਬਾਬਾ ਸੁੱਚਾ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਕਾਰ ਸੇਵਾ ਕਿਲਾ ਸ੍ਰੀ ਅਨੰਦਗੜ੍ਹ ਸਾਹਿਬ ਦੇ ਬਾਨੀ ਮੁਖੀ ਸੱਚਖੰਡ ਵਾਸੀ ਸ੍ਰੀਮਾਨ ਸੰਤ ਬਾਬਾ ਘਨੱਯੀਆ ਸਿੰਘ ਜੀ, ਸੰਤ ਬਾਬਾ ਸੇਵਾ ਸਿੰਘ ਜੀ, ਸੰਤ ਬਾਬਾ ਭਾਗ ਸਿੰਘ ਜੀ, ਸੰਤ ਬਾਬਾ ਲਾਭ ਸਿੰਘ ਜੀ, ਸੰਤ ਬਾਬਾ ਹਰਭਜਨ ਸਿੰਘ ਜੀ ਭਲਵਾਨ ਹੁਰਾਂ ਦੀ ਮਿੱਠੀ ਯਾਦ ਸਾਂਝੇ ਤੌਰ ਤੇ 22 ਜਨਵਰੀ ਦਿਨ ਬੁੱਧਵਾਰ ਨੂੰ ਕਿਲਾ ਸ੍ਰੀ ਅਨੰਦਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਈ ਜਾਵੇਗੀ। ਇਸ ਸਬੰਧੀ ਸੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਸਵੇਰੇ 9 ਵਜੇ ਤੋਂ ਲੈਕੇ ਦੁਪਿਹਰ 1 ਵਜੇ ਤੱਕ ਕਿਲਾ ਸ੍ਰੀ ਅਨੰਦਗੜ੍ਹ ਸਾਹਿਬ ਦੇ ਦੀਵਾਨ ਹਾਲ ਵਿੱਚ ਗੁਰਮਤਿ ਸਮਾਗਮ ਹੋਵੇਗਾ ਜਿਸ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ, ਸ਼ੋ ?ਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ ?ਧਾਨ ਭਾਈ ਹਰਜਿੰਦਰ ਸਿੰਘ ਜੀ ਧਾਮੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਦਲਜੀਤ ਸਿੰਘ ਭਿੰਡਰ, ਸੰਤ ਬਾਬਾ ਗੁਰਬਚਨ ਸਿੰਘ ਜੀ ਪਠਲਾਵੇ ਵਾਲੇ, ਸੰਤ ਬਾਬਾ ਭਾਗ ਸਿੰਘ ਜੀ ਦੁਆਬਾ ਨਿਰਮਲ ਮੰਡਲ ਬੰਗਿਆਂ, ਸੰਤ ਬਾਬਾ ਬਾਲ ਜੀ ਊਨਾ ਸਾਹਿਬ ਵਾਲੇ ਤੋਂ ਇਲਾਵਾ ਹੋਰ ਵੀ ਸੰਤ ਮਹਾਂ ਪੁਰਖ ਪਹੁੰਚ ਰਹੇ ਹਨ ਜੋ ਕਾਰ ਸੇਵਾ ਕਿਲਾ ਸ੍ਰੀ ਅਨੰਦਗੜ੍ਹ ਸਾਹਿਬ ਦੇ ਸੱਚਖੰਡ ਵਾਸੀ ਮਹਾਂ ਪੁਰਸ਼ਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨਗੇ। ਇਸ ਤੋਂ ਇਲਾਵਾ ਭਾਈ ਸਰਬਜੀਤ ਸਿੰਘ ਜੀ ਕਥਾ ਵਾਚਕ ਲੁਧਿਆਣੇ ਵਾਲੇ ,ਢਾਡੀ ਜਥਾ ਭਾਈ ਸਰੂਪ ਸਿੰਘ ਕਡਿਆਣਾ, ਕੀਰਤਨੀ ਜਥਾ ਭਾਈ ਜਗਰੂਪ ਸਿੰਘ ਜੀ, ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ, ਭਾਈ ਰਾਮ ਸਿੰਘ ਜੀ ਸਾਬਕਾ ਹਜ਼ੂਰੀ ਰਾਗੀ ਤਖਤ ਸ੍ਰੀ ਕੇਸਗੜ੍ਹ ਸਾਹਿਬ , ਕੀਰਤਨੀ ਜਥਾ ਭਾਈ ਬਲਵੀਰ ਸਿੰਘ ਜੀ ਸ਼ਾਂਤ ਗੁਰਬਾਣੀ ਕੀਰਤਨ ਅਤੇ ਕਥਾ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਸੰਤ ਬਾਬਾ ਸੁੱਚਾ ਸਿੰਘ ਜੀ ਨੇ ਇਲਾਕੇ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਹੈ ਕਿ ਕਾਰ ਸੇਵਾ ਦੇ ਸੱਚਖੰਡ ਵਾਸੀ ਮਹਾਂ ਪੁਰਸ਼ਾਂ ਦੀ ਮਿੱਠੀ ਯਾਦ ਮਨਾਉਣ ਲਈ ਕਿਲਾ ਸ➢ੀ ਅਨੰਦਗੜ੍ਹ ਸਾਹਿਬ ਦੇ ਦੀਵਾਨ ਹਾਲ ਵਿਖੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਇਸ ਮੀਟਿੰਗ ਵਿੱਚ ਕਾਰ ਸੇਵਾ ਕਿਲਾ ਅਨੰਦਗੜ੍ਹ ਸਾਹਿਬ ਦੇ ਮੁੱਖ ਪ੍ਰਬੰਧਕ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ, ਸੰਤ ਬਾਬਾ ਸਤਨਾਮ ਸਿੰਘ ਜੀ, ਸੰਤ ਬਾਬਾ ਖੜਕ ਸਿੰਘ ਜੀ ਚੰਦਪੁਰ ਬੇਲਾ, ਬਾਬਾ ਪ੍ਰੇਮ ਸਿੰਘ ਜੀ ਭਲੜੀ, ਬਾਬਾ ਪ੍ਰੇਮ ਸਿੰਘ ਜੀ ਬੰਦਲੈੜੀ, ਭਾਈ ਧਰਮਪਾਲ ਸਿੰਘ, ਭਾਈ ਬੇਅੰਤ ਸਿੰਘ ਜੀ ਮੈਨੇਜਰ ਕਾਰ ਸੇਵਾ ਕਿਲਾ ਅਨੰਦਗੜ੍ਹ ਸਾਹਿਬ, ਭਾਈ ਕੌਰ ਸਿੰਘ ਜੀ, ਸਰਦਾਰ ਬਲਵੀਰ ਸਿੰਘ ਜੀ ਭੀਰੀ ਸਾਬਕਾ ਬਲਾਕ ਸੰਮਤੀ ਮੈਂਬਰ, ਸਰਦਾਰ ਆਤਮਾ ਸਿੰਘ ਜੀ ਘਟੀਵਾਲ ਸਾਬਕਾ ਬੈਂਕ ਅਫਸਰ, ਸਰਦਾਰ ਕਰਨੈਲ ਸਿੰਘ ਜੀ ਨੰਗਲ ਗੁਰਦੁਆਰਾ ਸਿੰਘ ਸਭਾ ਨਵਾ ਨੰਗਲ, ਭਾਈ ਹਰਜਿੰਦਰ ਸਿੰਘ ਜੀ ਹੀਰਾ, ਬੀਬੀ ਹਰਪ੍ਰੀਤ ਕੌਰ ਜਿੰਦਵੜੀ, ਭਾਈ ਬਲਵੀਰ ਸਿੰਘ, ਫੋਰਮੈਨ ਮਹਿੰਦਰ ਸਿੰਘ ਜੀ, ਭਾਈ ਲਖਵਿੰਦਰ ਸਿੰਘ ਸੈਣੀ ਮਾਜਰਾ ਭਾਈ ਅਮਰੀਕ ਸਿੰਘ ਗੋਬਿੰਦਗੜ੍ਹ ਆਇਰਨ ਸਟੋਰ, ਨੂਰਪੁਰ ਬੇਦੀ,ਡਾਕਟਰ ਖੁਸ਼ਹਾਲ ਸਿੰਘ ਜੀ ਬਰੂਵਾਲ , ਭਾਈ ਹਰਜੀਤ ਸਿੰਘ ਜੀ ਲੰਬੜਦਾਰ ਚੰਦਪੁਰ ਵੇਲਾ, ਮਾਸਟਰ ਜੀ ਗੱਜਪੁਰ, ਭਾਈ ਸ਼ੇਰ ਸਿੰਘ ਜੀ ਬੁਰਜ, ਸਰਦਾਰ ਗੁਰਮੇਲ ਸਿੰਘ ਜੀ, ਸਰਦਾਰ ਪਰਮਜੀਤ ਸਿੰਘ ,ਸਰਦਾਰ ਗਿਆਨ ਸਿੰਘ, ਸਰਦਾਰ ਇੰਦਰਜੀਤ ਸਿੰਘ ਜੀ ਸਰਪੰਚ ਬੁਰਜ ਅਤੇ ਅਨੇਕਾਂ ਸੰਗਤਾਂ ਸ਼ਾਮਿਲ ਸਨ।

# ਬਠਿੰਡਾ ਮਿਲਟਰੀ ਸਟੇਸ਼ਨ ਚ ਮਨਾਇਆ ਭਾਰਤੀ ਸੈਨਾ ਦਿਵਸ



**ਬਠਿੰਡਾ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਸੈਨਾ ਦਿਵਸ ਦੇ ਮੌਕੇ @ਤੇ, ਭਾਰਤੀ ਫੌਜ ਦੇ ਸੈਨਿਕਾਂ ਦੀ ਬਹਾਦਰੀ ਅਤੇ ਸਰਵਉੱਚ ਕੁਰਬਾਨੀ ਦਾ ਸਨਮਾਨ ਕਰਨ ਲਈ ਇੱਕ ਪੁਸ਼ਪਾਂਜਲੀ ਸਮਾਰੋਹ ਦਾ ਆਯੋਜਨ ਕੀਤਾ ਗਿਆ।

ਲੈਫਟੀਨੈਂਟ ਜਨਰਲ ਨਗੇਂਦਰ ਸਿੰਘ, ਜਨਰਲ ਅਫਸਰ ਕਮਾਂਡਿੰਗ, ਚੇਤਕ ਕੋਰ, ਨੇ @ਯੋਧਾ ਯਾਦਗਰ@ ਯੁੱਧ ਸਮਾਰਕ ਵਿਖੇ ਇੱਕ ਸਮਾਰੋਹ ਦੌਰਾਨ ਉਨ੍ਹਾਂ ਬਹਾਦਰਾਂ ਦੀ ਯਾਦ ਵਿੱਚ ਪੁਸ਼ਪਾਂਜਲੀ ਭੇਟ ਕੀਤੀ, ਜਿਨ੍ਹਾਂ ਨੇ ਸਾਡੇ ਰਾਸ਼ਟਰ ਦੀ ਪ੍ਰਭੂਸੱਤਾ ਦੀ ਰੱਖਿਆ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ। ਇਹ ਸਮਾਰੋਹ ਦੇਸ਼ ਭਗਤੀ ਅਤੇ ਸ਼ਰਧਾ ਦੀ ਭਾਵਨਾ ਨਾਲ ਮਨਾਇਆ ਗਿਆ, ਜੋ ਰਾਸ਼ਟਰ ਦੇ ਆਪਣੇ ਨਾਇਕਾਂ ਪ੍ਰਤੀ ਸਤਿਕਾਰ ਅਤੇ ਧੰਨਵਾਦ ਦਾ ਪ੍ਰਤੀਕ ਹੈ।

ਸਮਾਰੋਹ ਦੌਰਾਨ ਜਸ਼ਨਾਂ ਦੀ ਲੜੀ ਵਿੱਚ, ਨੌਜਵਾਨਾਂ ਵਿੱਚ ਭਾਰਤੀ ਫੌਜ ਦੀ ਅਮੀਰ ਵਿਰਾਸਤ ਅਤੇ ਅੱਗੇ ਵਧਣ ਦੀਆਂ ਸਮਰੱਥਾਵਾਂ ਬਾਰੇ ਜਾਗਰੂਕਤਾ ਅਤੇ ਮਾਣ ਵਧਾਉਣ ਲਈ ਇੱਕ ਵਿਸ਼ੇਸ਼ @ਆਪਣੀ ਫੌਜ ਨੂੰ ਜਾਣੋ@ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਇੰਟਰਐਕਟਿਵ ਪ੍ਰਦਰਸ਼ਨੀਆਂ ਅਤੇ ਲਾਈਵ ਪ੍ਰਦਰਸ਼ਨਾਂ ਰਾਹੀਂ ਅਤਿ-ਆਧੁਨਿਕ ਹਥਿਆਰਾਂ, ਫੌਜੀ ਵਾਹਨਾਂ ਅਤੇ ਤਕਨੀਕੀ ਤਰੱਕੀ ਦਾ ਪ੍ਰਦਰਸ਼ਨ ਕੀਤਾ ਗਿਆ।

ਸਮਾਗਮ ਵਿੱਚ ਉਤਸ਼ਾਹੀ ਨਾਗਰਿਕਾਂ ਨੇ ਸੈਨਿਕਾਂ ਨਾਲ ਵਿਚਾਰ ਸਾਂਝੇ ਕੀਤੇ , ਉਨ੍ਹਾਂ ਦੀਆਂ ਚੁਣੌਤੀਪੂਰਨ ਭੂਮਿਕਾਵਾਂ ਅਤੇ ਅਸਾਧਾਰਨ ਵਚਨਬੱਧਤਾ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਸੈਨਾ ਦਿਵਸ ਦੇ ਜਸ਼ਨ ਭਾਰਤੀ ਹਥਿਆਰਬੰਦ ਸੈਨਾਵਾਂ ਦੇ ਅਜਿੱਤ ਜਜ਼ਬੇ ਨੂੰ ਇੱਕ ਸ਼ਾਨਦਾਰ ਸ਼ਰਧਾਂਜਲੀ ਹੈ ।

# ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਦੀ ਘੌਂਡਾ ਵਿਧਾਨ ਸਭਾ 'ਚ 'ਆਪ' ਉਮੀਦਵਾਰ ਦੇ ਸਮਰਥਨ 'ਚ ਕੀਤਾ ਰੋਡ ਸ਼ੋਅ

## ਗਾਲ੍ਹਾਂ ਕੱਢਣ ਵਾਲਿਆਂ ਨੂੰ ਆਪਣੇ ਭਵਿੱਖ ਦੀ ਜ਼ਿੰਮੇਵਾਰੀ ਨਾ ਦਿਓ, ਉਹ ਕਦੇ ਵੀ ਤੁਹਾਡਾ ਭਲਾ ਨਹੀਂ ਕਰ ਸਕਦੇ : ਮਾਨ

**ਨਵੀਂ ਦਿੱਲੀ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਦੇ ਘੌਂਡਾ ਵਿਧਾਨ ਸਭਾ ਹਲਕੇ 'ਚ 'ਆਪ' ਉਮੀਦਵਾਰ ਦੇ ਸਮਰਥਨ 'ਚ ਵੱਡਾ ਰੋਡ ਸ਼ੋਅ ਕੀਤਾ। ਮੁੱਖ ਮੰਤਰੀ ਮਾਨ 'ਆਪ' ਉਮੀਦਵਾਰ ਗੌਰਵ ਸ਼ਰਮਾ ਦੀ ਨਾਮਜ਼ਦਗੀ ਮੌਕੇ ਇੱਥੇ ਪੁੱਜੇ ਸਨ।

ਰੋਡ ਸ਼ੋਅ ਵਿੱਚ ਵੱਡੀ ਗਿਣਤੀ ਵਿੱਚ 'ਆਪ' ਵਰਕਰਾਂ ਅਤੇ ਸਥਾਨਕ ਲੋਕਾਂ ਨੇ ਸ਼ਮੂਲੀਅਤ ਕੀਤੀ। ਲੋਕਾਂ ਨੇ ਨਾਅਰੇ ਲਾ ਕੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਉਮੀਦਵਾਰ ਦਾ ਸਵਾਗਤ ਕੀਤਾ। ਮਾਨ ਨੇ ਪਾਰਟੀ ਦੀ ਵੱਡੀ ਜਿੱਤ ਦਾ ਦਾਅਵਾ ਕਰਦਿਆਂ ਕਿਹਾ ਕਿ ਅੱਜ ਲੋਕਾਂ ਦੀ ਭਾਰੀ ਭੀੜ ਨੇ ਸਾਬਤ ਕਰ ਦਿੱਤਾ ਹੈ ਕਿ ਦਿੱਲੀ ਦੇ ਲੋਕ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਜਾ ਰਹੇ ਹਨ।

ਰੋਡ ਸ਼ੋਅ ਦੌਰਾਨ ਮਾਨ ਨੇ ਰੋਡ ਸ਼ੋਅ ਨੂੰ ਸਮਰਥਨ ਦੇਣ ਲਈ ਭਜਨਪੁਰਾ ਮਾਰਕੀਟ ਦੇ ਦੁਕਾਨਦਾਰਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਜਿਤਾਉਣ ਦੀ ਅਪੀਲ ਕੀਤੀ। ਮਾਨ ਨੇ 'ਆਪ' ਉਮੀਦਵਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਡੇ ਉਮੀਦਵਾਰ ਗੌਰਵ ਸ਼ਰਮਾ ਇਸ ਇਲਾਕੇ ਲਈ ਕੁਝ ਚੰਗਾ ਕਰਨਾ ਚਾਹੁੰਦੇ ਹਨ। ਉਹ ਤੁਹਾਡੀਆਂ ਸਮੱਸਿਆਵਾਂ ਨੂੰ ਸਮਝਦੇ ਹਨ। ਉਹ ਖੁਦ ਇੱਕ ਸਾਧਾਰਨ ਪਰਿਵਾਰ ਵਿੱਚੋਂ ਉੱਠ ਕੇ ਇੱਥੇ ਪੁੱਜਿਆ ਹੈ। ਇਸ ਲਈ, ਉਨ੍ਹਾਂ ਨੂੰ ਜਿਤਾਓ, ਜਿੱਤਣ ਤੋਂ ਬਾਅਦ ਉਹ ਤੁਹਾਡੇ ਵਿਚਕਾਰ ਰਹਿਣਗੇ ਅਤੇ ਤੁਹਾਡੇ ਲਈ ਕੰਮ ਕਰਨਗੇ।

ਭਾਸ਼ਣ ਦੌਰਾਨ ਮਾਨ ਨੇ ਕਾਂਗਰਸ ਅਤੇ ਭਾਜਪਾ 'ਤੇ ਨਿਸ਼ਾਨਾ ਸਾਧਿਆ।



ਉਨ੍ਹਾਂ ਕਿਹਾ ਕਿ ਉਨ੍ਹਾਂ ਲੋਕਾਂ ਨੇ 70 ਸਾਲ ਦੇਸ਼ ਨੂੰ ਲੁੱਟਿਆ। ਉਨ੍ਹਾਂ ਨੇ ਸਾਡੇ ਸਕੂਲ ਅਤੇ ਹਸਪਤਾਲ ਤਬਾਹ ਕਰ ਦਿੱਤੇ। ਦਿੱਲੀ ਵਿੱਚ ਸੱਤਾ ਵਿੱਚ ਆਉਣ ਤੋਂ ਬਾਅਦ ਅਰਵਿੰਦ ਕੇਜਰੀਵਾਲ ਨੇ ਇੱਥੋਂ ਦੇ ਸਰਕਾਰੀ ਹਸਪਤਾਲਾਂ ਅਤੇ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕੀਤੀ। ਉਨ੍ਹਾਂ ਨੇ ਆਮ ਲੋਕਾਂ ਲਈ ਮੁਫ਼ਤ ਬਿਜਲੀ ਅਤੇ ਪਾਣੀ ਦਾ ਪ੍ਰਬੰਧ ਕੀਤਾ ਅਤੇ ਔਰਤਾਂ ਲਈ ਮੁਫ਼ਤ ਬੱਸ ਦੀ ਸਹੂਲਤ ਦਿੱਤੀ।

ਉਨ੍ਹਾਂ ਕਿਹਾ ਕਿ ਦਿੱਲੀ ਤੋਂ ਬਾਅਦ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ। ਅਸੀਂ ਉੱਥੇ ਵੀ ਕਾਫ਼ੀ ਕੰਮ ਕਰ ਰਹੇ ਹਾਂ। ਤਿੰਨ ਸਾਲਾਂ ਵਿੱਚ ਅਸੀਂ 850 ਤੋਂ ਵੱਧ ਮੁਹੱਲਾ ਕਲੀਨਿਕ ਬਣਾਏ ਹਨ। ਸਰਕਾਰੀ ਸਕੂਲਾਂ ਅਤੇ ਹਸਪਤਾਲਾਂ ਨੂੰ ਬਿਹਤਰ ਬਣਾਉਣਾ।

ਅੱਜ ਦਿੱਲੀ ਵਾਂਗ ਪੰਜਾਬ ਵਿੱਚ ਵੀ 90 ਫ਼ੀਸਦੀ ਲੋਕਾਂ ਨੂੰ ਜ਼ੀਰੋ ਬਿਜਲੀ ਦਾ ਬਿੱਲ ਆਉਂਦਾ ਹੈ। ਪੰਜਾਬ ਵਿੱਚ ਅਸੀਂ 50 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ ਬਿਨਾਂ ਕਿਸੇ ਰਿਸ਼ਵਤ ਜਾਂ ਸਿਫ਼ਾਰਸ਼ ਦੇ ਦਿੱਤੀਆਂ।

ਭਾਜਪਾ 'ਤੇ ਹਮਲਾ ਕਰਦਿਆਂ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਨੀਅਤ ਚੰਗੀ ਨਹੀਂ ਹੈ। ਉਹ ਜਾਣਬੁੱਝ ਕੇ ਦਿੱਲੀ ਦੇ ਲੋਕਾਂ ਨੂੰ ਪ੍ਰੇਸ਼ਾਨ ਕਰਦੇ ਹਨ। ਤਾਂ ਜੋ ਦਿੱਲੀ ਦੇ ਲੋਕ ਤੰਗ ਆ ਕੇ ਆਮ ਆਦਮੀ ਪਾਰਟੀ ਨੂੰ ਵੋਟ ਨਾ ਪਾਉਣ। ਪਰ ਅਰਵਿੰਦ ਕੇਜਰੀਵਾਲ ਤੁਹਾਡੇ ਪਰਿਵਾਰ ਵਾਂਗ ਤੁਹਾਡੀ ਲੜਾਈ ਲੜ ਰਹੇ ਹਨ।

ਮਾਨ ਨੇ ਲੋਕਾਂ ਨੂੰ ਆਮ ਆਦਮੀ ਪਾਰਟੀ ਦਾ ਸਾਥ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ 5 ਤਰੀਕ ਨੂੰ ਤੁਸੀਂ ਆਪਣੇ ਪਰਿਵਾਰ ਅਤੇ ਆਪਣੇ ਬੱਚਿਆਂ ਦੀ ਕਿਸਮਤ ਦਾ ਫ਼ੈਸਲਾ ਕਰਨਾ ਹੈ। ਇਸ ਲਈ ਅਜਿਹੇ ਵਿਅਕਤੀ ਨੂੰ ਚੁਣੋ ਜੋ ਕੰਮ ਕਰਨਾ ਜਾਣਦਾ ਹੋਵੇ ਅਤੇ ਨਫ਼ਰਤ ਦੀ ਰਾਜਨੀਤੀ ਨਾ ਕਰੇ। ਉਨ੍ਹਾਂ ਕਿਹਾ ਕਿ ਤੁਹਾਨੂੰ ਆਪਣੇ ਭਵਿੱਖ ਦੀ ਜ਼ਿੰਮੇਵਾਰੀ ਗਾਲ੍ਹਾਂ ਕੱਢਣ ਵਾਲਿਆਂ ਦੇ ਹੱਥਾਂ ਵਿੱਚ ਨਹੀਂ ਛੱਡਣੀ ਚਾਹੀਦੀ। ਨਫਰਤ ਦੀ ਰਾਜਨੀਤੀ ਕਰਨ ਵਾਲੇ ਤੁਹਾਡਾ ਕਦੇ ਭਲਾ ਨਹੀਂ ਕਰ ਸਕਦੇ।

# ਮਾਨਸਾ 'ਚ ਚੱਲ ਰਹੇ ਧਰਨਿਆਂ ਕਾਰਨ ਕੈਬਨਿਟ ਮੰਤਰੀਆਂ ਦੇ ਘਿਰਾਓ ਦਾ ਖ਼ਦਸ਼ਾ

**ਮਾਨਸਾ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗਣਤੰਤਰ ਦਿਵਸ 26 ਜਨਵਰੀ ਦੇ ਸਮਾਗਮ ਵਿੱਚ ਇਸ ਵਾਰ ਮਾਨਸਾ ਵਿੱਚ ਕੋਈ ਵੀ ਮੰਤਰੀ ਕੌਮੀ ਝੰਡਾ ਨਹੀਂ ਲਹਿਰਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਸੂਬੇ ਭਰ ਦੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮਾਂ ਵਿੱਚ ਰਾਸ਼ਟਰੀ ਝੰਡਾ ਲਹਿਰਾਉਣ ਵਾਲੇ ਮੰਤਰੀਆਂ ਦੇ ਨਾਮਾਂ ਦੀ ਸੂਚੀ ਜਾਰੀ ਕਰ ਦਿੱਤੀ ਹੈ ਪਰ ਇਸ ਵਿੱਚ ਮਾਨਸਾ ਜ਼ਿਲ੍ਹੇ ਦਾ ਨਾਂ ਨਹੀਂ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਸਰਕਾਰੀ ਤੌਰ 'ਤੇ ਮਨਾਈ ਜਾਂਦੇ ਇਸ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਸਰਕਾਰ ਵੱਲੋਂ ਕਿਸੇ ਵੀ ਮੰਤਰੀ ਨੂੰ ਝੰਡਾ ਲਹਿਰਾਉਣ ਲਈ ਨਹੀਂ ਭੇਜਿਆ ਗਿਆ।

ਹਾਲਾਂਕਿ ਸਮਾਗਮ ਵਿੱਚ ਝੰਡਾ ਲਹਿਰਾਉਣ ਦੀ ਰਸਮ ਨਿਸ਼ਚਿਤ ਅਤੇ ਪੱਕੀ ਹੈ, ਸਰਕਾਰ ਵੱਲੋਂ ਇਸ ਵਾਸਤੇ ਕਿਸੇ ਹੋਰ ਅਧਿਕਾਰੀ ਵਿਧਾਇਕ ਜਾਂ ਜਨਤਾ ਦੇ ਚੁਣੇ ਹੋਏ ਲੋਕ ਨੁਮਾਇੰਦੇ ਦੀ ਡਿਊਟੀ ਲਗਾ ਦਿੱਤੀ ਹੋ ਸਕਦੀ ਹੈ, ਪਰ ਮਾਨਸਾ ਵਿੱਚ ਇਸ ਵਾਰ ਗਣਤੰਤਰ ਦਿਵਸ ਦਾ ਝੰਡਾ ਕੋਈ ਵੀ ਮੰਤਰੀ ਨਹੀਂ ਲਹਿਰਾਏਗਾ।

ਮਾਨਸਾ ਸੀਵਰੇਜ ਸਮੱਸਿਆ, ਬੇਰੁਜ਼ਗਾਰਾਂ ਦੇ ਧਰਨੇ, ਕਿਸਾਨੀ ਮੰਗਾਂ ਲਈ ਹੁੰਦੇ ਧਰਨੇ, ਡਿਪਟੀ ਕਮਿਸ਼ਨਰ ਅਤੇ ਹੋਰ ਦਫ਼ਤਰਾਂ ਦਾ ਘਿਰਾਓ ਤੋਂ ਇਲਾਵਾ ਕੱਚੇ ਮੁਲਾਜ਼ਮਾਂ ਦੇ ਸੰਘਰਸ਼ ਦਾ ਪਿੜ ਮੰਨਿਆ ਜਾਂਦਾ ਹੈ। ਸੀਵਰੇਜ ਸਮੱਸਿਆ ਨੂੰ ਲੈ ਕੇ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਚੌਕ ਵਿਖੇ ਢਾਈ ਮਹੀਨਿਆਂ ਤੋਂ ਧਰਨਾ ਜਾਰੀ ਹੈ।

ਸੀਪੀਆਈ (ਐੱਮਐੱਲ) ਲਿਬਰੇਸ਼ਨ ਦੇ ਸੂਬਾਈ ਸਕੱਤਰ ਕਾਮਰੇਡ ਰਾਜਵਿੰਦਰ ਸਿੰਘ ਰਾਣਾ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਮਾਨਸਾ ਨੂੰ ਅਣਗੌਲਿਆਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੀਵਰੇਜ ਸਮੱਸਿਆ ਨੇ ਲੋਕਾਂ ਦੇ ਨੱਕ ਵਿੱਚ ਦਮ ਕਰ ਰੱਖਿਆ ਹੈ। ਉਨ੍ਹਾਂ ਕਿਹਾ ਕਿ ਇਸ ਤਕਲੀਫ਼ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਵਾਅਦੇ ਅਤੇ ਐਲਾਨ ਵੀ ਹਵਾ ਹੋ ਗਏ। ਉਨ੍ਹਾਂ ਕਿਹਾ ਕਿ ਇਥੇ ਗਣਤੰਤਰ ਦਿਵਸ ਦੇ ਸਮਾਗਮ ਵਿੱਚ ਸਰਕਾਰ ਵੱਲੋਂ ਝੰਡਾ ਲਹਿਰਾਉਣ ਲਈ ਕੋਈ ਮੰਤਰੀ ਇਸ ਕਰ ਕੇ ਨਹੀਂ ਭੇਜਿਆ ਜਾ ਰਿਹਾ ਹੈ, ਕਿਤੇ ਮਾਨਸਾ ਵਾਸੀ ਉਸ ਦਾ ਘਿਰਾਓ ਨਾ ਕਰ ਲੈਣ। ਉਨ੍ਹਾਂ ਕਿਹਾ ਕਿ ਅੱਜ ਤੋਂ ਪਹਿਲਾਂ ਅਜਿਹਾ ਕਦੇ ਨਹੀਂ ਹੋਇਆ ਹੈ। ਉਨ੍ਹਾਂ ਦੱਸਿਆ ਬਲਕਿ ਮਾਨਸਾ ਵਿੱਚ ਇਸ ਤਰ੍ਹਾਂ ਦੇ ਰਾਜ ਪੱਧਰੀ ਸਮਾਗਮ ਹੁੰਦੇ ਰਹੇ ਹਨ, ਜਿਸ ਵਿੱਚ ਮੁੱਖ ਮੰਤਰੀ ਵੀ ਸ਼ਿਕਰਤ ਕਰਦੇ ਰਹੇ ਹਨ। ਇਸ ਵਾਰ ਮਾਨਸਾ ਨੂੰ ਛੱਡ ਕੇ ਬਾਕੀ ਜ਼ਿਲ੍ਹਿਆਂ ਵਿੱਚ ਪਹਿਲਾਂ ਦੀ ਤਰ੍ਹਾਂ ਕੌਮੀ ਝੰਡਾ ਲਹਿਰਾਉਣ ਲਈ ਰਸਮ ਅਦਾ ਕਰਨ ਵਾਸਤੇ ਮੰਤਰੀਆਂ ਦੀ ਜ਼ਿੰਮੇਵਾਰੀ ਲਗਾ ਦਿੱਤੀ ਗਈ ਹੈ। ਹਾਲੇ ਤੱਕ ਇਹ ਨਹੀਂ ਦੱਸਿਆ ਗਿਆ ਕਿ ਮਾਨਸਾ ਵਿੱਚ ਗਣਤੰਤਰ ਦਿਵਸ ਮੌਕੇ ਸਰਕਾਰੀ ਤੌਰ 'ਤੇ ਕੌਮੀ ਝੰਡਾ ਕੌਣ ਲਹਿਰਾਏਗਾ।

# ਚੰਡੀਗੜ੍ਹ ਯੂਨੀਵਰਸਿਟੀ 'ਚ 'ਸੈਂਡਬਾਕਸ-2025' ਸਮਾਗਮ ਦੌਰਾਨ ਉੱਘੇ ਉੱਦਮੀਆਂ ਨਾਲ ਸਾਰਕ ਟੈਂਕ ਜੱਜ ਅਨੁਪਮ ਮਿੱਤਲ ਨੇ ਤਜੁਰਬੇ ਕੀਤੇ ਸਾਂਝੇ

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰਹਿਨੁਮਾਈ 'ਚ ਭਾਰਤ ਦੁਨੀਆ ਦਾ ਬਣਿਆ ਤੀਜਾ ਸਟਾਰਅੱਪ ਇਕੋਸੀਸਟਮ : ਸੰਸਦ ਮੈਂਬਰ (ਰਾਜ ਸਭਾ) ਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ

**ਮੁਹਾਲੀ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਸਟਾਰਟਅੱਪ ਦਿਵਸ 'ਤੇ ਚੰਡੀਗੜ੍ਹ ਯੂਨੀਵਰਸਿਟੀ ਨੇ 'ਸੈਂਡਬਾਕਸ-2025' ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜੋ ਉੱਤਰ ਭਾਰਤ ਦੇ ਉੱਦਮੀਆਂ ਨੂੰ ਉਤਸ਼ਾਹਿਤ ਕਰਨ ਦੇ ਨਾਲ ਅਤੇ ਅਦਭੁੱਤ ਨਵੀਨਤਾ ਦੇ ਪ੍ਰਦਰਸ਼ਨ ਕਰਨ, ਸਟਾਰਟਅੱਪਸ, ਨਿਵੇਸ਼ਕਾਂ, ਉੱਦਯੋਗ ਜਗਤ ਦੇ ਨੇਤਾਵਾਂ ਦੇ ਨਾਲ ਉਦਮੀਆਂ ਨੂੰ ਸਹਿਯੋਗ ਦੇਣ ਲਈ ਇੱਕ ਪ੍ਰਮੁੱਖ ਪ੍ਰੋਗਰਾਮ ਸੀ। ਪ੍ਰੋਗਰਾਮ ਦੌਰਾਨ ਸ਼ਾਰਕ ਟੈਂਕ ਇੰਡੀਆਂ ਦੇ ਜੱਜ ਤੇ ਸ਼ਾਦੀ ਡਾੱਟ ਕਾਮ ਦੇ ਸਰਪ੍ਰਸਤ ਅਨੁਪਮ ਮਿੱਤਲ ਨੇ ਸਟਾਰਟਅੱਪ 'ਚ ਉੱਭਰ ਰਹੇ ਉਦਮੀਆਂ ਨਾਲ ਵਿਚਾਰ ਵਟਾਂਦਰਾ ਕੀਤਾ। ਚੰਡੀਗੜ੍ਹ ਯੂਨੀਵਰਸਿਟੀ ਦੇ ਟੈਕਨਾਲੋਜੀ ਬਿਜ਼ਨਸ ਇਨਕਿਊਬੇਟਰ (ਸੀਯੂ-ਟੀਬੀਆਈ) ਵੱਲੋਂ ਆਯੋਜਿਤ, ਜਿਸ ਦਾ ਵਿਸ਼ਾ 'ਦੂਰਦਰਸ਼ੀ ਲੋਕਾਂ ਨੂੰ ਸਮਰੱਥ ਬਣਾਉਣਾ, ਕੱਲ ਨੂੰ ਫਿਰ ਤੋਂ ਪਰਿਭਾਸ਼ਿਤ ਕਰਨਾ' ਸੈਂਡਬਾਕਸ-2025 ਨੂੰ ਇਸ ਪ੍ਰੋਗਰਾਮ ਲਈ ਸਟਾਰਟਅੱਪਸ ਵਲੋਂ 1000 ਤੋਂ ਵੱਧ ਆਰਜੀਆਂ ਮਿਲਣ ਦੇ ਨਾਲ ਜ਼ਬਰਦਸਤ ਪ੍ਰਤੀਕ੍ਰਿਆਵਾਂ ਮਿਲੀਆਂ। ਕੱਲਕਤਾ, ਦਿੱਲੀ, ਮੁੰਬਈ, ਬੰਗਲੁਰੂ, ਹੈਦਰਾਬਾਦ ਵਰਗੇ ਸ਼ਹਿਰਾਂ ਸਮੇਤ ਦੇਸ਼ ਭਰ ਦੇ 45 ਸ਼ਹਿਰਾਂ ਵਿਚੋਂ 250 ਤੋਂ ਵੱਧ ਸਟਾਰਟਅੱਪ ਨੂੰ ਸੂਚੀਬੱਧ ਕੀਤਾ ਗਿਆ। ਇਨ੍ਹਾਂ ਵਿਚ ਆਰਟੀਫ਼ਿਸ਼ੀਅਲ ਇੰਟੈਲੀਜੈਂਸ 'ਤੇ ਅਧਾਰਿਤ 17 ਸਟਾਰਟਅੱਪ ਸਮੇਤ ਚੁਣੇ ਗਏ 50 ਸਟਾਰਟਅੱਪ ਨੂੰ ਪੇਸ਼ ਕੀਤਾ ਗਿਆ।



ਬਿਜਨਸ, ਸਮੱਗਰੀ, ਸਿਹਤ ਸੰਭਾਲ, ਖੇਤੀਬਾੜੀ ਸਮੇਤ ਵੱਖ-ਵੱਖ ਖੇਤਰਾਂ ਨੂੰ ਕਵਰ ਕਰਨ ਵਾਲੇ ਇਨ੍ਹਾਂ 50 ਸਟਾਰਅੱਪਸ ਵਿਚੋਂ ਕੈਪੀਲਸ, ਇਨੋ 8, ਆਕਰਸ਼ਣ, ਕੇਅਰਵੈਲ 360, ਆਸ਼ਿਆ ਪਰੋ 6, ਮੇਡੋਕ, ਵਿਵਿੰਗ ਡਰੀਮਜ਼, ਡੀਸੀਐੱਸ ਪਰੋ, ਕਲਾਈਂਟ ਹਾਲਸ ਅਤੇ ਰੇਸੋਲੈਕਸ ਸਮੇਤ ਮੋਹਰੀ 10 ਸਟਾਰਟਅੱਪਸ ਨੂੰ ਸ਼ਾਰਕ ਟੈਂਕ ਇੰਡੀਆ ਦੇ ਜੱਜ ਤੇ ਸ਼ਾਦੀ ਡਾੱਟ ਕਾਮ ਦੇ ਸਰਪ੍ਰਸਤ ਅਨੁਪਮ ਮਿੱਤਲ ਸਾਹਮਣੇ ਪੇਸ਼ ਕਰਨ ਦਾ ਮੌਕਾ ਮਿਲਿਆ। ਇਸ ਮੌਕੇ ਨੌਜਵਾਨ ਉੱਦਮੀਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਦੇਸ਼ ਦੇ ਨਵੀਨਤਾਕਾਰੀਆਂ ਅਤੇ ਉੱਦਮੀਆਂ ਦੀ ਸਿਰਜਣਾਤਮਕਤਾ, ਸਮਰਪਣ ਅਤੇ ਦ੍ਰਿੜ ਇਰਾਦੇ ਦਾ ਸਨਮਾਨ ਕਰਨ ਲਈ 16 ਜਨਵਰੀ ਨੂੰ ਰਾਸ਼ਟਰੀ ਸਟਾਰਟਅੱਪ ਦਿਵਸ ਵਜੋਂ ਐਲਾਨ ਕਰ ਕੇ ਭਾਰਤ ਵਿੱਚ ਨਵੀਨਤਾ ਅਤੇ ਉੱਦਮਤਾ ਦੀ ਭਾਵਨਾ ਨੂੰ ਇੱਕ ਤਿਉਹਾਰ 'ਚ ਬਦਲ ਦਿੱਤਾ ਹੈ।

ਇਸ ਸਮਾਗਮ ਵਿੱਚ ਹਿੱਸਾ ਲੈਣ ਵਾਲਿਆਂ 'ਚ ਸੰਸਦ ਮੈਂਬਰ (ਰਾਜ ਸਭਾ) ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ, ਸੰਜੀਵ ਸੇਠੀ, ਐਮਡੀ ਗਿਲਾਰਡ ਇਲੈਕਟ੍ਰੌਨਿਕਸ ਪ੍ਰਾਈਵੇਟ, ਆਯੂਸ਼ ਬੱਗਾ, ਟੀ-ਹੱਬ ਹੈੱਡ, ਸਰਕਾਰੀ ਸੰਬੰਧ, ਅੰਕਿਤ ਸਕਸੈਨਾ, ਆਈਆਈਟੀ ਦਿੱਲੀ, ਡਾਇਰੈਕਟਰ ਡੀਐਸ ਸੈਂਟਰ ਆਫ਼ ਐਂਟਰਪ੍ਰਾਈਨਰਸ਼ਿਪ, ਨਰਿੰਦਰ ਵਰਮਾ, ਸੀਆਈਆਈ ਕਾਰਜਕਾਰੀ ਪ੍ਰਬੰਧਕ, ਸੰਸਥਾਪਕ ਅਤੇ ਮੁੱਖ ਏਆਈ ਅਧਿਕਾਰੀ, ਵੀਕੇ ਸ਼ਰਮਾ, ਸੀਡੀਏਸੀ ਡਾਇਰੈਕਟਰ, ਸ਼ੈਲੇਂਦਰ ਤਿਆਗੀ, ਐਸਟੀਪੀਆਈ ਡਾਇਰੈਕਟਰ, ਇਲੈਕਟ੍ਰੌਨਿਕਸ ਅਤੇ ਆਈਟੀ ਮੰਤਰਾਲਾ, ਭਾਰਤ ਸਰਕਾਰ, ਮਨੀਸ਼ ਜੌਹਰ, ਨਾਸਕਾਮ, ਗ੍ਰੇਸੈਲ ਟੈਕਨੋਲੋਜੀ ਦੇ ਸੰਸਥਾਪਕ ਅਤੇ ਸੀਈਓ ਸ਼ਾਮਲ ਸਨ। ਇਸ ਮੌਕੇ 'ਤੇ ਸ਼ਾਰਕ ਟੈਂਕ ਇੰਡੀਆ ਦੇ ਜੱਜ ਅਤੇ ਸ਼ਾਦੀ ਡਾੱਟ ਕਾਮ ਦੇ ਸੰਸਥਾਪਕ ਅਨੁਪਮ ਮਿੱਤਲ ਨੇ ਕਿਹਾ ਹਾਲ ਹੀ 'ਚ ਭਾਰਤ ਦੇ ਨੌਜਵਾਨਾਂ 'ਚ ਉੱਦਮੀ ਬਣਨ ਦੀ ਇੱਛਾ ਬਹੁਤ ਵਧੀ ਹੈ। ਇਸਦਾ ਸਭ ਤੋਂ ਵੱਡਾ ਕਾਰਨ ਸਾਡੀ ਸਰਕਾਰ ਹੈ ਜਿਸਨੇ ਸਾਡੇ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਲਈ ਬਹੁਤ ਸਾਰੇ ਨਵੇਂ ਮੌਕੇ ਪੈਦਾ ਕੀਤੇ ਹਨ। ਇੱਕ ਉੱਦਮੀ ਮੌਕੇ ਦੀ ਉਡੀਕ ਨਹੀਂ ਕਰਦਾ, ਸਗੋਂ ਉਹ ਆਪਣੇ ਮੌਕੇ ਆਪ ਸਿਰਜਦਾ ਹੈ। ਮੈਨੂੰ ਯਕੀਨ ਹੈ ਕਿ ਭਾਰਤੀਆਂ 'ਚ ਜਨਮਜਾਤ ਉੱਦਮਤਾ ਹੁਨਰ ਉਨ੍ਹਾਂ ਨੂੰ ਆਉਣ ਵਾਲੇ 10 ਸਾਲਾਂ 'ਚ ਦੁਨੀਆ ਦੇ ਚੋਟੀ ਦੇ ਉੱਦਮੀ ਬਣਾ ਦੇਵੇਗਾ। ਉਨ੍ਹਾਂ ਕਿਹਾ, ਸਾਡੀ ਸੰਸਕ੍ਰਿਤੀ ਅਤੇ ਸੱਭਿਅਤਾ ਦਾ ਇੱਕ ਦਿਲਚਸਪ ਪਹਿਲੂ ਇਹ ਹੈ ਕਿ ਅਸੀਂ ਹਮੇਸ਼ਾ ਉੱਦਮੀ ਰਹੇ ਹਾਂ। ਅਸੀਂ ਆਪਣੇ ਦੇਸ਼ 'ਚ ਬਹੁਤ ਸਾਰੀਆਂ ਚੀਜ਼ਾਂ ਬਣਾਈਆਂ ਹਨ ਅਤੇ ਉਨ੍ਹਾਂ ਨੂੰ ਦੁਨੀਆ ਨੂੰ ਦਿੱਤਾ ਹੈ। ਇਸ ਲਈ ਉੱਦਮਤਾ ਜਨਮ ਤੋਂ ਹੀ ਸਾਡੇ ਭਾਰਤੀਆਂ 'ਚ ਮੌਜੂਦ ਹੈ। ਸਾਨੂੰ ਸਿਰਫ਼ ਇਸ ਬਾਰੇ ਸੋਚਣਾ ਹੈ, ਇਸਨੂੰ ਸਮਝਣਾ ਹੈ ਅਤੇ ਇਸਨੂੰ ਪਛਾਣਨਾ ਹੈ। ਇਹੀ ਕਾਰਨ ਹੈ ਕਿ ਸਾਡੇ ਬਹੁਤ ਸਾਰੇ ਉੱਦਮੀ ਵਿਸ਼ਵ ਪੱਧਰ 'ਤੇ ਸਭ ਤੋਂ ਬਿਹਤਰੀਨ ਹਨ। ਮੈਂ ਨੌਜਵਾਨਾਂ ਨੂੰ ਸਿਰਫ਼ ਇਹ ਸਲਾਹ ਦੇਣਾ ਚਾਹੁੰਦਾ ਹਾਂ ਕਿ ਤੁਹਾਨੂੰ ਸਿਰਫ਼ ਉੱਦਮੀ ਬਣਨ ਬਾਰੇ ਨਹੀਂ ਸੋਚਣਾ ਚਾਹੀਦਾ, ਸਗੋਂ ਤੁਹਾਨੂੰ ਦੁਨੀਆ ਦੇ ਸਭ ਤੋਂ ਵਧੀਆ ਉੱਦਮੀ ਬਣਨ ਦਾ ਟੀਚਾ ਰੱਖਣਾ ਚਾਹੀਦਾ ਹੈ।

ਸੰਸਦ ਮੈਂਬਰ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਨੇ ਕਿਹਾ, ਪਿਛਲੇ 10 ਸਾਲਾਂ 'ਚ ਭਾਰਤ ਦੇ ਸਟਾਰਟਅੱਪਸ ਨੇ ਪ੍ਰਧਾਨ ਮੰਤਰੀ ਮੋਦੀ ਦੀ ਅਗੁਵਾਈ 'ਚ ਸੁਨਹਿਰੀ ਯੁੱਗ ਦੇਖਿਆ ਹੈ। ਸਟਾਰਟਅੱਪ ਸਹਾਇਕ ਨੀਤੀਆਂ ਨੇ ਭਾਰਤ ਨੂੰ ਤਕਨੀਕਾਂ ਅਤੇ ਵਿਚਾਰਾਂ ਦਾ ਦੇਸ਼ ਬਣਾਇਆ ਹੈ ਜੋ ਇਸ ਤੱਥ ਤੋਂ ਸਪੱਸ਼ਟ ਹੈ ਕਿ ਭਾਰਤ ਅੱਜ 1.57 ਲੱਖ ਤੋਂ ਵੱਧ ਸਟਾਰਟਅੱਪਸ ਅਤੇ 110 ਯੂਨੀਕੋਰਨ ਨਾਲ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਸਟਾਰਟਅੱਪ ਈਕੋਸਿਸਟਮ ਬਣ ਗਿਆ ਹੈ। ਪ੍ਰਧਾਨ ਮੰਤਰੀ ਮੋਦੀ ਦੀ ਅਗੁਵਾਈ 'ਚ, ਭਾਰਤ 'ਚ ਸਟਾਰਟਅੱਪਸ ਦੀ ਗਿਣਤੀ 2014 'ਚ 350 ਤੋਂ ਵੱਧ ਕੇ 1.57 ਲੱਖ ਤੋਂ ਵੱਧ ਹੋ ਗਈ ਅਤੇ ਇਸਦੇ ਨਾਲ ਵੱਖ-ਵੱਖ ਖੇਤਰਾਂ 'ਚ 16 ਲੱਖ ਤੋਂ ਵੱਧ ਨੌਕਰੀਆਂ ਪੈਦਾ ਹੋਈਆਂ। ਇਹ ਸਟਾਰਟਅੱਪਸ ਪ੍ਰਧਾਨ ਮੰਤਰੀ ਮੋਦੀ ਦੀ ਅਗੁਵਾਈ 'ਚ ਭਾਰਤ ਨੂੰ ਸਵੈ-ਨਿਰਭਰ (ਆਤਮ-ਨਿਰਭਰ) ਬਣਾਉਣ 'ਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। ਅੱਜ ਭਾਰਤ ਦੇ ਨੌਜਵਾਨ ਨੌਕਰੀ ਭਾਲਣ ਵਾਲਿਆਂ ਦੀ ਬਜਾਏ ਨੌਕਰੀ ਦੇਣ ਵਾਲੇ ਬਣ ਰਹੇ ਹਨ। ਇਸ ਤਰ੍ਹਾਂ ਇਹ ਸਟਾਰਟਅੱਪ, 2047 ਤੱਕ ਵਿਕਾਸ ਭਾਰਤ ਬਣਨ ਵੱਲ ਭਾਰਤ ਦੇ ਸਫ਼ਰ 'ਚ ਇੱਕ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। ਸਰਕਾਰ ਦੁਆਰਾ ਸਹੀ ਸਮੇਂ 'ਤੇ ਲਏ ਗਏ ਸਹੀ ਫੈਸਲਿਆਂ ਨਾਲ ਸਟਾਰਟਅੱਪ ਨੈੱਟਵਰਕ ਨੂੰ ਮਹਾਂਨਗਰਾਂ ਦੀਆਂ ਸੀਮਾਵਾਂ ਤੋਂ ਪਾਰ ਦੇਸ਼ ਭਰ ਦੇ 600 ਤੋਂ ਵੱਧ ਜਿਲ੍ਹਿਆਂ ਤੱਕ ਪਹੁੰਚਣ 'ਚ ਮਦਦ ਮਿਲੀ ਹੈ। ਭਾਰਤ ਦੀ ਸਟਾਰਟਅੱਪਸ ਨੂੰ ਉਤਸ਼ਾਹਿਤ ਕਰਨ ਦੀ ਵਚਨਬੱਧਤਾ ਪਿਛਲੇ ਦਹਾਕੇ ਦੌਰਾਨ ਸਟਾਰਟਅੱਪ ਇੰਡੀਆ ਪਹਿਲਕਦਮੀ ਰਾਹੀਂ 10,000 ਕਰੋੜ ਰੁਪਏ ਤੋਂ ਵੱਧ ਦੀ ਵੰਡ 'ਚ ਸਾਫ ਨਜ਼ਰ ਆਉਂਦੀ ਹੈ।

# ਐੱਮਐੱਸਪੀ ਮਾਮਲੇ 'ਤੇ ਜਾਖੜ ਨੂੰ ਖੁੱਲ੍ਹੀ ਬਹਿਸ ਲਈ ਚੁਣੌਤੀ



ਮੀਡੀਆ ਨੂੰ ਸੰਬੋਧਨ ਕਰਦੇ ਹੋਏ ਬੀਕੇਯੂ ਏਕਤਾ (ਡਕੌਂਦਾ) ਦੇ ਕਿਸਾਨ ਆਗੂ।

**ਪਾਤੜਾਂ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਫ਼ਸਲਾਂ 'ਤੇ ਘੱਟੋ ਘੱਟ ਸਮਰਥਨ ਮੁੱਲ ਪੰਜਾਬ ਦੇ ਹਿੱਤ ਵਿੱਚ ਨਾ ਹੋਣ ਦਾ ਦਾਅਵਾ ਕਰਨ ਵਾਲੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੂੰ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਨੇ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ ਹੈ। ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 26 ਜਨਵਰੀ ਦੇ ਟਰੈਕਟਰ ਮਾਰਚ ਦੀ ਤਿਆਰੀ ਲਈ ਰੱਖੀ ਮੀਟਿੰਗ ਵਿੱਚ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ, ਸਕੱਤਰ ਇੰਦਰਜੀਤ ਧਾਲੀਵਾਲ ਤੇ ਹੋਰ ਨੇ ਕਿਹਾ ਕਿ ਟਰੈਕਟਰ ਮਾਰਚ ਇਕ ਵਾਰ ਫੇਰ ਇਤਿਹਾਸਕ ਹੋ ਨਿੱਬੜੇਗਾ। ਕਿਸਾਨ ਆਗੂਆਂ ਨੇ ਹੈਰਾਨਗੀ ਪ੍ਰਗਟ ਕੀਤੀ ਕਿ ਭਾਜਪਾ ਦਾ ਸੂਬਾ ਪ੍ਰਧਾਨ ਸੁਨੀਲ ਜਾਖੜ ਐੱਮਐੱਸਪੀ ਨੂੰ ਕਿਸਾਨਾਂ ਲਈ ਨੁਕਸਾਨਦਾਇਕ ਕਰਾਰ ਦੇ ਕੇ ਕਾਰਪੋਰੇਟਾਂ ਦੀ ਬੋਲੀ ਬੋਲ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਰਾਜ ਸਰਕਾਰਾਂ ਨੂੰ ਭੇਜੇ ਗਏ ਖੇਤੀ ਮੰਡੀਕਰਨ ਨੀਤੀ ਖਰੜੇ ਨੂੰ ਭਾਵੇਂ ਪੰਜਾਬ ਸਰਕਾਰ ਦੇ ਮੰਤਰੀ ਮੰਡਲ ਨੇ ਰੱਦ ਕਰ ਦਿੱਤਾ ਹੈ ਪਰ ਫੇਰ ਸਰਕਾਰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਇਸ ਖਰੜੇ ਨੂੰ ਰੱਦ ਕਰਕੇ ਵਾਪਸ ਮੋਦੀ ਸਰਕਾਰ ਨੂੰ ਭੇਜੇ।

# ਡੱਲੇਵਾਲ ਦੀ ਜਾਨ ਬਚਾਉਣ ਲਈ ਤੁਰੰਤ ਕੇਂਦਰ ਨਾਲ ਗੱਲਬਾਤ ਕਰੇ ਸਰਕਾਰ: ਢੀਂਡਸਾ

**ਸੰਗਰੂਰ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਨੂੰ ਦਿੱਲੀ ਚੋਣਾਂ ਛੱਡ ਕੇ ਪੰਜਾਬ ਦੇ ਕਿਸਾਨਾਂ ਲਈ ਖੁਦ ਸੰਘਰਸ਼ ਸ਼ੁਰੂ ਕਰਨਾ ਚਾਹੀਦਾ ਹੈ ਅਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਉਣ ਲਈ ਤੁਰੰਤ ਕੇਂਦਰ ਸਰਕਾਰ ਨਾਲ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ। ਸ੍ਰੀ ਢੀਂਡਸਾ ਨੇ ਇਥੇ ਗੱਲਬਾਤ ਦੌਰਾਨ ਕਿਹਾ ਕਿ ਜੇਕਰ ਪੰਜਾਬ ਕੈਬਨਿਟ ਦਿੱਲੀ ਜਾ ਕੇ ਆਵਾਜ਼ ਬੁਲੰਦ ਕਰਦੀ ਤਾਂ ਕੇਂਦਰ ਨੂੰ ਗੱਲਬਾਤ ਲਈ ਮਜਬੂਰ ਹੋਣਾ ਪੈਣਾ ਸੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਲੰਮੇ ਅਰਸੇ ਤੋਂ ਆਪਣੀ ਕਿਰਤ ਅਤੇ ਜ਼ਮੀਨ ਲਈ ਸੰਘਰਸ਼ ਕਰ ਰਹੇ ਕਿਸਾਨਾਂ ਦੀਆਂ ਮੰਗਾਂ ਤੁਰੰਤ ਪ੍ਰਵਾਨ ਕਰਨੀਆਂ ਚਾਹੀਦੀਆਂ ਹਨ ਅਤੇ ਮੰਨੀਆਂ ਮੰਗਾਂ ਤੁਰੰਤ ਲਾਗੂ ਕਰਨੀ ਚਾਹੀਦੀਆਂ ਹਨ। ਢੀਂਡਸਾ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਕੋਲ ਸਹੀ ਰਿਪੋਰਟ ਪੇਸ਼ ਕਰਕੇ ਦਬਾਅ ਬਣਾਉਣਾ ਚਾਹੀਦਾ ਹੈ। ਢੀਂਡਸਾ ਨੇ ਕਿਹਾ ਕਿ ਮਰਨ ਵਰਤ ਉੱਪਰ ਬੈਠੇ ਕਿਸਾਨ ਆਗੂ ਡੱਲੇਵਾਲ ਦੀ ਜਾਨ ਬਚਾਉਣੀ ਕਿਰਤੀ ਲੋਕਾਂ ਲਈ ਬੇਹੱਦ ਜ਼ਰੂਰੀ ਹੈ।

ਉਨ੍ਹਾਂ ਦੀ ਅਗਵਾਈ ਦੀ ਆਪਣੇ ਹੱਕਾਂ ਲਈ ਲੜ ਰਹੇ ਕਿਸਾਨਾਂ ਕਿਰਤੀਆਂ ਲਈ ਅਜੇ ਹੋਰ ਲੋੜ ਹੈ। ਢੀਂਡਸਾ ਨੇ ਕਿਹਾ ਕਿ ਸਰਕਾਰਾਂ ਨੂੰ ਸੰਭਵ ਉਪਰਾਲੇ ਕਰਨੇ ਚਾਹੀਦੇ ਹਨ ਪਰੰਤੂ ਸਿਤਮ ਦੀ ਗੱਲ ਹੈ ਕਿ ਪੰਜਾਬ ਸਰਕਾਰ ਪੱਲਾ ਝਾੜ ਕੇ ਸੁਰਖ਼ਰੂ ਹੋ ਗਈ ਲੱਗਦੀ ਹੈ ਅਤੇ ਕੇਂਦਰ ਸਰਕਾਰ ਤਵੱਜੋ ਨਹੀਂ ਦੇ ਰਹੀ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਸੰਘਰਸ਼ ਨੂੰ ਗਹਿਰਾਈ ਨਾਲ ਸਮਝਣ ਦੀ ਲੋੜ ਹੈ ਅਤੇ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਮਿਲ ਬੈਠ ਕੇ ਕਿਸਾਨਾਂ ਦੇ ਮਸਲੇ ਦਾ ਹੱਲ ਕਰਨਾ ਚਾਹੀਦਾ ਹੈ।

# ਗ੍ਰਿਫਤਾਰੀ ਤੋਂ ਬਚਾਉਣ ਦਾ ਭਰੋਸਾ ਦੇ ਕੇ ਠੱਗੇ 2 ਲੱਖ ਰੁਪਏ

**ਸਮਾਣਾ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ਾ ਤਸਕਰੀ ਦੇ ਇਕ ਮਾਮਲੇ 'ਚ ਜ਼ਮਾਨਤ ਹੋਣ ਮਗਰੋਂ ਪੁਲੀਸ ਜਾਂਚ ਵਿੱਚ ਸ਼ਾਮਲ ਹੋਣ ਦੌਰਾਨ ਕਿਸੇ ਹੋਰ ਮਾਮਲੇ ਵਿੱਚ ਭਗੌੜੇ ਵਿਅਕਤੀ ਨੂੰ ਗ੍ਰਿਫਤਾਰ ਨਾ ਹੋਣ ਦੇਣ ਦਾ ਭਰੋਸਾ ਦੇ ਕੇ ਦੋ ਲੱਖ ਰੁਪਏ ਠੱਗਣ ਦੇ ਦੋਸ਼ ਤਹਿਤ ਸਦਰ ਪੁਲੀਸ ਨੇ ਸੁਖਵਿੰਦਰ ਸਿੰਘ ਨਿਵਾਸੀ ਪਿੰਡ ਦਾਬਨਖੇੜੀ (ਗੁਹਲਾ-ਹਰਿਆਣਾ) ਹਾਲ ਅਬਾਦ ਚੀਕਾ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਸਦਰ ਪੁਲੀਸ ਮੁਖੀ ਅਵਤਾਰ ਸਿੰਘ ਨੇ ਦੱਸਿਆ ਕਿ ਪਰਮਜੀਤ ਕੌਰ ਨਿਵਾਸੀ ਪਿੰਡ ਮਰੋੜੀ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਉਸ ਦੇ ਪਤੀ ਅਮਰਜੀਤ ਸਿੰਘ ਦੀ ਐੱਨਡੀਪੀਐੱਸ ਮਾਮਲੇ 'ਚ ਜ਼ਮਾਨਤ ਹੋਣ ਉਪਰੰਤ ਸਦਰ ਪੁਲਸ ਵੱਲੋਂ ਉਸ ਨੂੰ ਮਾਮਲੇ ਦੀ ਜਾਂਚ ਲਈ ਬੁਲਾਇਆ ਗਿਆ ਸੀ ਪਰ ਉਹ ਇਕ ਹੋਰ ਮਾਮਲੇ ਵਿੱਚ ਭਗੌੜਾ ਐਲਾਨ ਹੋਣ ਕਾਰਨ ਆਪਣੀ ਗ੍ਰਿਫ਼ਤਾਰੀ ਦੇ ਡਰ ਤੋਂ ਪੁਲੀਸ ਜਾਂਚ ਵਿਚ ਸ਼ਾਮਲ ਹੋਣ ਤੋਂ ਕੰਨੀ ਕਤਰਾ ਰਿਹਾ ਸੀ। ਇਸੇ ਦੌਰਾਨ ਸੁਖਵਿੰਦਰ ਸਿੰਘ ਤੇ ਉਸ ਦੇ ਬੇਟੇ ਨਵਦੀਪ ਸਿੰਘ ਨੇ ਪੁਲੀਸ ਵਿੱਚ ਆਪਣੀ ਜਾਣ-ਪਛਾਣ ਦਾ ਹਵਾਲਾ ਦੇ ਕੇ ਉਸ ਨੂੰ ਪੁਲਸ ਜਾਂਚ ਦੌਰਾਨ ਗ੍ਰਿਫਤਾਰ ਨਾ ਹੋਣ ਦਾ ਭਰੋਸਾ ਦੇ ਕੇ 5 ਲੱਖ ਰੁਪਏ ਦੀ ਮੰਗ ਕੀਤੀ ਅਤੇ ਪਰਮਜੀਤ ਕੌਰ ਤੋਂ ਦੋ ਲੱਖ ਰੁਪਏ ਅਡਵਾਂਸ ਵਿਚ ਲੈ ਲਏ, ਪਰ ਬਾਅਦ ਵਿਚ ਬਹਾਨਾ ਬਣਾ ਕੇ ਟਾਲਣ ਲੱਗਾ। ਇਸੇ ਦੌਰਾਨ ਹਾਈ ਕੋਰਟ ਦੀ ਤਾਰੀਖ ਨੇੜੇ ਆਉਣ ਕਾਰਨ ਜਦੋਂ ਅਮਰਜੀਤ ਸਿੰਘ ਜਾਂਚ ਲਈ ਸਦਰ ਪੁਲੀਸ ਸਾਹਮਣੇ ਪੇਸ਼ ਹੋਇਆ ਤਾਂ ਭਗੌੜੇ ਮਾਮਲੇ ਵਿੱਚ ਰਾਜਸਥਾਨ ਪੁਲੀਸ ਨੇ ਅਮਰਜੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ।

# ਪੰਜਾਬ 'ਚ ਕਿਣ-ਮਿਣ ਨਾਲ ਠੰਢ ਨੇ ਜ਼ੋਰ ਫੜਿਆ

## ਸੂਬੇ ਵਿੱਚ ਦਿਨ ਸਮੇਂ ਤਾਪਮਾਨ 5.5 ਡਿਗਰੀ ਸੈਲਸੀਅਸ ਤੱਕ ਹੇਠਾਂ ਡਿੱਗਿਆ; ਅਬੋਹਰ ਰਿਹਾ ਸਭ ਤੋਂ ਠੰਢਾ

**ਚੰਡੀਗੜ੍ਹ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਲੰਘੀ ਰਾਤ ਪਈ ਸੰਘਣੀ ਧੁੰਦ ਤੋਂ ਬਾਅਦ ਅੱਜ ਤੜਕੇ ਹੋਈ ਕਿਣ-ਮਿਣ ਕਰ ਕੇ ਦਿਨ ਸਮੇਂ ਠੰਢ ਨੇ ਜ਼ੋਰ ਫੜ ਲਿਆ ਹੈ। ਇਸੇ ਕਰ ਕੇ ਅੱਜ ਸਾਰਾ ਦਿਨ ਲੋਕਾਂ ਨੂੰ ਕੰਬਣੀ ਛਿੜੀ ਰਹੀ ਹੈ। ਦਿਨ ਸਮੇਂ ਪੰਜਾਬ ਦਾ ਤਾਪਮਾਨ 5.5 ਡਿਗਰੀ ਸੈਲਸੀਅਸ ਤੱਕ ਹੇਠਾਂ ਡਿੱਗ ਗਿਆ। ਅੱਜ ਪੰਜਾਬ ਵਿੱਚ ਦਿਨ ਸਮੇਂ ਅੰਮ੍ਰਿਤਸਰ ਅਤੇ ਰਾਤ ਸਮੇਂ ਅਬੋਹਰ ਸ਼ਹਿਰ ਸਭ ਤੋਂ ਠੰਢੇ ਰਹੇ ਹਨ। ਅੰਮ੍ਰਿਤਸਰ ਵਿੱਚ ਦਿਨ ਸਮੇਂ ਤਾਪਮਾਨ 11.7 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ ਜੋ ਆਮ ਨਾਲੋਂ 5.5 ਡਿਗਰੀ ਸੈਲਸੀਅਸ ਘੱਟ ਸੀ।



ਇਸੇ ਤਰ੍ਹਾਂ ਰਾਤ ਸਮੇਂ ਅਬੋਹਰ ਵਿੱਚ ਤਾਪਮਾਨ 4.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਗਿਆਨੀਆਂ ਨੇ ਪੰਜਾਬ ਵਿੱਚ ਅਗਲੇ ਦੋ-ਤਿੰਨ ਦਿਨ ਇਸੇ ਤਰ੍ਹਾਂ ਕੜਾਕੇ ਦੀ ਠੰਢ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਇਸ ਦੇ ਨਾਲ ਹੀ ਮੌਸਮ ਵਿਗਿਆਨੀਆਂ ਨੇ 17 ਤੇ 18 ਜਨਵਰੀ ਲਈ ਓਰੇਂਜ ਅਲਰਟ ਅਤੇ 19 ਜਨਵਰੀ ਲਈ ਯੈਲੋ ਅਲਰਟ ਜਾਰੀ ਕੀਤਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਤੜਕੇ ਚੰਡੀਗੜ੍ਹ, ਪਟਿਆਲਾ, ਪਠਾਨਕੋਟ, ਨਵਾਂ ਸ਼ਹਿਰ, ਫ਼ਤਹਿਗੜ੍ਹ ਸਾਹਿਬ, ਫ਼ਿਰੋਜ਼ਪੁਰ ਤੇ ਰੂਪਨਗਰ ਸਣੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਹਲਕਾ ਮੀਂਹ ਪਿਆ ਹੈ। ਮੀਂਹ ਨਾਲ ਚੱਲੀਆਂ ਠੰਢੀਆਂ ਹਵਾਵਾਂ ਕਰ ਕੇ ਦਿਨ ਸਮੇਂ ਠੰਢ ਨੇ ਜ਼ੋਰ ਫੜ ਲਿਆ ਹੈ। ਮੀਂਹ ਅਤੇ ਸੀਤ ਲਹਿਰ ਚੱਲਣ ਕਰ ਕੇ ਸਾਰਾ ਦਿਨ ਜ਼ਿਆਦਾਤਰ ਇਲਾਕਿਆਂ ਵਿੱਚ ਲੋਕਾਂ ਨੂੰ ਕੰਬਣੀ ਛਿੜੀ ਰਹੀ ਹੈ। ਹਾਲਾਂਕਿ ਦੁਪਹਿਰ ਸਮੇਂ ਸੂਰਜ ਦਿਖਾਈ ਦਿੱਤਾ, ਪਰ ਸ਼ਾਮ ਹੁੰਦਿਆਂ ਹੀ ਮੁੜ ਤੋਂ ਠੰਢ ਦਾ ਕਹਿਰ ਸ਼ੁਰੂ ਹੋ ਗਿਆ ਹੈ।

ਮੌਸਮ ਵਿਭਾਗ ਅਨੁਸਾਰ ਅੱਜ ਚੰਡੀਗੜ੍ਹ ਵਿੱਚ ਘੱਟ ਤੋਂ ਘੱਟ ਤਾਪਮਾਨ 10.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਅੰਮ੍ਰਿਤਸਰ ਵਿੱਚ 7.2 ਡਿਗਰੀ ਸੈਲਸੀਅਸ, ਲੁਧਿਆਣਾ ਵਿੱਚ 7.8 ਡਿਗਰੀ ਸੈਲਸੀਅਸ, ਪਟਿਆਲਾ ਵਿੱਚ 9.2 ਡਿਗਰੀ ਸੈਲਸੀਅਸ, ਪਠਾਨਕੋਟ ਵਿੱਚ 6.5 ਡਿਗਰੀ ਸੈਲਸੀਅਸ, ਬਠਿੰਡਾ ਵਿੱਚ 5.6 ਡਿਗਰੀ ਸੈਲਸੀਅਸ, ਫ਼ਰੀਦਕੋਟ ਵਿੱਚ 6 ਡਿਗਰੀ ਸੈਲਸੀਅਸ, ਗੁਰਦਾਸਪੁਰ ਵਿੱਚ 5.7 ਡਿਗਰੀ ਸੈਲਸੀਅਸ, ਫ਼ਤਹਿਗੜ੍ਹ ਸਾਹਿਬ ਵਿੱਚ 8.6 ਡਿਗਰੀ ਸੈਲਸੀਅਸ, ਫ਼ਿਰੋਜ਼ਪੁਰ ਵਿੱਚ 6 ਡਿਗਰੀ ਸੈਲਸੀਅਸ, ਮੋਗਾ ਵਿੱਚ 8.5 ਡਿਗਰੀ ਸੈਲਸੀਅਸ, ਮੁਹਾਲੀ ਵਿੱਚ 10.3 ਡਿਗਰੀ ਸੈਲਸੀਅਸ, ਰੂਪਨਗਰ ਵਿੱਚ 7.9 ਡਿਗਰੀ ਸੈਲਸੀਅਸ ਅਤੇ ਸੰਗਰੂਰ ਵਿੱਚ 9.6 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ ਹੈ।

# ਟਿਪਰ ਅਤੇ ਮੋਟਰਸਾਈਕਲ ਦੀ ਟੱਕਰ 'ਚ ਮੋਟਰਸਾਈਕਲ ਸਵਾਰ ਗੰਭੀਰ ਜ਼ਖ਼ਮੀ

**ਸਮਾਣਾ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਚੀਕਾ ਸੜਕ 'ਤੇ ਪਿੰਡ ਘਿਉਰਾ ਨੇੜੇ ਟਿਪਰ ਅਤੇ ਮੋਟਰਸਾਈਕਲ ਦੀ ਟੱਕਰ 'ਚ ਮੋਟਰਸਾਈਕਲ ਸਵਾਰ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਇਥੇ ਡਾਕਟਰਾਂ ਨੇ ਉਸ ਦੀ ਗੰਭੀਰ ਹਾਲਤ ਨੂੰ ਵੇਖਦੇ ਹੋਏ ਪਟਿਆਲਾ ਰੈਫਰ ਕਰ ਦਿੱਤਾ ਹੈ। ਮਾਮਲੇ ਸੰਬਧੀ ਜਾਣਕਾਰੀ ਦਿੰਦੇ ਹੋਏ ਸਦਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਪ੍ਰਗਟ ਸਿੰਘ ਵੱਲੋਂ ਪੁਲੀਸ ਨੂੰ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਉਸਦਾ ਲੜਕਾ ਅਮਨਦੀਪ ਸਿੰਘ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਘਿਉਰਾ ਨੇੜੇ ਜਾ ਰਿਹਾ ਸੀ। ਇਸ ਦੌਰਾਨ ਆ ਰਹੇ ਇਕ ਟਿਪਰ ਨਾਲ ਟਕੱਰਾ ਗਿਆ, ਜਿਸ ਨਾਲ ਉਹ ਸੜਕ ਤੇ ਡਿੱਗ ਗੰਭੀਰ ਜਖ਼ਮੀ ਹੋ ਗਿਆ। ਅਧਿਕਾਰੀ ਅਨੁਸਾਰ ਪੁਲੀਸ ਨੇ ਟਿੱਪਰ ਦੇ ਅਣਪਛਾਤੇ ਚਾਲਕ ਖ਼ਿਲਾਫ਼ ਕੇਸ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਖੋ-ਖੋ ਮੁਕਾਬਿਲਆਂ 'ਚ ਤੀਜਾ ਸਥਾਨ ਮੱਲਿਆ



ਜੇਤੂ ਟੀਮ ਦੀਆਂ ਖਿਡਾਰਨਾਂ ਆਪਣੇ ਕੋਚਾਂ ਨਾਲ।

**ਸਮਾਣਾ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀਆਂ ਲੜਕੀਆਂ ਦੀ ਅੰਡਰ-14 ਖੋ-ਖੋ ਦੀ ਟੀਮ ਨੇ ਕੌਮੀ ਖੇਡਾਂ ਵਿੱਚ ਹਿੱਸਾ ਲੈ ਕੇ ਕਾਂਸੀ ਦਾ ਤਮਗਾ ਜਿੱਤਿਆ। ਇਸ ਜੇਤੂ ਟੀਮ 'ਚ 6 ਖਿਡਾਰਨਾਂ ਬਲਾਕ ਸਮਾਣਾ ਦੇ ਸਰਕਾਰੀ ਸਮਾਰਟ ਸਕੂਲ ਪਿੰਡ ਫਤਿਹਗੜ੍ਹ ਛੰਨਾਂ ਦੀਆਂ ਸਨ।

ਸਕੂਲ ਦੀ ਪ੍ਰਿੰਸੀਪਲ ਗੁਰਸ਼ਰਨ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਦੀਆਂ 6 ਖਿਡਾਰਨਾਂ ਦੀ ਨੇ ਪੰਜਾਬ ਦੀ ਟੀਮ ਵਿੱਚ ਕੌਮੀ ਪੱਧਰ 'ਤੇ ਖੇਡਾਂ ਦਾ ਚੰਗਾ ਪ੍ਰਦਰਸ਼ਨ ਕਰਦਿਆਂ ਤੀਜਾ ਸਥਾਨ ਹਾਸਿਲ ਕੀਤਾ।

ਉਨ੍ਹਾਂ ਕਿਹਾ ਕਿ ਕੋਚ ਅਤੇ ਲੈਕਚਰਾਰ ਸੁਖਵੰਤ ਸਿੰਘ ਦੀ ਮਿਹਨਤ ਨਾਲ ਸਕੂਲ 'ਚੋਂ ਚੰਗੇ ਖਿਡਾਰੀ ਨਿਕਲ ਰਹੇ ਹਨ।

ਇਸ ਮੌਕੇ ਦਲਜੀਤ ਸਿੰਘ, ਨਵਜੀਤ ਸਿੰਘ ਸੋਨੀ, ਅਮਰੀਕ ਸਿੰਘ, ਹਰਦੇਵ ਸਿੰਘ, ਕਰਨੈਲ ਸਿੰਘ, ਰਘਵੀਰ ਸਿੰਘ, ਰਣਜੀਤ ਸਿੰਘ, ਬੇਅੰਤ ਕੌਰ, ਰਮਨਦੀਪ ਕੌਰ, ਸੁਰਿੰਦਰ ਕੌਰ, ਕੋਮਲਦੀਪ ਕੌਰ ਤੋਂ ਹਾਜ਼ਰ ਸਨ।

# ਢਾਬੀ ਗੁੱਜਰਾਂ: ਮਰਨ ਵਰਤ 'ਤੇ ਬੈਠੇ ਕਿਸਾਨਾਂ ਦੇ ਸਖਤ ਸੁਰੱਖਿਆ ਪ੍ਰਬੰਧ; ਪੰਜ ਹਜ਼ਾਰ ਲੋਕਾਂ ਦੇ ਬੈਠਣ ਲਈ ਨਵੇਂ ਸ਼ੈੱਡ ਪਾਏ

**ਪਾਤੜਾਂ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਅਤੇ ਕਿਸਾਨ-ਮਜ਼ਦੂਰ ਮੋਰਚਾ ਦੀ ਅਗਵਾਈ ਹੇਠ ਢਾਬੀ ਗੁੱਜਰਾਂ ਬਾਰਡਰ 'ਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਸਣੇ ਮਰਨ ਵਰਤ 'ਤੇ ਬੈਠੇ 112 ਕਿਸਾਨਾਂ ਦੇ ਸੁਰੱਖਿਆ ਪ੍ਰਬੰਧ ਮਜ਼ਬੂਤ ਕੀਤੇ ਜਾ ਰਹੇ ਹਨ। ਮੋਰਚਾ ਪ੍ਰਬੰਧਕਾਂ ਵੱਲੋਂ ਮਰਨ ਵਰਤ 'ਤੇ ਬੈਠੇ ਕਿਸਾਨਾਂ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਹੋਰ ਰਿਸ਼ਤੇਦਾਰਾਂ ਲਈ ਠੰਢ ਅਤੇ ਮੀਂਹ ਤੋਂ ਬਚਾਅ ਲਈ ਨਵੇਂ ਸ਼ੈੱਡ ਪਾਉਣ ਦਾ ਕੰਮ ਜੰਗੀ ਪੱਧਰ 'ਤੇ ਸ਼ੁਰੂ ਕਰ ਦਿੱਤਾ ਗਿਆ ਹੈ। ਪ੍ਰਬੰਧਕਾਂ ਨੇ ਧਰਨੇ ਵਾਲੀ ਥਾਂ 'ਤੇ ਸਟੇਜ ਦੇ ਸਾਹਮਣੇ ਲੋਹੇ ਦਾ ਵੱਡਾ ਸ਼ੈੱਡ ਵੀ ਪਾਇਆ ਹੈ, ਜਿਸ ਵਿੱਚ ਪੰਜ ਹਜ਼ਾਰ ਲੋਕਾਂ 'ਤੇ ਬੈਠਣ ਦੀ ਸਮਰੱਥਾ ਹੈ। ਇਸ ਤੋਂ ਇਲਾਵਾ ਲੰਗਰ ਅਤੇ ਰਾਸ਼ਨ ਰੱਖਣ ਵਾਸਤੇ ਸ਼ੈੱਡ ਉਸਾਰੇ ਗਏ ਹਨ। ਹੁਣ ਜਿਵੇਂ-ਜਿਵੇਂ ਕਿਸਾਨਾਂ ਦਾ ਇਕੱਠ ਵੱਧਦਾ ਜਾ ਰਿਹਾ ਹੈ, ਉਸੇ ਤਰ੍ਹਾਂ ਉਨ੍ਹਾਂ ਦੇ ਰਹਿਣ ਦੇ ਵੱਡੀ ਪੱਧਰ 'ਤੇ ਪ੍ਰਬੰਧ ਕੀਤੇ ਜਾ ਰਹੇ ਹਨ। ਬੁੱਧਵਾਰ ਸਵੇਰ ਤੋਂ ਨੌਜਵਾਨ ਨਵੇਂ ਟੈਂਟ ਲਾਉਣ ਵਿੱਚ ਰੁੱਝੇ ਹੋਏ ਹਨ। ਸਧਾਰਨਪੁਰ ਵਾਸੀ ਗੁਰਜਿੰਦਰ ਸਿੰਘ, ਗੁਰਜੰਟ ਸਿੰਘ ਸਧਾਰਨਪੁਰ, ਜਸਵਿੰਦਰ ਸਿੰਘ, ਗੋਵਿੰਦਪ੍ਰੀਤ ਸਿੰਘ, ਦਵਿੰਦਰ ਸਿੰਘ, ਰਾਜੂ ਸਿੰਘ ਨੇ ਦੱਸਿਆ ਕਿ ਢਾਬੀ ਗੁੱਜਰਾਂ ਬਾਰਡਰ 'ਤੇ ਕਿਸਾਨਾਂ ਦੀ ਵੱਧਦੀ ਆਮਦ ਨੂੰ ਦੇਖ ਕੇ ਸ਼ੈੱਡ ਫਿੱਟ ਕੀਤਾ ਗਿਆ ਹੈ।ਉਨ੍ਹਾਂ ਕਿਸਾਨ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਜਿਨ੍ਹਾਂ ਕੋਲ ਵੀ ਦਿੱਲੀ ਮੋਰਚੇ ਦੌਰਾਨ ਤਿਆਰ ਕੀਤੇ ਗਏ ਸ਼ੈੱਡ ਪਏ ਹਨ ਉਹ ਤੁਰੰਤ ਉਕਤ ਬਾਰਡਰ 'ਤੇ ਪਹੁੰਚਦੇ ਕੀਤੇ ਜਾਣ। ਕਿਸਾਨ ਆਗੂ ਲਖਵਿੰਦਰ ਸਿੰਘ ਸਿਰਸਾ ਨੇ ਦੱਸਿਆ ਹੈ ਕਿ ਹਰਿਆਣਾ ਸਰਕਾਰ ਨੇ ਢਾਬੀ ਗੁੱਜਰਾਂ (ਖਨੌਰੀ) ਬਾਰਡਰ ਦੇ ਨਾਲ ਲੱਗਦੇ ਹਰਿਆਣਾ ਦੇ ਬਾਰਡਰ 'ਤੇ ਪੁਲੀਸ ਸੁਰੱਖਿਆ ਵਧਾ ਕੇ ਸਹਿਮ ਦਾ ਮਾਹੌਲ ਪੈਦਾ ਕੀਤਾ ਹੈ ਫਿਰ ਵੀ ਹਰਿਆਣਾ ਦੇ ਕਿਸਾਨ ਕੱਚੇ ਰਸਤਿਆਂ ਰਾਹੀਂ ਬਾਰਡਰ 'ਤੇ ਪਹੁੰਚ ਰਹੇ ਹਨ।



ਕਿਸਾਨ ਆਗੂ ਯਾਦਵਿੰਦਰ ਸਿੰਘ ਬੁਰੜ, ਗੁਰਦੀਪ ਸਿੰਘ ਚਹਿਲ ਹਰ ਭਗਵਾਨ ਸਿੰਘ ਭਾਨਾ ਨੇ ਦੱਸਿਆ ਹੈ ਕਿ ਮਰਨ ਵਰਤ 'ਤੇ ਬੈਠੇ ਕਿਸਾਨਾਂ ਦੇ ਦੁਆਲੇ ਟਰਾਲੀਆਂ ਨੂੰ ਵੈਲਡਿੰਗ ਕਰਕੇ ਸੁਰੱਖਿਆ ਘੇਰਾ ਮਜ਼ਬੂਤ ਕੀਤਾ ਜਾ ਰਿਹਾ ਹੈ ਤੇ ਰਾਤ ਨੂੰ ਸੈਂਕੜੇ ਨੌਜਵਾਨ ਪਹਿਰੇ ਤੇ ਮੁਸਤੈਦ ਰਹਿੰਦੇ ਹਨ। ਭਾਵੇਂ ਕਿ ਪ੍ਰਸ਼ਾਸਨਿਕ ਅਧਿਕਾਰੀ ਕੋਈ ਐਕਸ਼ਨ ਨਾ ਕਰਨ ਦਾ ਭਰੋਸਾ ਦੁਆ ਚੁੱਕੇ ਹਨ ਪਰ ਉਨ੍ਹਾਂ 'ਤੇ ਇਤਬਾਰ ਨਹੀਂ ਕੀਤਾ ਜਾ ਸਕਦਾ।

ਉਨ੍ਹਾਂ ਕਿਹਾ ਹੈ ਕਿ ਕਿਸਾਨ ਆਗੂ ਡੱਲੇਵਾਲ ਨੂੰ ਵੀ ਮਰਨ ਵਰਤ ਤਾਂ ਰੱਖਣਾ ਪਿਆ, ਕੇਂਦਰ ਸਰਕਾਰ ਕਿਸਾਨਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ, ਦੂਜੇ ਪਾਸੇ ਕਿਸਾਨ ਆਗੂ ਡੱਲੇਵਾਲ ਦੇ ਦ੍ਰਿੜਤਾ ਨੇ ਹਰ ਇੱਕ 'ਚ ਇਨ੍ਹਾਂ ਜ਼ਿਆਦਾ ਉਤਸ਼ਾਹ ਭਰ ਦਿੱਤਾ ਹੈ ਹੁਣ ਹਜ਼ਾਰਾਂ ਕਿਸਾਨ ਮਰਨ ਲਈ ਤਿਆਰ ਹਨ।

# ਹਿਮਾਚਲ ਪ੍ਰਦੇਸ਼ ਵਿੱਚ ਬਰਫ਼ਬਾਰੀ ਕਾਰਨ ਕੜਾਕੇ ਦੀ ਠੰਢ

**ਸ਼ਿਮਲਾ, 16 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿਮਾਚਲ ਪ੍ਰਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਸੀਤ ਲਹਿਰ ਜਾਰੀ ਹੈ ਅਤੇ ਸ਼ਿਮਲਾ ਸਣੇ ਉਚਾਈ ਵਾਲੇ ਇਲਾਕਿਆਂ ਤੇ ਕਬਾਇਲੀ ਇਲਾਕਿਆਂ ਵਿੱਚ ਹਲਕੀ ਤੋਂ ਦਰਮਿਆਨੀ ਬਰਫ਼ਬਾਰੀ ਹੋਣ ਨਾਲ ਹਾਲਾਤ ਹੋਰ ਖ਼ਰਾਬ ਹੋ ਗਏ ਹਨ। ਮੌਸਮ ਵਿਭਾਗ ਨੇ ਅੱਜ ਇਹ ਜਾਣਕਾਰੀ ਦਿੱਤੀ।

ਮੌਸਮ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਸੂਬੇ ਦੀ ਰਾਜਧਾਨੀ ਸ਼ਿਮਲਾ ਵਿੱਚ 1.6 ਸੈਂਟੀਮੀਟਰ ਬਰਫ਼ਬਾਰੀ ਦਰਜ ਕੀਤੀ ਗਈ। ਡਲਹੌਜ਼ੀ, ਮਨਾਲੀ ਅਤੇ ਸੋਲੰਗ ਨਾਲਾ ਤੇ ਅਟਲ ਸੁਰੰਗ ਦੇ ਆਸਪਾਸ ਦੇ ਇਲਾਕਿਆਂ ਵਿੱਚ ਵੀ ਅੱਜ ਬਰਫ਼ਬਾਰੀ ਹੋਈ। ਅਧਿਕਾਰੀਆਂ ਨੇ ਦੱਸਿਆ ਕਿ ਨਾਰਕੰਡਾ ਤੇ ਕੁਫਰੀ ਵਿੱਚ ਬਰਫ਼ਬਾਰੀ ਜਾਰੀ ਹੈ, ਜਿਸ ਕਰ ਕੇ ਨਾਰਕੰਡਾ ਨੇੜੇ ਕੌਮੀ ਸ਼ਾਹਰਾਹ ਨੰਬਰ-5 (ਪੁਰਾਣਾ ਹਿੰਦੁਸਤਾਨ ਤਿੱਬਤ ਮਾਰਗ) ਵਾਹਨਾਂ ਦੀ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ ਹੈ।

# ਸਾਈਬਰ ਸੁਰੱਖਿਆ ਢਾਂਚੇ ਦੀ ਮਜ਼ਬੂਤੀ ਲਈ ਸਕਿਉਰਿਟੀ ਆਪਰੇਸ਼ਨ ਸੈਂਟਰ ਸਥਾਪਤ ਕਰੇਗੀ ਪੰਜਾਬ ਸਰਕਾਰ: ਅਮਨ ਅਰੋੜਾ



**ਚੰਡੀਗੜ੍ਹ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੇ ਡਿਜੀਟਲ ਖੇਤਰ ਵਿੱਚ ਆਧੁਨਿਕ ਰੱਖਿਆ ਪ੍ਰਣਾਲੀਆਂ ਨੂੰ ਸ਼ਾਮਲ ਕਰਕੇ ਸੂਬੇ ਦੇ ਸਾਈਬਰ ਸੁਰੱਖਿਆ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਪੰਜਾਬ ਨੇ ਰਾਜ ਸਰਕਾਰ ਦੀਆਂ ਵੱਖ-ਵੱਖ ਐਪਲੀਕੇਸ਼ਨਾਂ ਅਤੇ ਵੈੱਬਸਾਈਟਾਂ ਸਮੇਤ ਆਈ.ਟੀ. ਢਾਂਚੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇੱਕ ਸਕਿਉਰਿਟੀ ਆਪਰੇਸ਼ਨ ਸੈਂਟਰ (ਐਸ.ਓ.ਸੀ.) ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਇਹ ਅਹਿਮ ਫੈਸਲਾ ਅੱਜ ਇਥੇ ਮੈਗਸੀਪਾ ਵਿਖੇ ਪ੍ਰਸ਼ਾਸਨਿਕ ਸੁਧਾਰ ਅਤੇ ਜਨਤਕ ਸ਼ਿਕਾਇਤਾਂ ਬਾਰੇ ਮੰਤਰੀ ਸ੍ਰੀ ਅਮਨ ਅਰੋੜਾ ਦੀ ਪ੍ਰਧਾਨਗੀ ਹੇਠ ਪੰਜਾਬ ਰਾਜ ਈ-ਗਵਰਨੈਂਸ ਸੋਸਾਇਟੀ ਦੇ ਬੋਰਡ ਆਫ਼ ਗਵਰਨਰਜ਼ ਦੀ ਹੋਈ 19ਵੀਂ ਮੀਟਿੰਗ ਵਿੱਚ ਲਿਆ ਗਿਆ।

ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ 42.07 ਕਰੋੜ ਰੁਪਏ ਦੀ ਲਾਗਤ ਨਾਲ ਸਥਾਪਿਤ ਕੀਤੇ ਜਾਣ ਵਾਲੇ ਐਸ.ਓ.ਸੀ. ਦੇ ਕਾਰਜਸ਼ੀਲ ਹੋਣ ਨਾਲ ਪੰਜਾਬ ਉੱਚ ਪੱਧਰੀ ਸਾਈਬਰ ਸੁਰੱਖਿਆ ਸਮਰੱਥਾਵਾਂ ਵਾਲੇ ਉੱਤਰੀ ਭਾਰਤ ਦੇ ਮੋਹਰੀ ਰਾਜਾਂ ਵਿੱਚੋਂ ਇੱਕ ਬਣ ਜਾਵੇਗਾ। ਉਨ੍ਹਾਂ ਕਿਹਾ ਕਿ ਡਿਜੀਟਲ ਯੁੱਗ ਵਿੱਚ ਸਾਈਬਰ ਖਤਰੇ ਵਧੇਰੇ ਅਤੇ ਵਿਆਪਕ ਹੁੰਦੇ ਜਾ ਰਹੇ ਹਨ, ਇਸ ਲਈ ਸੂਬੇ ਵਿੱਚ ਸਕਿਉਰਿਟੀ ਆਪਰੇਸ਼ਨ ਸੈਂਟਰ (ਐਸ.ਓ.ਸੀ.) ਸਥਾਪਤ ਕਰਨਾ ਸਮੇਂ ਦੀ ਲੋੜ ਬਣ ਚੁੱਕੀ ਹੈ। ਇਹ ਸਾਨੂੰ ਆਈ.ਟੀ. ਢਾਂਚੇ ਦੀ ਸੁਰੱਖਿਆ ਵਾਸਤੇ ਸਾਈਬਰ ਸੁਰੱਖਿਆ ਘਟਨਾਵਾਂ ਦੀ ਰੀਅਲ-ਟਾਈਮ ਮੌਨੀਟਰਿੰਗ, ਪਛਾਣ ਅਤੇ ਇਸ ਸਬੰਧੀ ਢੁਕਵੀਂ ਜਵਾਬੀ ਕਾਰਵਾਈ ਦੇ ਯੋਗ ਬਣਾਏਗਾ।

ਇਸ ਮੀਟਿੰਗ ਤੋਂ ਬਾਅਦ, ਪ੍ਰਸ਼ਾਸਨਿਕ ਸੁਧਾਰ ਮੰਤਰੀ ਨੇ ਸਾਰੇ ਡਿਪਟੀ ਕਮਿਸ਼ਨਰਾਂ ਨਾਲ ਵੀਡੀਓ ਕਾਨਫਰੰਸ ਰਾਹੀਂ ਮੀਟਿੰਗ ਕੀਤੀ, ਜਿਸ ਵਿੱਚ ਉਨ੍ਹਾਂ ਨੇ ਹੋਰ ਬਿਹਤਰ ਢੰਗ ਨਾਲ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਮੁੱਖ ਪ੍ਰਸ਼ਾਸਨਿਕ ਸੁਧਾਰਾਂ ਅਤੇ ਰਣਨੀਤੀਆਂ ਦਾ ਜਾਇਜ਼ਾ ਲਿਆ ਅਤੇ ਇਸ ਬਾਰੇ ਵਿਚਾਰਚਰਚਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 538 ਸੇਵਾ ਕੇਂਦਰ ਹਨ ਅਤੇ ਨਾਗਰਿਕਾਂ ਨੂੰ 438 ਸੇਵਾਵਾਂ ਨਿਰਵਿਘਨ ਅਤੇ ਸੁਚਾਰੂ ਢੰਗ ਨਾਲ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਸੂਬੇ ਨੇ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ ਦੇ ਲੰਬਿਤ ਮਾਮਲਿਆਂ ਨੂੰ 27 ਫੀਸਦ ਤੋਂ 0.17% ਫੀਸਦ ਤੋਂ ਵੀ ਘੱਟ ਕੀਤਾ ਗਿਆ ਹੈ। ਉਨ੍ਹਾਂ ਨੇ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ ਵਿੱਚ ਘੱਟ ਪੈਂਡੈਂਸੀ ਵਾਲੇ ਜ਼ਿਲ੍ਹਿਆਂ ਅੰਮ੍ਰਿਤਸਰ, ਜਲੰਧਰ ਅਤੇ ਪਠਾਨਕੋਟ ਦੇ ਡਿਪਟੀ ਕਮਿਸ਼ਨਰਾਂ ਦੀ ਸ਼ਲਾਘਾ ਵੀ ਕੀਤੀ ਅਤੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਜ਼ਿਲ੍ਹਾ ਪੱਧਰ 'ਤੇ ਬਕਾਇਆ ਕੇਸਾਂ ਦੀ ਨਿਯਮਤ ਨਿਗਰਾਨੀ ਅਤੇ ਸਮੀਖਿਆ ਨੂੰ ਯਕੀਨੀ ਬਣਾਉਣ ਲਈ ਕਿਹਾ ਤਾਂ ਜੋ ਇਸ ਕਾਰਜ ਵਿੱਚ ਆ ਰਹੀਆਂ ਮੁਸ਼ਕਿਲਾਂ/ਰੁਕਾਵਟਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਦੂਰ ਕੀਤਾ ਜਾ ਸਕੇ। ਸ੍ਰੀ ਅਮਨ ਅਰੋੜਾ ਨੇ ਲੰਬਿਤ ਅਰਜ਼ੀਆਂ 'ਤੇ ਸਪੱਸ਼ਟ ਇਤਰਾਜ਼/ਟਿੱਪਣੀ ਦੇਣ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਕਿ ਉਹ ਬਿਨਾਂ ਕਿਸੇ ਠੋਸ ਕਾਰਨ ਅਤੇ ਬੇਲੋੜੇ ਇਤਰਾਜ਼ ਲਗਾ ਕੇ ਅਰਜ਼ੀਆਂ ਵਾਪਸ ਭੇਜਣ ਦੇ ਆਦੀ ਕਰਮਚਾਰੀਆਂ ਤੇ ਅਧਿਕਾਰੀਆਂ ਦੀ ਪਛਾਣ ਕਰਕੇ ਉਨ੍ਹਾਂ ਦੀ ਖਿਚਾਈ ਕਰਨ ਅਤੇ ਇਸ ਸਬੰਧੀ ਸਖਤ ਨਿਰਦੇਸ਼ ਜਾਰੀ ਕਰਨ। ਸਰਪੰਚਾਂ, ਨੰਬਰਦਾਰਾਂ ਅਤੇ ਨਗਰ ਕੌਂਸਲਰਾਂ (ਐਮ.ਸੀ.) ਦੁਆਰਾ ਅਰਜ਼ੀਆਂ ਦੀ ਔਨਲਾਈਨ ਤਸਦੀਕ ਦੇ ਮਹੱਤਵਪੂਰਨ ਪ੍ਰਾਜੈਕਟ ਦਾ ਜਾਇਜ਼ਾ ਲੈਂਦਿਆਂ ਸ੍ਰੀ ਅਮਨ ਅਰੋੜਾ ਨੇ ਡਿਪਟੀ ਕਮਿਸ਼ਨਰਾਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਕਿ ਸਾਰੇ ਸਰਪੰਚਾਂ/ਨੰਬਰਦਾਰਾਂ ਅਤੇ ਨਗਰ ਕੌਂਸਲਰਾਂ ਨੂੰ ਇਸ ਮਹੀਨੇ ਦੇ ਅੰਦਰ-ਅੰਦਰ ਈ-ਸੇਵਾ ਪੋਰਟਲ 'ਤੇ ਸ਼ਾਮਲ ਕਰਨ ਤਾਂ ਜੋ ਨਾਗਰਿਕਾਂ ਨੂੰ ਦਸਤਾਵੇਜ਼ ਤਸਦੀਕ ਲਈ ਵਾਰ-ਵਾਰ ਗੇੜੇ ਨਾ ਲਾਉਣੇ ਪੈਣ। ਇਹ ਆਦੇਸ਼ ਵੀ ਦਿੱਤੇ ਗਏ ਕਿ 1 ਫਰਵਰੀ 2025 ਤੋਂ ਸਰਪੰਚਾਂ/ਨੰਬਰਦਾਰਾਂ ਅਤੇ ਨਗਰ ਕੌਂਸਲਰਾਂ ਜ਼ਰੀਏ ਦਸਤਾਵੇਜ਼ਾਂ ਦੀ ਆਫਲਾਈਨ ਤਸਦੀਕ ਬੰਦ ਕਰ ਦਿੱਤੀ ਜਾਵੇਗੀ ਅਤੇ ਸਿਰਫ਼ ਔਨਲਾਈਨ ਤਸਦੀਕ ਹੀ ਸਵੀਕਾਰਯੋਗ ਹੋਵੇਗੀ। ਪ੍ਰਸ਼ਾਸਨਿਕ ਸੁਧਾਰ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਵਿਕਾਸ ਪ੍ਰਤਾਪ ਨੇ ਕੈਬਨਿਟ ਮੰਤਰੀ ਨੂੰ ਭਰੋਸਾ ਦਿੱਤਾ ਕਿ ਵਿਭਾਗ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ ਵਿੱਚ ਪਾਰਦਰਸ਼ਤਾ ਅਤੇ ਕੁਸ਼ਲਤਾ ਨੂੰ ਯਕੀਨੀ ਬਣਾਉਂਦਿਆਂ ਆਮ ਜਨਤਾ ਨੂੰ ਪਾਰਦਰਸ਼ੀ ਅਤੇ ਸੁਚਾਰੂ ਢੰਗ ਨਾਲ ਨਿਰਵਿਘਨ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ।

# ਭਾਖੜਾ-ਬਿਆਸ ਮੁਲਾਜ਼ਮ ਯੂਨੀਅਨ ਦੀ ਲੜੀਵਾਰ ਭੁੱਖ ਹੜਤਾਲ 9ਵੇਂ ਦਿਨ 'ਚ ਦਾਖ਼ਲ

**ਚੰਡੀਗੜ੍ਹ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਖੜਾ-ਬਿਆਸ ਕਰਮਚਾਰੀ ਯੂਨੀਅਨ ਏਟਕ-ਏਐਫਆਈ ਵੱਲੋਂ ਬੀਬੀਐਮਬੀ ਹੈੱਡਕੁਆਰਟਰ ਸੈਕਟਰ 19-ਬੀ ਵਿਖੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲੈ ਕੇ ਚੱਲ ਰਹੀ ਭੁੱਖ ਹੜਤਾਲ ਅੱਜ 9ਵੇਂ ਦਿਨ ਵਿੱਚ ਦਾਖ਼ਲ ਹੋ ਗਈ।

ਯੂਨੀਅਨ ਸ਼ਾਖਾ ਨੰਗਲ ਤੋਂ ਹਰਵੰਤ ਸਿੰਘ, ਸੁਸ਼ੀਲ ਕੁਮਾਰ ਅਤੇ ਰੂਪਲਾਲ ਤਲਵਾੜਾ ਭੁੱਖ ਹੜਤਾਲ 'ਤੇ ਬੈਠੇ। ਉਸ ਨੇ ਸੁੰਦਰਨਗਰ ਦੇ ਆਪਣੇ ਦੋਸਤਾਂ ਨੂੰ ਜੂਸ ਪਿਲਾ ਕੇ ਜਗਾਇਆ ਅਤੇ ਉਨ੍ਹਾਂ ਨੂੰ ਹਾਰ ਪਾ ਕੇ ਅਗਲੇ 24 ਘੰਟਿਆਂ ਲਈ ਭੁੱਖ ਹੜਤਾਲ 'ਤੇ ਬੈਠਾ ਦਿੱਤਾ ਅਤੇ ਕਿਹਾ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਉਪ ਜਨਰਲ ਸਕੱਤਰ ਰੂਪਲਾਲ ਧੀਮਾਨ ਸਮੇਤ ਸ਼ਾਖਾ ਨੰਗਲ ਅਤੇ ਸੁੰਦਰਨਗਰ ਅਤੇ ਹੋਰ ਸਾਥੀ ਵੀ ਹਾਜ਼ਰ ਸਨ।

ਯੂਨੀਅਨ ਦੇ ਪ੍ਰਧਾਨ ਅਸ਼ੋਕ ਕੁਮਾਰ ਸ਼ਰਮਾ ਨੇ ਕਿਹਾ ਕਿ ਬੋਰਡ ਪ੍ਰਧਾਨ ਵੱਲੋਂ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਅਤੇ ਸਮੱਸਿਆਵਾਂ ਦਾ ਪੱਕਾ ਹੱਲ ਨਾ ਕੀਤੇ ਜਾਣ ਕਾਰਨ ਯੂਨੀਅਨ ਇਸ ਕੜਾਕੇ ਦੀ ਠੰਢ ਵਿੱਚ ਭੁੱਖ ਹੜਤਾਲ ਕਰਨ ਲਈ ਮਜਬੂਰ ਹੈ। ਕਾਮਰੇਡ ਕਾਬਲ ਸਿੰਘ ਨੇ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਬੀਬੀਐਮਬੀ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਮੁਲਾਜ਼ਮਾਂ ਦੀਆਂ ਮੰਗਾਂ ਦਾ ਜਲਦੀ ਹੱਲ ਨਾ ਕੀਤਾ ਗਿਆ ਤਾਂ ਉਹ 20 ਦਿਨਾਂ ਦੀ ਭੁੱਖ ਹੜਤਾਲ ਤੋਂ ਬਾਅਦ ਮਰਨ ਵਰਤ 'ਤੇ ਬੈਠਣ ਲਈ ਮਜਬੂਰ ਹੋਣਗੇ ਜਿਸ ਦੀ ਸਾਰੀ ਜ਼ਿੰਮੇਵਾਰੀ ਸ. ਬੋਰਡ ਦੇ ਚੇਅਰਮੈਨ 'ਤੇ ਵੀ ਅਜਿਹਾ ਹੀ ਹੋਵੇਗਾ।



# ਗਣਤੰਤਰ ਦਿਵਸ ਦੇ ਮੱਦੇਨਜ਼ਰ ਪੰਜਾਬ ਪੁਲਿਸ ਨੇ ਸੂਬੇ ਭਰ ਦੇ 169 ਰੇਲਵੇ ਸਟੇਸ਼ਨਾਂ 'ਤੇ ਚਲਾਈ ਤਲਾਸ਼ੀ ਮੁਹਿੰਮ; 173 ਸ਼ੱਕੀ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ

**ਚੰਡੀਗੜ੍ਹ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗਣਤੰਤਰ ਦਿਵਸ-2025 ਤੋਂ ਪਹਿਲਾਂ ਪੁਖਤਾ ਸੁਰੱਖਿਆ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਦੇ ਮੱਦੇਨਜ਼ਰ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਦੇ ਸਾਰੇ ਰੇਲਵੇ ਸਟੇਸ਼ਨਾਂ ਅਤੇ ਇਸਦੇ ਆਲੇ-ਦੁਆਲੇ ਵਿਸ਼ੇਸ਼ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਚਲਾਈ।

ਇਹ ਮੁਹਿੰਮ ਡਾਇਰੈਕਟਰ ਜਨਰਲ ਆਫ਼ ਪੁਲਿਸ ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ ਹੇਠ ਦੁਪਹਿਰ 1 ਵਜੇ ਤੋਂ 3 ਵਜੇ ਤੱਕ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਈ ਗਈ, ਜਿਸ ਤਹਿਤ ਪੁਲਿਸ ਟੀਮਾਂ ਨੇ ਸਨਿਫਰ ਕੁੱਤਿਆਂ ਦੀ ਸਹਾਇਤਾ ਨਾਲ ਰੇਲਵੇ ਸਟੇਸ਼ਨਾਂ 'ਤੇ ਆਉਣ-ਜਾਣ ਵਾਲੇ ਵਿਅਕਤੀਆਂ ਦੀ ਤਲਾਸ਼ੀ ਕੀਤੀ।

ਇਸ ਸੂਬਾ ਪੱਧਰੀ ਮੁਹਿੰਮ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰ ਰਹੇ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਕਾਨੂੰਨ ਅਤੇ ਵਿਵਸਥਾ) ਅਰਪਿਤ ਸ਼ੁਕਲਾ ਨੇ ਕਿਹਾ ਕਿ ਸਾਰੇ ਸੀਪੀਜ਼/ਐਸਐਸਪੀਜ਼ ਨੂੰ ਇਸ ਆਪ੍ਰੇਸ਼ਨ ਤਹਿਤ ਗਜ਼ਟਿਡ ਰੈਂਕ ਦੇ ਅਧਿਕਾਰੀਆਂ ਦੀ ਨਿਗਰਾਨੀ ਲਈ ਹਰੇਕ ਰੇਲਵੇ ਸਟੇਸ਼ਨ 'ਤੇ ਘੱਟੋ-ਘੱਟ ਦੋ ਪੁਲਿਸ ਟੀਮਾਂ ਤਾਇਨਾਤ ਕਰਨ ਲਈ ਨਿਰਦੇਸ਼ ਦਿੱਤੇ ਗਏ ਸਨ। ਉਨ੍ਹਾਂ ਕਿਹਾ ਕਿ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਮੁਲਾਜ਼ਮਾਂ ਨੂੰ ਹਰੇਕ ਵਿਅਕਤੀ ਨਾਲ ਨਿਮਰਤਾ ਨਾਲ ਪੇਸ਼ ਆਉਣ ਲਈ ਵੀ ਕਿਹਾ ਗਿਆ ਸੀ।

ਉਨ੍ਹਾਂ ਕਿਹਾ ਕਿ ਸੂਬੇ ਭਰ ਵਿੱਚ ਲਗਭਗ 250 ਪੁਲਿਸ ਪਾਰਟੀਆਂ, ਜਿਨ੍ਹਾਂ ਵਿੱਚ 2300 ਤੋਂ ਵੱਧ ਪੁਲਿਸ ਕਰਮਚਾਰੀ ਸ਼ਾਮਲ ਸਨ, ਨੂੰ ਸੂਬੇ ਦੇ ਵੱਖੋ-ਵੱਖ ਰੇਲਵੇ ਸਟੇਸ਼ਨਾਂ 'ਤੇ ਸ਼ੱਕੀ ਵਿਅਕਤੀਆਂ ਦੀ ਭਾਲ ਲਈ ਤਾਇਨਾਤ ਕੀਤਾ ਗਿਆ ਸੀ, ਤਾਂ ਜੋ ਆਮ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਦਰਪੇਸ਼ ਨਾ ਆਵੇ।

ਉਨ੍ਹਾਂ ਅੱਗੇ ਕਿਹਾ ਕਿ ਸੂਬੇ ਦੇ 169 ਰੇਲਵੇ ਸਟੇਸ਼ਨਾਂ 'ਤੇ ਚਲਾਏ ਗਏ ਇਸ ਆਪ੍ਰੇਸ਼ਨ ਦੌਰਾਨ 3299 ਵਿਅਕਤੀਆਂ ਦੀ ਤਲਾਸ਼ੀ ਲਈ ਗਈ, ਜਦੋਂ ਕਿ 173 ਸ਼ੱਕੀ ਵਿਅਕਤੀਆਂ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਗਿਆ।ਵਿਸ਼ੇਸ਼ ਡੀਜੀਪੀ ਨੇ ਕਿਹਾ ਕਿ ਇਸ ਤੋਂ ਇਲਾਵਾ ਪੁਲਿਸ ਟੀਮਾਂ ਨੂੰ ਵਾਹਨ ਐਪ ਦੀ ਵਰਤੋਂ ਕਰਕੇ ਰੇਲਵੇ ਸਟੇਸ਼ਨਾਂ ਦੇ ਆਲੇ-ਦੁਆਲੇ ਖੜ੍ਹੇ ਸਾਰੇ ਵਾਹਨਾਂ ਦੀ ਚੈਕਿੰਗ ਕਰਨ ਲਈ ਵੀ ਕਿਹਾ ਗਿਆ। ਉਹਨਾਂ ਅੱਗੇ ਕਿਹਾ ਕਿ ਪੁਲਿਸ ਟੀਮਾਂ ਨੇ ਰੇਲਵੇ ਸਟੇਸ਼ਨਾਂ ਦੇ ਆਲੇ-ਦੁਆਲੇ ਵੱਖ-ਵੱਖ ਪਾਰਕਿੰਗਾਂ 'ਚ ਖੜ੍ਹੇ 2593 ਵਾਹਨਾਂ ਦੀ ਜਾਂਚ ਕੀਤੀ, ਜਿਨ੍ਹਾਂ ਵਿੱਚੋਂ 246 ਵਾਹਨਾਂ ਦੇ ਟ੍ਰੈਫਿਕ ਚਲਾਨ ਜਾਰੀ ਕੀਤੇ ਗਏ ਅਤੇ 18 ਵਾਹਨਾਂ ਨੂੰ ਜ਼ਬਤ ਕੀਤਾ ਗਿਆ।



# ਟਮਾਟਰ ਦੀਆਂ ਬਿਮਾਰੀਆਂ ਦੀ ਰੋਕਥਾਮ ਸਬੰਧੀ ਕੇਵੀਕੇ ਨੇ ਕਿਸਾਨਾਂ ਨੂੰ ਦਿੱਤੀ ਜਾਣਕਾਰੀ




**ਪਟਿਆਲਾ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਵੱਲੋਂ ਪਿੰਡ ਅਸਰਪੁਰ ਵਿਖੇ ਟਮਾਟਰ ਦੀ ਫ਼ਸਲ ਦੀਆਂ ਬਿਮਾਰੀਆਂ ਦੀ ਰੋਕਥਾਮ ਦੀਆਂ ਤਕਨੀਕਾਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਦੇਣ ਲਈ ਖੇਤ ਦਿਵਸ ਮਨਾਇਆ ਗਿਆ। ਇਸ ਖੇਤ ਦਿਵਸ ਵਿਚ ਪਿੰਡ ਅਸਰਪੁਰ, ਜੋਗੀਪੁਰ, ਫਤਿਹਪੁਰ, ਕਰਤਾਰਪੁਰ ਅਤੇ ਪੂਨੀਆ ਦੇ ਤਕਰੀਬਨ 80 ਕਿਸਾਨਾਂ ਵੱਲੋਂ ਸ਼ਿਰਕਤ ਕੀਤੀ ਗਈ। ਪ੍ਰੋਗਰਾਮ ਦੌਰਾਨ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਵਿਗਿਆਨੀਆਂ ਦੇ ਨਾਲ-ਨਾਲ ਪੀ.ਏ.ਯੂ., ਲੁਧਿਆਣਾ ਦੇ ਸਬਜ਼ੀ ਵਿਭਾਗ ਅਤੇ ਪੌਦਾ ਰੋਗ ਵਿਭਾਗ ਦੇ ਵਿਗਿਆਨੀਆਂ ਨੇ ਉਚੇਚੇ ਤੌਰ ਤੇ ਭਾਗ ਲਿਆ।

ਇਸ ਮੌਕੇ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਡਿਪਟੀ ਡਾਇਰੈਕਟਰ (ਸਿਖਲਾਈ) ਡਾ. ਹਰਦੀਪ ਸਿੰਘ ਸਭਿਖੀ ਨੇ ਆਏ ਹੋਏ ਕਿਸਾਨਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਕੇ.ਵੀ.ਕੇ. ਦੀਆਂ ਵੱਖ-ਵੱਖ ਗਤੀਵਿਧੀਆਂ ਜਿਵੇਂ ਕਿ ਕਿੱਤਾ-ਮੁਖੀ ਸਿਖਲਾਈ ਪ੍ਰੋਗਰਾਮ ਅਤੇ ਕਿਸਾਨ ਮੇਲਿਆਂ ਆਦਿ ਬਾਰੇ ਜਾਣਕਾਰੀ ਦਿੱਤੀ। ਪੀ.ਏ.ਯੂ. ਤੋਂ ਆਏ ਪ੍ਰਿੰਸੀਪਲ ਸਬਜ਼ੀ ਬਰੀਡਰ ਡਾ. ਸ਼ੈਲੇਸ਼ ਜਿੰਦਲ ਨੇ ਕਿਸਾਨਾਂ ਨੂੰ ਪੀ.ਏ.ਯੂ. ਵੱਲੋਂ ਵਿਕਸਿਤ ਕੀਤੀਆਂ ਟਮਾਟਰ ਦੀਆਂ ਸੁਧਰੀਆਂ ਕਿਸਮਾਂ ਨੂੰ ਅਪਣਾਉਣ ਦਾ ਸੱਦਾ ਦਿੱਤਾ ਅਤੇ ਟਮਾਟਰ ਦੀ ਫ਼ਸਲ ਦੇ ਉਤਪਾਦਨ ਦੀਆਂ ਵਿਗਿਆਨਕ ਸਿਫ਼ਾਰਸ਼ਾਂ ਬਾਰੇ ਜਾਣਕਾਰੀ ਦਿੱਤੀ।

ਇਸੇ ਤਰ੍ਹਾਂ ਡਾ. ਸੰਦੀਪ ਜੈਨ ਨੇ ਟਮਾਟਰ ਦੀ ਫ਼ਸਲ ਨੂੰ ਪੈਣ ਵਾਲੀ ਗੰਭੀਰ ਬਿਮਾਰੀ ਪਿਛੇਤੇ ਝੁਲਸ ਰੋਗ ਤੋਂ ਬਚਣ ਲਈ ਸਰਵਪੱਖੀ ਰੋਕਥਾਮ ਦੇ ਉਪਰਾਲੇ ਅਪਣਾਉਣ ਲਈ ਪ੍ਰੇਰਿਤ ਕੀਤਾ। ਪ੍ਰੋਫੈਸਰ ਡਾ. ਗੁਰਉਪਦੇਸ਼ ਕੌਰ ਨੇ ਪੌਸ਼ਟਿਕ ਖ਼ੁਰਾਕ ਪ੍ਰਬੰਧ ਬਾਰੇ ਜਾਣਕਾਰੀ ਦਿੱਤੀ। ਇਸ ਪ੍ਰੋਗਰਾਮ ਵਿਚ ਡਾ. ਰਚਨਾ ਸਿੰਗਲਾ, ਪ੍ਰੋਫੈਸਰ (ਬਾਗਬਾਨੀ) ਨੇ ਟਮਾਟਰ ਦੀ ਸਿਹਤਮੰਦ ਨਰਸਰੀ ਤਿਆਰ ਕਰਨ ਦੇ ਨੁਕਤੇ ਸਾਂਝੇ ਕੀਤੇ। ਇਸ ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਡਾ. ਗੁਰਪ੍ਰੀਤ ਸਿੰਘ ਸਿੱਧੂ, ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ) ਨੇ ਕਿਸਾਨਾਂ ਨੂੰ ਹਾੜ੍ਹੀ ਦੀਆਂ ਫ਼ਸਲਾਂ ਦੀ ਸੁਚੱਜੀ ਕਾਸ਼ਤ ਦੇ ਨੁਕਤਿਆਂ ਬਾਰੇ ਜਾਗਰੂਕ ਕਰਵਾਇਆ।

ਇਸ ਪ੍ਰੋਗਰਾਮ ਵਿਚ ਅਸਰਪੁਰ ਅਤੇ ਨਾਲ ਦੇ ਪਿੰਡਾਂ ਤੋਂ ਆਏ ਅਗਾਂਹਵਧੂ ਕਿਸਾਨਾਂ ਗੁਰਮੀਤ ਸਿੰਘ, ਬਰਿੰਦਰ ਸਿੰਘ, ਜਸਵਿੰਦਰ ਸਿੰਘ ਆਦਿ ਨੇ ਟਮਾਟਰ ਦੀ ਫ਼ਸਲ ਦੇ ਉਤਪਾਦਨ ਸਬੰਧੀ ਦਰਪੇਸ਼ ਮੁਸ਼ਕਲਾਂ ਬਾਰੇ ਵਿਗਿਆਨੀਆਂ ਨੂੰ ਜਾਣੂ ਕਰਵਾਇਆ ਅਤੇ ਉਨ੍ਹਾਂ ਦੇ ਹੱਲ ਜਾਣੇ। ਪਿੰਡ ਦੇ ਕਿਸਾਨਾਂ ਨੇ ਵਿਗਿਆਨੀਆਂ ਦੀ ਟੀਮ ਦਾ ਇਸ ਪ੍ਰੋਗਰਾਮ ਦਾ ਆਯੋਜਨ ਕਰਨ ਲਈ ਧੰਨਵਾਦ ਕੀਤਾ।

# ਪਰਿਵਾਰ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਕੱਪੜੇ ਦੇ ਥੈਲੇ ਜਾਂ ਜੁਟ ਦੇ ਥੈਲੇ ਦੀ ਵਰਤੋਂ ਕਰੋ : ਸੁਖਵਿੰਦਰ ਸਿੰਘ



**ਪਟਿਆਲਾ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ੋਸ਼ਲ ਵੈਲਫੇਅਰ ਸੁਸਾਇਟੀ ਹਮੇਸ਼ਾਂ ਹੀ ਸਿੰਗਲ ਵਰਤੋਂ ਵਾਲੇ ਲਿਫਾਫੇ ਨਾ ਵਰਤਣ ਲਈ ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਦੇ ਨਾਲ ਲੋਕਾਂ ਨੂੰ ਹਮੇਸ਼ਾ ਜਾਗਰੂਗ ਕਰ ਰਹੀ ਹੈ। ਇਸ ਦੇ ਨਾਲ ਹੀ ਚਾਇਨਾ ਡੋਰ ਨੂੰ ਬੰਦ ਕਰਨ ਵਾਸਤੇ ਹੀ ਜਾਗਰੁਕ ਕੀਤਾ ਜਾ ਰਿਹਾ ਹੈ। ਇਹ ਕਈ ਵਾਰੀ ਇਹ ਡੋਰ ਜਾਨਲੇਵਾ ਸਾਬਤ ਹੁੰਦੀ ਹੈ। ਆਪਣੇ ਪਰਿਵਾਰ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਕੱਪੜੇ ਦੇ ਥੈਲੇ ਜਾਂ ਜੁਟ ਦੇ ਥੈਲੇ ਦੀ ਵਰਤੋਂ ਕਰੋ। ਜਿਸ ਦਾ ਲਾਭ ਆਪਣੇ ਆਪ ਨੂੰ ਹੈ। ਇਹ ਵਿਚਾਰ ਪ੍ਰੋਫੈਸਰ ਡਾਕਟਰ ਸੁਖਵਿੰਦਰ ਸਿੰਘ ਪ੍ਰਿੰਸੀਪਲ ਸਰਕਾਰੀ ਮਹਿੰਦਰਾ ਕਾਲਜ ਨੇ ਬੱਚਿਆ ਨੂੰ ਅਪੀਲ ਕਰਦੇ ਹੋਏ ਕਹੇ। ਪਲਾਸਟਿਕ ਦੀ ਵਰਤੋ ਨਾਲ ਹੜਾਂ ਨੂੰ ਲਿਆਉਣ ਵਿੱਚ ਸਹਾਈ ਹੁੰਦੇ ਹਨ ਅਤੇ ਪ੍ਰਦੂਸ਼ਨ ਨੂੰ ਵੀ ਖਤਰਾ ਪੈਦਾ ਹੁੰਦਾ ਹੈ। ਪ੍ਰਦੂਸ਼ਨ ਖਤਮ ਹੋਵੇਗਾ ਤਾਂ ਅਸੀਂ ਸਿਹਤਮੰਦ ਰਹਿ ਸਕਦੇ ਹਾਂ। ਇਸ ਅਵਸਰ ਤੇ ਵਿਜੇਂ ਕੁਮਾਰ ਗੋਇਲ ਪ੍ਰਧਾਨ ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਐਸੋਸੀਏਟ ਪ੍ਰੋਫੈਸਰ ਡਾ. ਅਮ੍ਰਿਤ ਸਮਰਾ ਅਤੇ ਐਸੋਸੀਏਟ ਪ੍ਰੋਫੈਸਰ ਸਵਿੰਦਰ ਸਿੰਘ ਰੇਖੀ ਵੀ ਹਾਜਰ ਸਨ।

# ਤਹਿਸੀਲਦਾਰ ਦੇ ਨਾਮ 'ਤੇ ਦੂਜੀ ਕਿਸ਼ਤ ਵਜੋਂ 5,000 ਰੁਪਏ ਰਿਸ਼ਵਤ ਲੈਂਦਾ ਵਸੀਕਾ ਨਵੀਸ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਕਾਬੂ

**ਚੰਡੀਗੜ੍ਹ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਤਹਿਸੀਲ ਕੰਪਲੈਕਸ ਫ਼ਰੀਦਕੋਟ ਵਿਖੇ ਕੰਮ ਕਰਦਾ ਵਸੀਕਾ ਨਵੀਸ ਡਿਪਟੀ ਸਿੰਘ ਨੂੰ ਤਹਿਸੀਲਦਾਰ ਦੇ ਨਾਮ 'ਤੇ ਦੂਜੀ ਕਿਸ਼ਤ ਵਜੋਂ 5000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ।

ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਪਰਮਜੀਤ ਸਿੰਘ ਵਾਸੀ ਪਿੰਡ ਟਹਿਣਾ, ਜ਼ਿਲ੍ਹਾ ਫ਼ਰੀਦਕੋਟ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਉਨ੍ਹਾਂ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਸਨੇ ਆਪਣੀ ਮਾਂ ਦੇ ਨਾਮ 'ਤੇ ਪਿੰਡ ਟਹਿਣਾ ਵਿਖੇ ਜ਼ਮੀਨ ਖ਼ਰੀਦੀ ਹੈ ਅਤੇ ਇਸ ਜ਼ਮੀਨ ਦੀ ਰਜਿਸਟਰੀ ਕਰਵਾਉਣ ਲਈ ਲੋੜੀਂਦੇ ਦਸਤਾਵੇਜ਼ਾਂ ਲਿਖਵਾਉਣ ਲਈ ਉਹ ਉਕਤ ਜਾਣਕਾਰ ਵਸੀਕਾ ਨਵੀਸ ਨੂੰ ਮਿਲਿਆ, ਜਿਸਨੇ ਇਹ ਰਜਿਸਟਰੀ ਕਰਵਾਉਣ ਲਈ ਤਹਿਸੀਲ ਦੇ ਅਧਿਕਾਰੀ/ਕਰਮਚਾਰੀਆਂ ਨੂੰ ਪੈਸੇ ਦੇਣ ਦੀ ਗੱਲ ਆਖ ਕੇ 20000 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ। ਤਹਿਸੀਲਦਾਰ ਫ਼ਰੀਦਕੋਟ ਦੇ ਦਫ਼ਤਰ ਵਿੱਚ ਦਸਤਾਵੇਜ਼ ਜਮ੍ਹਾਂ ਕਰਵਾਉਣ ਉਪਰੰਤ ਉਕਤ ਮੁਲਜ਼ਮ ਨੇ ਸ਼ਿਕਾਇਤਕਰਤਾ ਨੂੰ ਗੂਗਲ ਪੇਅ ਰਾਹੀਂ ਰਿਸ਼ਵਤ ਦੀ ਰਕਮ ਦੇਣ ਲਈ ਕਿਹਾ ਅਤੇ ਸ਼ਿਕਾਇਤਕਰਤਾ ਨੇ 15000 ਰੁਪਏ ਪਾ ਦਿੱਤੇ। ਹੁਣ ਮੁਲਜ਼ਮ ਸ਼ਿਕਾਇਤਕਰਤਾ ਤੋਂ ਬਾਕੀ ਰਹਿੰਦੀ ਰਕਮ 5000 ਰੁਪਏ ਦੀ ਮੰਗ ਕਰ ਰਿਹਾ ਸੀ, ਜਿਸ ਲਈ ਉਕਤ ਵਸੀਕਾ ਨਵੀਸ ਨਾਲ ਰਿਸ਼ਵਤ ਦੇਣ ਸਬੰਧੀ ਗੱਲਬਾਤ ਆਪਣੇ ਫੋਨ 'ਤੇ ਰਿਕਾਰਡ ਕਰ ਲਈ ਅਤੇ ਇਹ ਸਬੂਤ ਵਜੋਂ ਵਿਜੀਲੈਂਸ ਬਿਊਰੋ ਅੱਗੇ ਪੇਸ਼ ਕੀਤੀ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਮੁਲਜ਼ਮ ਡਿਪਟੀ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ ਰਿਸ਼ਵਤ ਵਜੋਂ 5000 ਰੁਪਏ ਦੀ ਦੂਜੀ ਕਿਸ਼ਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧੀ ਉਕਤ ਮੁਲਜ਼ਮ ਵਿਰੁੱਧ ਵਿਜੀਲੈਂਸ ਬਿਊਰੋ ਥਾਣਾ ਫਿਰੋਜ਼ਪੁਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਮੁਲਜ਼ਮ ਨੂੰ ਕੱਲ੍ਹ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।



# ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਬਲਾਕ ਪਟਿਆਲਾ ਬਲਾਕ ਦੀ ਮੀਟਿੰਗ ਆਯੋਜਿਤ



**ਪਟਿਆਲਾ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਬਲਾਕ ਪਟਿਆਲਾ ਦੀ ਮੀਟਿੰਗ ਬਲਾਕ ਪ੍ਰਧਾਨ ਜਗਦੀਪ ਸਿੰਘ ਪਹਾੜਪੁਰ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਬਲਾਕ ਦੇ ਜਨਰਲ ਸਕੱਤਰ ਕੁਲਵੰਤ ਸਿੰਘ ਜਾਹਲਾ ਜਿਲਾ ਜਨਰਲ ਸਕੱਤਰ ਅਵਤਾਰ ਸਿੰਘ ਕੌਰਜੀਵਾਲਾ ਅਤੇ ਸੂਬਾ ਪ੍ਰਧਾਨ ਡਾ. ਦਰਸ਼ਨ ਪਾਲ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ।

ਗੁਰਦੁਆਰਾ ਪ੍ਰਮੇਸ਼ਵਰ ਦੁਆਰ ਵਿਖੇ ਹੋਈ ਮੀਟਿੰਗ ਵਿੱਚ ਬਲਾਕ ਦੇ ਪ੍ਰਧਾਲ ਜਗਦੀਪ ਸਿੰਘ ਨੇ ਸਰਪੰਚ ਬਣ ਜਾਣ ਤੇ ਬਲਾਕ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ ਅਤੇ ਉਹਨਾਂ ਦੀ ਜਗ੍ਹਾਂ ਤੇ ਸਰਬ ਸੰਮਤੀ ਨਾਲ ਜਗਰੂਪ ਸਿੰਘ ਫਤਿਹਪੁਰ ਨੂੰ ਬਲਾਕ ਪ੍ਰਧਾਨ ਚੁਣ ਲਿਆ ਗਿਆ ਨਾਲ ਹੀ ਵੱਖ—ਵੱਖ ਅਹੁਦਿਆਂ ਤੇ ਗੁਰਮੀਤ ਸਿੰਘ ਖੇੜੀਮੱਲਾਂ ਨੇ ਦੁਬਾਰਾ ਬਲਾਕ ਮੀਤ ਪ੍ਰਧਾਨ ਦੇ ਆਹੁਦੇ ਤੇ ਚੁਣ ਲਿਆਗਿਆ। ਨਾਲ ਹੀ ਪਹਿਲੀ ਟੀਮ ਵਿਚੋਂ ਸਤਵੰਤ ਸਿੰਘ ਦਦਹੇੜਾ, ਕਰਮਜੀਤ ਪਹਾੜਪੁਰ, ਗੁਰਮੇਲ ਸਿੰਘ ਸੈਸਰਵਾਲ, ਲਾਭ ਸਿੰਘ ਖੇੜੀ ਮਾਨੀਆ, ਬਲਵਿੰਦਰ ਸਿੰਘ ਸੁਲਤਾਨਪੁਰ ਅਤੇ ਮੋਤੀ ਲਾਲ ਸ਼ਰਮਾ ਨੂੰ ਸੀਨੀਅਰ ਮੀਤ ਪ੍ਰਧਾਨ, ਰਾਮ ਕਿਸ਼ਨ ਪਸਿਆਣਾ, ਮਨਜੀਤ ਸਿੰਘ ਸੈਸਰਵਾਲ, ਜਗਰੂਪ ਸਿੰਘ ਜਾਹਲਾ ਨੂੰ ਯੂਨੀਅਨ ਵਿੱਚ ਕਾਨੂੰਨੀ ਸਲਾਹਕਾਰ ਦੇ ਦੌਰ ਤੇ ਚੁਣ ਲਿਆ ਗਿਆ।

ਮੀਟਿੰਗ ਵਿੱਚ ਬਲਾਕ ਵਿਚੋਂ ਲਗਭਗ 15 ਪਿੰਡ ਤੋਂ ਸੈਂਕੜੇ ਕਿਸਾਨ ਸ਼ਾਮਲ ਹੋਏ। ਆਪਣੇ ਵਿਚਾਰ ਰੱਖਦਿਆ ਡਾ. ਦਰਸ਼ਨ ਪਾਲ ਨੇ ਚੱਲ ਰਹੇ ਮੋਰਚਿਆਂ ਦੀ ਜਾਣਕਾਰੀ ਦਿੰਦਿਆ 26 ਜਨਵਰੀ ਨੂੰ ਸਾਰੇ ਦੇਸ਼ ਵਿੱਚ ਟਰੈਕਟਰ ਮਾਰਚ ਕਰਨ ਦਾ ਐਲਾਨ ਕਰਦਿਆਂ ਤਿੰਨੋ ਫੋਰਮਾਂ ਵੱਲੋਂ ਰਲਕੇ ਕਿਸਾਨੀ ਮੰਗਾਂ ਮਨਵਾਉਣ ਵਾਲੀ ਜਤਨ ਕਰਨੇ ਪੈਣਗੇ।

# ਰੇਲਵੇ ਪੁਲਿਸ ਵੱਲੋਂ ਤੇਜ਼ਧਾਰ ਹਥਿਆਰ ਸਮੇਤ ਗ੍ਰਿਫ਼ਤਾਰ

**ਰਾਜਪੁਰਾ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜੀਆਰਪੀ (ਰੇਲਵੇ ਪੁਲੀਸ) ਰਾਜਪੁਰਾ ਨੇ ਇਕ ਸ਼ੱਕੀ ਵਿਅਕਤੀ ਨੂੰ ਕੁਮਾਣੀਦਾਰ ਚਾਕੂ ਸਮੇਤ ਗ੍ਰਿਫ਼ਤਾਰ ਕੀਤਾ ਹੈ।ਰੇਲਵੇ ਚੌਂਕੀ ਰਾਜਪੁਰਾ ਦੇ ਇੰਚਾਰਜ ਏਐਸਆਈ ਜਸਵਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਰੇਲਵੇ ਸਟੇਸ਼ਨ ਉਪਰ ਏਐਸਆਈ ਜਗਤਾਰ ਸਿੰਘ ਸਮੇਤ ਪੁਲੀਸ ਪਾਰਟੀ ਗਸ਼ਤ ਕਰ ਰਹੇ ਸਨ ਕਿ ਉਨ੍ਹਾਂ ਨੂੰ ਪਲੇਟ ਫਾਰਮ ਨੰਬਰ 1 ਪੱਛਮੀ ਸਿਰਾ 'ਤੇ ਇਕ ਸ਼ੱਕੀ ਵਿਅਕਤੀ ਲੁੱਟ ਖੋਹ ਕਰਨ ਦੀ ਨੀਅਤ ਨਾਲ ਘੁੰਮਦਾ ਦਿਖਾਈ ਦਿੱਤਾ। ਪੁਲੀਸ ਨੇ ਜਦੋਂ ਉਸ ਵਿਅਕਤੀ ਦੀ ਸ਼ੱਕ ਦੇ ਆਧਾਰ 'ਤੇ ਤਲਾਸ਼ੀ ਲਈ ਤਾਂ ਉਸ ਕੋਲੋਂ ਪੁਲੀਸ ਨੂੰ ਇਕ ਕੁਮਾਣੀਦਾਰ ਚਾਕੂ ਬਰਾਮਦ ਹੋਇਆ ਹੈ, ਮੁਲਜ਼ਮ ਨੂੰ ਤੁਰੰਤ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲੀਸ ਨੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਦੀ ਪਹਿਚਾਣ ਸੂਰਜ ਗਿਰੀ ਪੁੱਤਰ ਛਬੀ ਲਾਲ ਵਾਸੀ ਗੁਰੂ ਨਾਨਕ ਨਗਰ ਰਾਜਪੁਰਾ ਵਜੋਂ ਹੋਈ ਹੈ।

# ਐਨਸੀਸੀ ਕੈਡਿਟਾਂ ਨੇ ਪੰਜਾਬੀ ਨੌਜਵਾਨਾਂ ਦੇ ਵਿਦੇਸ਼ਾਂ ਵਿੱਚ ਪ੍ਰਵਾਸ ਅਤੇ ਹੱਲ ਬਾਰੇ ਚਰਚਾ ਕੀਤੀ



**ਜਲੰਧਰ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

2 ਪੰਜਾਬ ਐਨ.ਸੀ.ਸੀ. ਬਟਾਲੀਅਨ ਦੀ ਅਗਵਾਈ ਹੇਠ ਦੋਆਬਾ ਕਾਲਜ ਵਿਖੇ ਐਨ.ਸੀ.ਸੀ. ਕੈਡਿਟਾਂ ਵੱਲੋਂ ਪੰਜਾਬ ਦੇ ਨੌਜਵਾਨਾਂ ਦੇ ਵਿਦੇਸ਼ਾਂ ਵਿੱਚ ਪ੍ਰਵਾਸ ਅਤੇ ਇਸ ਸਮੱਸਿਆ ਦੇ ਹੱਲ ਬਾਰੇ ਇੱਕ ਵਿਚਾਰ-ਵਟਾਂਦਰਾ ਕੀਤਾ ਗਿਆ। ਦਸ ਸੀਨੀਅਰ ਕੈਡਿਟਾਂ ਨੇ ਵਿਚਾਰ-ਵਟਾਂਦਰੇ ਵਿੱਚ ਹਿੱਸਾ ਲਿਆ। ਕੈਡਿਟਾਂ ਨੇ ਪਿਛਲੇ ਦੋ ਦਹਾਕਿਆਂ ਵਿੱਚ ਪੰਜਾਬ ਤੋਂ ਨੌਜਵਾਨਾਂ ਦੇ ਪਰਵਾਸ ਦੇ ਕਾਰਨਾਂ ਅਤੇ ਸਰਕਾਰ ਅਤੇ ਸਮਾਜ ਵੱਲੋਂ ਚੁੱਕੇ ਗਏ ਪ੍ਰਭਾਵਸ਼ਾਲੀ ਉਪਾਵਾਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਚਰਚਾ ਦੇ ਮੁੱਖ ਮਹਿਮਾਨ ਕਰਨਲ ਵਿਨੋਦ ਜੋਸ਼ੀ, ਕਮਾਂਡਿੰਗ ਅਫ਼ਸਰ 2 ਪੰਜਾਬ ਐਨ.ਸੀ.ਸੀ. ਬਟਾਲੀਅਨ ਅਤੇ ਡਾ. ਪ੍ਰਦੀਪ ਭੰਡਾਰੀ, ਪ੍ਰਿੰਸੀਪਲ, ਦੋਆਬਾ ਕਾਲਜ ਨੇ ਮੁਕਾਬਲੇ ਦਾ ਮੁਲਾਂਕਣ ਕੀਤਾ।

ਪ੍ਰੋਗਰਾਮ ਦੀ ਸ਼ੁਰੂਆਤ ਰਾਸ਼ਟਰੀ ਐਨ.ਸੀ.ਸੀ. ਸਾਈਕਲ ਰੈਲੀ ਅਤੇ ਰਾਸ਼ਟਰੀ ਰੱਖਿਆ ਅਕੈਡਮੀ ਦੇ ਇੱਕ ਦਿਲਚਸਪ ਵੀਡੀਓ ਨਾਲ ਹੋਈ। ਸਾਰੇ ਭਾਗੀਦਾਰਾਂ ਨੇ ਚਾਰ ਮਿੰਟਾਂ ਦੇ ਸਮੇਂ ਵਿੱਚ ਆਪਣੇ ਵਿਚਾਰ ਪ੍ਰਗਟ ਕੀਤੇ।

# ਨੈਸ਼ਨਲ ਸਕੂਲ ਖੇਡਾਂ 'ਚ ਡਿਪਟੀ ਕਮਿਸ਼ਨਰ ਵਲੋਂ ਸ਼ਾਨਦਾਰ ਪ੍ਰਦਰਸ਼ਨ ਵਾਲੇ ਖਿਡਾਰੀਆਂ ਦਾ ਸਨਮਾਨ



**ਬਰਨਾਲਾ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

68ਵੀਆਂ ਨੈਸ਼ਨਲ ਸਕੂਲ ਖੇਡਾਂ (ਨੈੱਟਬਾਲ) ਜੋ ਕਿ ਛੱਤੀਸਗੜ੍ਹ ਵਿਖੇ ਹੋਈਆਂ ਵਿੱਚ ਜ਼ਿਲ੍ਹਾ ਬਰਨਾਲਾ ਦੇ ਮੁੰਡੇ ਅਤੇ ਕੁੜੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਸਦਕਾ ਪੰਜਾਬ ਦੀ ਟੀਮ ਨੂੰ ਦੋ ਚਾਂਦੀ ਤੇ ਇੱਕ ਕਾਂਸੀ ਦਾ ਤਗਮਾ ਜਿਤਾਉਣ ਵਿੱਚ ਸਫਲਤਾ ਹਾਸਲ ਕੀਤੀ ਹੈ। ਵਾਪਸ ਪਹੁੰਚਣ 'ਤੇ ਜੇਤੂ ਖਿਡਾਰੀਆਂ ਦਾ ਡਿਪਟੀ ਕਮਿਸ਼ਨਰ ਬਰਨਾਲਾ ਪੂਨਮਦੀਪ ਕੌਰ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਡੀ.ਐਮ. ਸਪੋਰਟਸ ਬਰਨਾਲਾ ਸਿਮਰਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਛੱਤੀਸਗੜ੍ਹ ਦੇ ਕੋਰਬਾ ਵਿੱਚ ਹੋਈਆਂ 68ਵੀਆਂ ਨੈਸ਼ਨਲ ਸਕੂਲ ਖੇਡਾਂ ਨੈਟਬਾਲ ਅੰਡਰ 19 ਸਾਲ (ਲੜਕੇ) ਵਿੱਚ ਪੰਜਾਬ ਦੀ ਟੀਮ ਨੇ ਚਾਂਦੀ, ਅੰਡਰ 14 (ਲੜਕੀਆਂ) ਦੇ ਵਰਗ ਵਿੱਚ ਵੀ ਪੰਜਾਬ ਦੀ ਟੀਮ ਨੇ ਚਾਂਦੀ ਅਤੇ ਅੰਡਰ 19 ਸਾਲ (ਲੜਕੀਆਂ) ਦੇ ਵਰਗ ਵਿੱਚ ਕਾਂਸੀ ਦਾ ਤਗਮਾ ਹਾਸਲ ਕੀਤਾ ਹੈ। ਉਹਨਾਂ ਨੇ ਦੱਸਿਆ ਕਿ ਜ਼ਿਲ੍ਹਾ ਬਰਨਾਲਾ ਦੇ ਵੱਖ-ਵੱਖ ਸਕੂਲਾਂ ਦੇ ਖਿਡਾਰੀਆਂ ਬੇਅੰਤ ਕੌਰ, ਦਿਕਸ਼ਾ ਰਾਣੀ, ਖੁਸ਼ਪ੍ਰੀਤ ਕੌਰ, ਹੁਸਨਪ੍ਰੀਤ ਕੌਰ, ਪਰਮਵੀਰ ਕੌਰ, ਦਿਸ਼ਾਂਤ ਕੱਕੜੀਆ, ਅਰਸ਼ਪ੍ਰੀਤ ਸ਼ਰਮਾ, ਹਰਵਿੰਦਰ ਸਿੰਘ, ਸਿਵਪ੍ਰੀਤ ਸਿੰਘ, ਅਨਮੋਲਪ੍ਰੀਤ ਕੌਰ, ਕਮਲਦੀਪ ਕੌਰ, ਹਰਪ੍ਰੀਤ ਕੌਰ ਨੇ ਸਕੂਲ ਨੈਸ਼ਨਲ ਖੇਡਾਂ ਵਿੱਚ ਪੰਜਾਬ ਦੀਆਂ ਟੀਮਾਂ ਦੀ ਪ੍ਰਤੀਨਿਧਤਾ ਕਰਦਿਆਂ ਦੋ ਚਾਂਦੀ ਤੇ ਇੱਕ ਕਾਂਸੀ ਦਾ ਤਗਮਾ ਹਾਸਲ ਕੀਤਾ ਹੈ। ਡੀਸੀ ਬਰਨਾਲਾ ਪੂਨਮਦੀਪ ਕੌਰ ਨੇ ਜੇਤੂ ਖਿਡਾਰੀਆਂ ਦਾ ਸਨਮਾਨ ਕਰਦਿਆਂ ਕਿਹਾ ਕਿ ਇਹਨਾਂ ਖਿਡਾਰੀਆਂ ਨੇ ਨੈਸ਼ਨਲ ਸਕੂਲ ਖੇਡਾਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਕੇ ਜ਼ਿਲ੍ਹਾ ਬਰਨਾਲਾ ਦੇ ਨਾਲ-ਨਾਲ ਸਮੁੱਚੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ। ਉਹਨਾਂ ਉਮੀਦ ਕੀਤੀ ਕਿ ਇਹ ਖਿਡਾਰੀ ਭਵਿੱਖ ਵਿੱਚ ਆਪਣੇ ਜ਼ਿਲ੍ਹੇ ਦਾ ਨਾਮ ਰੌਸ਼ਨ ਕਰਦੇ ਰਹਿਣਗੇ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਬਰਨਾਲਾ ਮਲਕਾ ਰਾਣੀ ਨੇ ਵੀ ਜੇਤੂ ਖਿਡਾਰੀਆਂ ਨੂੰ ਵਧਾਈ ਦਿੱਤੀ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਬਰਨਾਲਾ ਮਲਕਾ ਰਾਣੀ, ਡੀ.ਐਮ. ਸਪੋਰਟਸ ਬਰਨਾਲਾ ਸਿਮਰਦੀਪ ਸਿੰਘ ਸਿੱਧੂ, ਤੇਜਿੰਦਰ ਸਿੰਘ ਖੁੱਡੀ, ਸੁਖਰਾਜ ਕੌਰ, ਜਸਪਿੰਦਰ ਕੌਰ, ਮਨਜੀਤ ਸਿੰਘ, ਜਤਿੰਦਰਜੀਤ ਸਿੰਘ, ਬਲਜੀਤ ਸਿੰਘ ਅਕਲੀਆ ਸਮੇਤ ਸਮੂਹ ਜੇਤੂ ਖਿਡਾਰੀ ਮੌਜੂਦ ਸਨ।

# ਦਿੱਲੀ ਦੇ ਗਾਂਧੀ ਨਗਰ ਵਿਧਾਨ ਸਭਾ 'ਚ ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤਾ ਰੋਡ ਸ਼ੋਅ, ਵੱਡੀ ਗਿਣਤੀ 'ਚ ਲੋਕਾਂ ਨੇ ਕੀਤੀ ਸ਼ਮੂਲੀਅਤ

**ਚੰਡੀਗੜ੍ਹ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀਰਵਾਰ ਨੂੰ ਦਿੱਲੀ ਦੇ ਗਾਂਧੀ ਨਗਰ ਵਿਧਾਨ ਸਭਾ ਵਿੱਚ ਇੱਕ ਵੱਡਾ ਰੋਡ ਸ਼ੋਅ ਕੀਤਾ। ਮੁੱਖ ਮੰਤਰੀ ਮਾਨ ਇੱਥੇ ਗਾਂਧੀ ਨਗਰ ਤੋਂ 'ਆਪ' ਉਮੀਦਵਾਰ ਨਵੀਨ ਚੌਧਰੀ ਦੀਪੂ ਦੀ ਨਾਮਜ਼ਦਗੀ ਮੌਕੇ ਪੁੱਜੇ ਸਨ। ਰੋਡ ਸ਼ੋਅ ਵਿੱਚ ਵੱਡੀ ਗਿਣਤੀ ਵਿੱਚ 'ਆਪ' ਵਰਕਰਾਂ ਅਤੇ ਸਥਾਨਕ ਲੋਕਾਂ ਨੇ ਸ਼ਮੂਲੀਅਤ ਕੀਤੀ। ਲੋਕਾਂ ਨੇ ਨਾਅਰੇਬਾਜ਼ੀ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਉਮੀਦਵਾਰ ਦਾ ਸਵਾਗਤ ਕੀਤਾ। ਮਾਨ ਨੇ ਪਾਰਟੀ ਦੀ ਵੱਡੀ ਜਿੱਤ ਦਾ ਦਾਅਵਾ ਕਰਦਿਆਂ ਕਿਹਾ ਕਿ ਅੱਜ ਲੋਕਾਂ ਦੀ ਭਿੜ ਨੇ ਸਾਬਤ ਕਰ ਦਿੱਤਾ ਹੈ ਕਿ ਦਿੱਲੀ ਦੇ ਲੋਕ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਜਾ ਰਹੇ ਹਨ।

ਮਾਨ ਨੇ ਲੋਕਾਂ ਨੂੰ ਕਿਹਾ ਕਿ 5 ਤਰੀਕ ਨੂੰ ਤੁਸੀਂ ਆਪਣੇ ਪਰਿਵਾਰ ਅਤੇ ਬੱਚਿਆਂ ਦੀ ਕਿਸਮਤ ਦਾ ਫ਼ੈਸਲਾ ਕਰਨਾ ਹੈ। ਇਸ ਲਈ ਅਜਿਹੇ ਵਿਅਕਤੀ ਨੂੰ ਚੁਣੋ ਜੋ ਕੰਮ ਕਰਨਾ ਜਾਣਦਾ ਹੋਵੇ ਅਤੇ ਨਫ਼ਰਤ ਦੀ ਰਾਜਨੀਤੀ ਨਾ ਕਰਦਾ ਹੋਵੇ।



ਉਨ੍ਹਾਂ ਕਿਹਾ ਕਿ ਦੁਰਵਿਵਹਾਰ ਕਰਨ ਵਾਲਿਆਂ ਦੇ ਹੱਥਾਂ 'ਚ ਤੁਹਾਨੂੰ ਆਪਣੇ ਭਵਿੱਖ ਦੀ ਜ਼ਿੰਮੇਵਾਰੀ ਨਹੀਂ ਦੇਣੀ ਹੈ। ਨਫਰਤ ਦੀ ਰਾਜਨੀਤੀ ਕਰਨ ਵਾਲੇ ਤੁਹਾਡਾ ਕਦੇ ਭਲਾ ਨਹੀਂ ਕਰ ਸਕਦੇ।

ਅਰਵਿੰਦ ਕੇਜਰੀਵਾਲ ਨੇ ਰਾਮ-ਲੀਲ੍ਹਾ ਮੈਦਾਨ ਤੋਂ ਜੋ ਕਾਫ਼ਲਾ ਸ਼ੁਰੂ ਕੀਤਾ ਸੀ, ਉਹ ਵਧਦੇ ਵਧਦੇ ਹੁਣ ਕਈ ਥਾਵਾਂ 'ਤੇ ਫੈਲ ਚੁੱਕਾ ਹੈ। ਪੰਜਾਬ ਵਿੱਚ ਸਾਡੀ ਸਰਕਾਰ ਬਣੀ। ਚੰਡੀਗੜ੍ਹ ਵਿੱਚ ਸਾਡਾ ਮੇਅਰ ਹੈ। ਜਲੰਧਰ ਅਤੇ ਪਟਿਆਲਾ ਵਿੱਚ ਵੀ ਸਾਡੇ ਮੇਅਰ ਹਨ। ਦਿੱਲੀ ਦੇ ਐਮ.ਸੀ.ਡੀ. ਵਿੱਚ ਆਮ ਆਦਮੀ ਪਾਰਟੀ ਹੈ। ਸਾਡੇ ਕੋਲ ਗੁਜਰਾਤ ਵਿੱਚ ਪੰਜ ਵਿਧਾਇਕ, ਗੋਆ ਵਿੱਚ ਦੋ ਵਿਧਾਇਕ, ਪੰਜਾਬ ਦੇ ਤਿੰਨ ਲੋਕ ਸਭਾ ਮੈਂਬਰ ਅਤੇ 7 ਰਾਜ ਸਭਾ ਮੈਂਬਰ ਅਤੇ ਦਿੱਲੀ ਤੋਂ ਵੀ ਤਿੰਨ ਰਾਜ ਸਭਾ ਮੈਂਬਰ ਹਨ। ਸਿਰਫ਼ 10 ਸਾਲਾਂ ਵਿੱਚ ਹੀ ਆਮ ਆਦਮੀ ਪਾਰਟੀ ਕੌਮੀ ਪਾਰਟੀ ਬਣ ਗਈ। ਇਹ ਵੱਡੀ ਗੱਲ ਹੈ।

ਮਾਨ ਨੇ ਕਿਹਾ ਕਿ ਦਿੱਲੀ ਵਿੱਚ ਜੋ ਵੀ ਕੰਮ ਹੋਇਆ ਹੈ, ਭਾਵੇਂ ਉਹ ਮੁਹੱਲਾ ਕਲੀਨਿਕ ਹੋਵੇ ਜਾਂ ਸਰਕਾਰੀ ਹਸਪਤਾਲ ਹੋਵੇ, ਸਰਕਾਰੀ ਸਕੂਲਾਂ ਦੀ ਕਾਇਆ ਕਲਪ ਹੋਵੇ। ਮੁਫ਼ਤ ਬਿਜਲੀ ਅਤੇ ਮੁਫ਼ਤ ਪਾਣੀ ਦੇਣ ਦਾ ਕੰਮ ਹੋਵੇ ਅਤੇ ਔਰਤਾਂ ਲਈ ਬੱਸ ਸਫ਼ਰ ਮੁਫ਼ਤ ਕਰਨ ਦਾ ਕੰਮ ਹੋਵੇ, ਇਹ ਸਾਰੇ ਕੰਮ ਅਸੀਂ ਪੰਜਾਬ ਵਿੱਚ ਵੀ ਲਾਗੂ ਕੀਤੇ ਹਨ। ਪੰਜਾਬ ਵਿੱਚ ਸਰਕਾਰ ਬਣੀ ਨੂੰ ਕਰੀਬ ਤਿੰਨ ਸਾਲ ਹੋ ਗਏ ਹਨ। ਹੁਣ ਤੱਕ ਅਸੀਂ ਪੰਜਾਬ ਵਿੱਚ 850 ਮੁਹੱਲਾ ਕਲੀਨਿਕ ਸਥਾਪਤ ਕਰ ਚੁੱਕੇ ਹਾਂ। ਸਰਕਾਰੀ ਹਸਪਤਾਲਾਂ ਵਿੱਚ ਇਲਾਜ ਮੁਫ਼ਤ ਹੈ ਅਤੇ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕੀਤੀ ਜਾ ਰਹੀ ਹੈ।

ਮਾਨ ਨੇ ਕਿਹਾ ਕਿ ਜਿਸ ਤਰ੍ਹਾਂ ਦਿੱਲੀ ਦੇ ਸਰਕਾਰੀ ਸਕੂਲਾਂ ਵਿੱਚ ਗ਼ਰੀਬ ਅਤੇ ਅਮੀਰ ਦੇ ਬੱਚੇ ਇੱਕੋ ਬੈਂਚ 'ਤੇ ਪੜ੍ਹਦੇ ਹਨ, ਪੰਜਾਬ ਵਿੱਚ ਵੀ ਅਜਿਹਾ ਹੀ ਹੋ ਰਿਹਾ ਹੈ। ਸਾਡੇ ਬੱਚੇ ਪੜ੍ਹ ਕੇ 99" ਅਤੇ ©55" ਪਾਸ ਕਰ ਰਹੇ ਹਨ। ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਪਿਛਲੇ ਸਾਲ ਸਰਕਾਰੀ ਸਕੂਲਾਂ ਦੇ 158 ਬੱਚਿਆਂ ਨੇ ਜੇਈਈ-ਮੇਨ ਅਤੇ ਆਈਆਈਟੀ ਦੀ ਪ੍ਰੀਖਿਆ ਪਾਸ ਕੀਤੀ ਹੈ।

ਪਿਛਲੇ ਤਿੰਨ ਸਾਲਾਂ ਵਿੱਚ ਅਸੀਂ ਪੰਜਾਬ ਵਿੱਚ 50,000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਪੰਜਾਬ ਦੇ ਹਰ ਪਿੰਡ ਦੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਮਿਲੀਆਂ ਹਨ, ਉਹ ਵੀ ਬਿਨਾਂ ਕਿਸੇ ਰਿਸ਼ਵਤ ਦੇ।

ਮਾਨ ਨੇ 'ਆਪ' ਉਮੀਦਵਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਆਪ ਦੇ ਉਮੀਦਵਾਰ ਨਵੀਨ ਚੌਧਰੀ ਦੀਪੂ ਇਸ ਇਲਾਕੇ ਲਈ ਕੁਝ ਕਰਨਾ ਚਾਹੁੰਦੇ ਹਨ। ਤੁਹਾਡੀ ਸਮੱਸਿਆਵਾਂ ਨੂੰ ਸਮਝਦੇ ਹਨ। ਉਹ ਖੁਦ ਇੱਕ ਸਾਧਾਰਨ ਪਰਿਵਾਰ ਵਿੱਚੋਂ ਉੱਠ ਕੇ ਇੱਥੇ ਪੁੱਜਿਆ ਹੈ। ਇਸ ਲਈ, ਉਨ੍ਹਾਂ ਨੂੰ ਜਿਤਾਓ, ਜਿੱਤਣ ਤੋਂ ਬਾਅਦ ਉਹ ਤੁਹਾਡੇ ਵਿਚਕਾਰ ਰਹਿਣਗੇ ਅਤੇ ਤੁਹਾਡੇ ਲਈ ਕੰਮ ਕਰਨਗੇ।

ਉਨ੍ਹਾਂ ਕਿਹਾ ਕਿ ਸਾਡਾ ਚੋਣ ਨਿਸ਼ਾਨ ਝਾੜੂ ਹੈ ਅਤੇ ਝਾੜੂ ਦਾ ਕੰਮ ਸਫ਼ਾਈ ਕਰਨਾ ਹੈ। ਅਸੀਂ ਆਪਣੇ ਝਾੜੂ ਨਾਲ ਪੰਜਾਬ ਅਤੇ ਦਿੱਲੀ ਦਾ ਚਿੱਕੜ ਸਾਫ਼ ਕਰ ਦਿੱਤਾ ਹੈ, ਇਸ ਲਈ ਦੋਵਾਂ ਥਾਵਾਂ 'ਤੇ ਕਮਲ ਨਹੀਂ ਖਿੜ ਰਿਹਾ। ਭਾਜਪਾ ਦੇ ਪੰਜਾਬ ਅਤੇ ਦਿੱਲੀ ਦੋਵਾਂ 'ਚ ਸਿੰਗਲ ਡਿਜਿਟ ਵਿੱਚ ਵਿਧਾਇਕ ਹਨ।

# ਹਿੰਦੂ ਤਖਤ ਦੇ ਸਥਾਪਨਾ ਦਿਵਸ ਮੌਕੇ ਭਵਨੇਸ਼ਵਰੀ ਨੰਦ ਗਿਰੀ ਦੀ ਸਰਪ੍ਰਸਤੀ ਨਿਕਲੀ ਸ਼ੋਭਾ ਯਾਤਰਾ

**ਪਟਿਆਲਾ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿੰਦੂ ਤਖਤ ਦੇ ਸਥਾਪਨਾ ਦਿਵਸ ਦੇ ਮੌਕੇ ਤੇ ਬ੍ਰਹਮਲੀਨ ਜਗਤ ਗੁਰੂ ਪੰਚਾਨੰਦ ਗਿਰੀ ਮਹਾਰਾਜ ਜੀ ਦੇ ਉੱਤਰਾਧਿਕਾਰੀ ਜਗਤ ਗੁਰੂ ਭਵਨੇਸ਼ਵਰੀ ਨੰਦ ਗਿਰੀ ਜੀ ਮਹਾਰਾਜ ਦੀ ਅਗਵਾਈ ਹੇਠ ਇੱਕ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ। ਜੋ ਕਿ ਜ਼ੀਰਕਪੁਰ ਤੋਂ ਸ਼ੁਰੂ ਹੋ ਕੇ ਬਨੂੜ, ਰਾਜਪੁਰਾ, ਧਰੇੜੀ ਟੋਲ ਪਲਾਜਾ ਤੋਂ ਹੁੰਦੀ ਹੋਈ ਪਟਿਆਲਾ ਵਿਖੇ ਪਹੁੰਚੀ। ਪੂਰੇ ਰਸਤੇ ਵੱਖ ਰਾਜਨੀਤਿਕ ਅਤੇ ਧਾਰਮਿਕ ਆਗੂਆਂ ਜਿਵੇਂ ਵਿਧਾਇਕ ਹਰਮੀਤ ਸਿੰਘ ਪਠਾਨ ਮਾਜਰਾ ਦੀ ਸੁਪਤਨੀ, ਸੁਰਿੰਦਰ ਪਾਲ ਸਿੰਘ ਘੋਸ਼ਪੁਰ, ਇੰਦਰ ਮੋਹਨ ਘੁਮਾਣਾ, ਅਸ਼ੋਕ ਸ਼ਰਮਾ ਕਰਹੇਰੀ, ਰਜੇਸ਼ ਪੀਰ ਕਲੋਨੀ, ਸੁਨੀਲ ਬਹਾਦਰਗੜ੍ਹ, ਰੇਖਾ ਅਗਰਵਾਲ, ਵਪਾਰ ਮੰਡਲ ਦੇ ਪ੍ਰਧਾਨ ਰਕੇਸ਼ ਗੁਪਤਾ, ਯਾਦਵਿੰਦਰ ਸ਼ਰਮਾ ਅਤੇ ਮਾਲ ਰੋਡ ਵਿਖੇ ਪਹੁੰਚਣ ਤੇ ਹਿੰਦੂ ਤਖਤ ਦੇ ਯੂਥ ਪ੍ਰਧਾਨ ਕੌਸ਼ਲ ਚੋਪੜਾ ਨੇ ਆਪਣੇ ਸੈਂਕੜੇ ਸਾਥੀਆਂ ਨਾਲ ਯਾਤਰਾ ਦਾ ਭਰਵਾਂ ਸਵਾਗਤ ਕੀਤਾ ਅਤੇ ਪੂਰੇ ਕਾਫਲੇ ਦੇ ਨਾਲ ਯਾਤਰਾ ਵਿੱਚ ਸ਼ਾਮਿਲ ਹੋਏ। ਇਸ ਮੌਕੇ ਯਾਤਰਾ ਪਟਿਆਲਾ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਲਾਹੌਰੀ ਗੇਟ ਆਰੀਆ ਸਮਾਜ ਚੌਕ, ਸਰਹੰਦੀ ਬਜਾਰ ਅਦਾਲਤ ਬਜ਼ਾਰ ਅਨਾਰਦਨਾ ਚੌਕ ਧਰਮਪੁਰਾ ਬਾਜ਼ਾਰ ਤੋਂ ਹੁੰਦੀ ਹੋਈ ਵਾਪਸ ਕਾਲੀ ਮਾਤਾ ਮੰਦਿਰ ਵਿਖੇ ਸਮਾਪਤ ਹੋਈ। ਪੂਰੇ ਰਸਤੇ ਵਿੱਚ ਇਲਾਕਾ ਨਿਵਾਸੀਆਂ ਅਤੇ ਦੁਕਾਨਦਾਰਾਂ ਵੱਲੋਂ ਯਾਤਰਾ ਤੇ ਫੁੱਲਾਂ ਦੀ ਵਰਖਾ ਕਰਕੇ ਇਸ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਯੂਥ ਪ੍ਰਧਾਨ ਕੁਸ਼ਲ ਚੋਪੜਾ ਨੇ ਕਿਹਾ ਕਿ ਆਦੀ ਸ਼ੰਕਰਾਚਾਰੀਆ ਵੱਲੋਂ 2500 ਸਾਲ ਪਹਿਲਾਂ ਹਿੰਦੂਆਂ ਨੂੰ ਇਕੱਠੇ ਕਰਨ ਲਈ ਸ਼੍ਰੀ ਹਿੰਦੂ ਤਖਤ ਦੀ ਸਥਾਪਨਾ ਕੀਤੀ ਗਈ ਸੀ। ਜਿਸ ਉਪਰੰਤ ਮੌਜੂਦਾ ਸਮੇਂ ਵਿੱਚ ਸ਼ੋਭਾ ਯਾਤਰਾ ਨੂੰ ਕੱਢ ਕੇ ਉਸ ਇਤਿਹਾਸਿਕ ਦਿਨ ਨੂੰ ਯਾਦ ਕੀਤਾ ਜਾਂਦਾ ਹੈ।

ਯਾਤਰਾ ਦੌਰਾਨ ਪੂਰਾ ਇਲਾਕਾ ਸਨਾਤਨ ਧਰਮ ਕੀ ਜੈ ਅਤੇ ਹਰਿ ਹਰਿ ਮਹਾਦੇਵ ਅਤੇ ਜੈ ਸ੍ਰੀ ਰਾਮ ਦੇ ਜੈਕਾਰਿਆਂ ਨਾਲ ਗੂੰਜ ਰਿਹਾ ਸੀ। ਇਸ ਮੌਕੇ ਪਟਿਆਲਵੀਆਂ ਨੇ ਹਿੰਦੂ ਸਮਰਾਟ ਪਵਨ ਕੁਮਾਰ ਸ਼ਰਮਾ ਅਤੇ ਬ੍ਰਹਮਲੀਨ ਪੰਚਾਨੰਦ ਗਿਰੀ ਜੀ ਮਹਾਰਾਜ ਨੂੰ ਯਾਦ ਕਰਦੇ ਹੋਏ। ਉਹਨਾਂ ਦੇ ਉੱਤਰ ਅਧਿਕਾਰੀ ਭੁਵਨੇਸ਼ਵਰੀ ਗਿਰੀ ਜੀ ਵੱਲੋਂ ਕੱਢੀ ਗਈ ਇਸ ਖੁਸ਼ਹਾਲ ਯਾਤਰਾ ਦੀ ਸਮੂਹ ਇਲਾਕਾ ਨਿਵਾਸੀਆਂ ਨੇ ਦਿਲੋਂ ਵਧਾਈ ਦਿੱਤੀ। ਇਸ ਮੌਕੇ ਦੀਪਾਂਸ਼ੂ ਸੂਦ, ਗੁਰਦੀਪ ਬੇਦੀ, ਮਹੰਤ ਵਿਸ਼ਨੂੰ ਨੰਦ ਗਿਰੀ, ਸਚਗਿਰੀ ਮਹਾਰਾਜ, ਪਵਨ ਅਹੂਜਾ, ਸੁਧੀਰ ਵੈਕਟਰ, ਵਰਿੰਦਰ ਮੋਦਗਿੱਲ, ਕਰਨ ਮੋਦਗਿੱਲ, ਅਸ਼ੋਕ ਸ਼ਰਮਾ, ਕੈਲਾਸ਼ਨਾਥ ਮਨੋਜ ਸੋਇਨ, ਧਵਲ ਕੁਮਾਰ, ਨਿਖਲ ਕੁਮਾਰ ਕਾਕਾ, ਮਨਮੋਹਨ ਕਪੂ,ਰ ਵਰੁਣ ਜਿੰਦਲ, ਹਰੀ ਓਮ ਗੋਇਲ, ਰਵਿੰਦਰ ਬਿੱਟਾ, ਰਾਜਨ ਸ਼ਰਮਾ, ਜਿੰਮੀ ਗੁਪਤਾ, ਅਸ਼ੋਕ ਸੁਚਦੇਵਾ, ਗੁਰਵਿੰਦਰ ਲਾਡੀ, ਅਮਿਤ ਸ਼ਰਮਾ, ਸੰਦੀਪ ਵਰਮਾ ਸ਼ੇਰੂ, ਮੋਹਿਤ ਸ਼ਰਮਾ, ਚਿੰਟੂ ਕੱਕੜ, ਹਰੀਸ਼ ਮਿਗਲਾਨੀ, ਰਾਜੀਵ ਸ਼ਰਮਾ, ਸੁਭਾਸ਼ ਵਰਮਨ, ਕੁਲਦੀਪ ਸਾਗਰ, ਜੀ.ਡੀ ਉਪਲ, ਤਰਸੇਮ ਸੈਮੀ, ਲੱਕੀ ਰੱਸਿਕ ਪਰਿਵਾਰ, ਲਛਮਣ ਦਾਸ, ਵਿਸ਼ਵ ਕਪੂਰ ਰਿੱਕੀ ਕਪੂਰ, ਅਸ਼ੀਸ਼ ਸੂਦ, ਵਿਸ਼ਾਲ ਸ਼ਰਮਾ, ਰਿਸ਼ਿਬ ਭਸੀਨ, ਬਿੱਟੂ ਜਲੋਟਾ ਆਦਿ ਹਾਜਰ ਸਨ।



# ਡਾ. ਨਾਨਕ ਸਿੰਘ ਨੇ ਝੰਡੀ ਦਿਖਾ ਕੇ ਵਾਕਾਥੋਨ ਦੀ ਕੀਤੀ ਆਰੰਭਤਾ; ਇਕ ਹਜਾਰ ਵਿਦਿਆਰਥੀਆਂ ਨੇ ਲਿਆ ਵਾਕਾਥੋਨ ਵਿੱਚ ਭਾਗ

**ਪਟਿਆਲਾ, 20 ਜਨਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲਿਸ ਲਾਈਨ ਪਟਿਆਲਾ ਵਿਖੇ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਐਸ.ਐਸ.ਪੀ. ਪਟਿਆਲਾ ਡਾ: ਨਾਨਕ ਸਿੰਘ ਨੇ ਝੰਡੀ ਦਿਖਾ ਕੇ ਵਾਕਾਥੋਨ ਦੀ ਆਰੰਭਤਾ ਕੀਤੀ । ਇਸ ਦੌਰਾਨ ਜ਼ਿਲ੍ਹਾ ਸਿੱਖਿਆ ਵਿਭਾਗ ਵੱਲੋਂ ਵੱਖ-ਵੱਖ ਸਕੂਲਾਂ ਤੋਂ ਇੱਕ ਹਜਾਰ ਵਿਦਿਆਰਥੀਆਂ ਨੇ ਇਸ ਨਸ਼ਿਆਂ ਵਿਰੁੱਧ ਕਰਵਾਈ ਵਾਕਾਥੋਨ ਵਿੱਚ ਭਾਗ ਲਿਆ ।

ਡਾ: ਨਾਨਕ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰ: ਭਗਵੰਤ ਸਿੰਘ ਮਾਨ ਅਤੇ ਡੀ.ਜੀ.ਪੀ. ਗੌਰਵ ਯਾਦਵ ਵੱਲੋਂ ਸਖ਼ਤ ਹਦਾਇਤਾਂ ਹਨ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਾ ਜਾਵੇ ਅਤੇ ਨਸ਼ਾ ਤਸਕਰਾਂ ਵਿਰੁੱਧ ਸਖ਼ਤੀ ਨਾਲ ਨਜਿੱਠਿਆ ਜਾਵੇ। ਉਹਨਾਂ ਦੱਸਿਆ ਕਿ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾ ਰਹੀਆਂ ਹਨ ਅਤੇ ਹੁਣ ਤੱਕ ਨਸ਼ਾ ਤਸਕਰਾਂ ਦੀ ਤਕਰੀਬਨ 10 ਕਰੋੜ ਤੋਂ ਉੱਪਰ ਦੀ ਜਾਇਦਾਦ ਸੀਲ ਕੀਤੀ ਜਾ ਚੁੱਕੀ ਹੈ।

ਐਸ.ਐਸ.ਪੀ. ਨੇ ਕਿਹਾ ਕਿ ਡੀ.ਜੀ.ਪੀ. ਗੌਰਵ ਯਾਦਵ ਅਤੇ ਡੀ.ਆਈ.ਜੀ. ਪਟਿਆਲਾ ਰੇਂਜ ਮਨਦੀਪ ਸਿੰਘ ਸਿੱਧੂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਾਕਾਥੋਨ ਦਾ ਆਯੋਜਨ ਕੀਤਾ ਜਾ ਰਿਹਾ ਹੈ । ਉਹਨਾਂ ਇਹ ਵੀ ਕਿਹਾ ਕਿ ਨਸ਼ਿਆਂ ਵਿਰੁੱਧ ਛੇੜੀ ਜਾਗਰੂਕਤਾ ਮੁਹਿੰਮ ਵਿੱਚ ਨੌਜਵਾਨਾਂ ਨੂੰ ਵੱਧ ਚੜ੍ਹ ਕੇ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵੱਧ ਤੋਂ ਵੱਧ ਜਾਗਰੂਕ ਕੀਤਾ ਜਾ ਸਕੇ । ਉਹਨਾਂ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਨਸ਼ਿਆਂ ਵਿਰੁੱਧ ਪੁਲਿਸ ਪ੍ਰਸ਼ਾਸਨ ਨੂੰ ਸਹਿਯੋਗ ਕਰਨ ਲਈ ਅੱਗੇ ਆਉਣ ਤਾਂ ਜੋ ਨਸ਼ਿਆਂ ਨੂੰ ਜੜ੍ਹੋਂ ਖਤਮ ਕੀਤਾ ਜਾ ਸਕੇ ਅਤੇ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾ ਸਕੀਏ। ਇਸ ਮੌਕੇ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ, ਸਟੇਟ ਅਵਾਰਡੀ ਪਰਮਿੰਦਰ ਭਲਵਾਨ, ਪ੍ਰੋਜੈਕਟ ਡਾਇਰੈਕਟਰ ਪੰਜਾਬ ਰੈਡ ਕਰਾਸ ਨਸ਼ਾ ਛੁਡਾਊ ਅਤੇ ਪੁਨਰਵਾਸ ਕੇਂਦਰ ਸਾਕੇਤ ਹਸਪਤਾਲ ਪਰਮਿੰਦਰ ਕੌਰ ਮਨਚੰਦਾ, ਗਵਰਨਰ ਸਟੇਟ ਅਵਾਰਡੀ ਜਤਵਿੰਦਰ ਗਰੇਵਾਲ , ਐਸ.ਐਚ.ਓ ਥਾਣਾ ਤ੍ਰਿਪੜੀ ਇੰਸਪੈਕਟਰ ਪ੍ਰਦੀਪ ਬਾਜਵਾ, ਐਸ.ਐਚ.ਓ ਥਾਣਾ ਸਦਰ ਇੰਸਪੈਕਟਰ ਗੁਰਮੀਤ ਸਿੰਘ ਭਿੰਡਰ, ਐਸ.ਆਈ.ਜਸਪਾਲ ਸਿੰਘ, ਇੰਸਪੈਕਟਰ ਸਰਪ੍ਰੀਤ ਕੌਰ , ਐਸ .ਆਈ. ਪ੍ਰਦੀਪ ਕੁਮਾਰ, ਇੰਚਾਰਜ ਸਾਂਝ ਕੇਂਦਰ ਭੁਪਿੰਦਰ ਸਿੰਘ , ਇੰਸਪੈਕਟਰ ਆਲਮਜੀਤ ਸਿੰਘ , ਜ਼ਿਲ੍ਹਾ ਇੰਚਾਰਜ ਟਰੈਫਿਕ ਇੰਸਪੈਕਟਰ ਕਰਮਜੀਤ ਸਿੰਘ, ਇੰਚਾਰਜ ਸਿਟੀ ਟਰੈਫਿਕ ਐਸ.ਆਈ. ਭਗਵਾਨ ਸਿੰਘ, ਸਟੇਟ ਅਵਾਰਡੀ ਰੁਪਿੰਦਰ ਕੌਰ ਤੋਂ ਇਲਾਵਾ ਪੁਲਿਸ ਵਿਭਾਗ ਦੇ ਅਧਿਕਾਰੀ ਅਤੇ ਕਰਮਚਾਰੀਆਂ ਸਮੇਤ ਵੱਖ-ਵੱਖ ਸਕੂਲਾਂ ਦੇ ਬੱਚੇ ਅਤੇ ਅਧਿਆਪਕ ਸ਼ਾਮਲ ਸਨ।




## ਸੀ ਪਾਈਟ ਵਿਖੇ ਫ਼ੌਜ ਦੀ ਭਰਤੀ ਸਬੰਧੀ ਮੁਫ਼ਤ ਸਿਖਲਾਈ ਕੈਂਪ ਸ਼ੁਰੂ

**ਨਾਭਾ/ਪਟਿਆਲਾ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਬੇਰੁਜ਼ਗਾਰ ਨੌਜਵਾਨਾਂ ਨੂੰ ਫ਼ੌਜ, ਅਰਧ-ਸੈਨਿਕ ਬਲਾਂ ਅਤੇ ਪੁਲਿਸ ਵਿਚ ਭਰਤੀ ਦੇ ਯੋਗ ਬਣਾਉਣ ਲਈ ਮੁਫ਼ਤ ਸਿਖਲਾਈ ਕੈਂਪ ਚਲਾਏ ਜਾ ਰਹੇ ਹਨ। ਇਸੇ ਲੜੀ ਤਹਿਤ ਸੀ-ਪਾਈਟ ਕੈਂਪ, ਨਾਭਾ (ਪਟਿਆਲਾ) ਵਿਖੇ ਅਗਨੀਵੀਰ ਭਰਤੀ 2025 ਦੇ ਲਿਖਤੀ ਪੇਪਰ ਦੀ ਤਿਆਰੀ ਦਾ ਕੈਂਪ ਸ਼ੁਰੂ ਹੋ ਗਿਆ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਕੈਂਪ ਟ੍ਰੇਨਿੰਗ ਅਫ਼ਸਰ ਯਾਦਵਿੰਦਰ ਸਿੰਘ ਨੇ ਦੱਸਿਆ ਕਿ ਅਗਲੇ ਮਹੀਨੇ 6 ਫਰਵਰੀ 2025 ਤੋਂ ਫ਼ੌਜ ਦੀ ਭਰਤੀ ਸਬੰਧੀ ਵੈੱਬਸਾਈਟ ਖੁੱਲ ਰਹੀ ਹੈ, ਜਿਸ ਰਾਹੀਂ ਭਰਤੀ ਹੋਣ ਦੇ ਚਾਹਵਾਨ ਨੌਜਵਾਨ ਆਪਣੀ ਆਨਲਾਈਨ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਜ਼ਿਲ੍ਹਾ ਪਟਿਆਲਾ, ਸੰਗਰੂਰ, ਮਲੇਰਕੋਟਲਾ ਅਤੇ ਬਰਨਾਲਾ ਨਾਲ ਸੰਬੰਧਿਤ ਨੌਜਵਾਨ ਨਾਭਾ ਕੈਂਪ ਵਿਚ ਆ ਸਕਦੇ ਹਨ। ਯੁਵਕ ਕੈਂਪ ਵਿਚ ਆ ਕੇ ਦਸਤਾਵੇਜ਼ਾਂ ਸਬੰਧੀ ਹੋਣ ਵਧੇਰੇ ਜਾਣਕਾਰੀ ਲੈ ਸਕਦੇ ਹਨ। ਚਾਹਵਾਨ ਨੌਜਵਾਨ ਆਪਣੇ ਦਸਤਾਵੇਜ਼ ਲੈ ਕੇ ਸੀ-ਪਾਈਟ ਕੈਂਪ, ਨਾਭਾ ਦੇ ਦਫ਼ਤਰ ਵਿਖੇ ਕਿਸੇ ਵੀ ਕੰਮਕਾਜ ਵਾਲੇ ਦਿਨ ਆ ਸਕਦੇ ਹਨ।

# ਪੰਜਾਬ ਹੁਨਰ ਵਿਕਾਸ ਮਿਸ਼ਨ ਦੀ ਹੁਨਰ ਸਕੀਮ ਪਟਿਆਲਾ ’ਚ ਪਲੰਬਰਾਂ ਨੂੰ ਉੱਨਤ ਹੁਨਰ ਨਾਲ ਲੈਸ ਕਰਨ ਲਈ ਸਹਾਈ



**ਪਟਿਆਲਾ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਹੁਨਰ ਵਿਕਾਸ ਮਿਸ਼ਨ, ਆਪਣੀ ਪ੍ਰਮੁੱਖ ਹੁਨਰ ਸਕੀਮ, ਪੰਜਾਬ ਹੁਨਰ ਵਿਕਾਸ ਯੋਜਨਾ ਅਧੀਨ ਇੱਕ ਵਿਸ਼ੇਸ਼ ਮਾਨਤਾ ਪ੍ਰਾਪਤ ਪ੍ਰਾਇਰ ਲਰਨਿੰਗ ਸਿਖਲਾਈ ਪ੍ਰੋਗਰਾਮ ਰਾਹੀਂ ਪਟਿਆਲਾ ਵਿੱਚ ਪਲੰਬਰਾਂ ਨੂੰ ਉੱਨਤ ਹੁਨਰਾਂ ਨਾਲ ਲੈਸ ਕਰ ਰਿਹਾ ਹੈ।

ਪੰਜਾਬ ਹੁਨਰ ਵਿਕਾਸ ਮਿਸ਼ਨ ਦੇ ਪਟਿਆਲਾ ਦਫ਼ਤਰ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ 15 ਤੋਂ 20 ਜਨਵਰੀ, 2025 ਤੱਕ ਚਿਤਕਾਰਾ ਯੂਨੀਵਰਸਿਟੀ ਦੀ ਅਤਿ-ਆਧੁਨਿਕ ÷ਆਈਕੋਨਿਕ ਪਲੰਬਿੰਗ ਲੈਬ÷ ਵਿਖੇ ਤਿੰਨ ਦਿਨਾਂ ਸਿਖਲਾਈ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿੱਚ ਪੰਜਾਬ ਹੁਨਰ ਵਿਕਾਸ ਮਿਸ਼ਨ, ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਿਨਿਸਟ੍ਰੇਸ਼ਨ ਤੇ ਪਟਿਆਲਾ ਪਲੰਬਰ ਐਸੋਸੀਏਸ਼ਨ ਵਲੋਂ ਸਹਿਯੋਗ ਦਿੱਤਾ ਜਾ ਰਿਹਾ ਹੈ।

ਇਸ ਪ੍ਰੋਗਰਾਮ ਵਿੱਚ ਉਦਯੋਗਿਕ ਅਤੇ ਆਮ ਪਲੰਬਿੰਗ ਤਕਨੀਕਾਂ ’ਤੇ ਕੇਂਦ੍ਰਿਤ, ਸਿਖਲਾਈ ਦੌਰਾਨ ਕੁਸ਼ਲ ਪਾਣੀ ਪ੍ਰਬੰਧਨ ’ਤੇ ਜ਼ੋਰ ਦਿੰਦੇ ਹੋਏ ਟ੍ਰੇਨਿੰਗ ਲੈਣ ਵਾਲਿਆਂ ਨੂੰ ਉਨ੍ਹਾਂ ਹੁਨਰਾਂ ਨਾਲ ਲੈਸ ਕੀਤਾ ਜਾ ਰਿਹਾ ਹੈ ਜੋ ਕਿ ਉਨ੍ਹਾਂ ਦੀ ਰੁਜ਼ਗਾਰਯੋਗਤਾ ਨੂੰ ਵਧਾਉਣ ਦੇ ਨਾਲ-ਨਾਲ ਟਿਕਾਊ ਜਲ ਸਰੋਤ ਅਭਿਆਸਾਂ ਵਿੱਚ ਯੋਗਦਾਨ ਵੀ ਪਾਵੇ।

ਬੁਲਾਰੇ ਨੇ ਦੱਸਿਆ ਕਿ ਇਸ ਪ੍ਰੋਗਰਾਮ ਦਾ ਉਦਘਾਟਨ ਪੀਐਸਡੀਐਮ ਦੇ ਮਿਸ਼ਨ ਡਾਇਰੈਕਟਰ ਅੰਮ੍ਰਿਤ ਸਿੰਘ, ਚਿਤਕਾਰਾ ਯੂਨੀਵਰਸਿਟੀ ਦੇ ਸਿਵਲ ਵਿਭਾਗ ਦੇ ਮੁਖੀ ਡਾ. ਅਜੈ ਗੋਇਲ, ਮਗਸੀਪਾ ਤੋਂ ਕਮਲ ਕਿਸ਼ੋਰ ਅਤੇ ਪਟਿਆਲਾ ਪਲੰਬਰ ਐਸੋਸੀਏਸ਼ਨ ਦੇ ਸੰਸਥਾਪਕ ਮੈਂਬਰ ਸਚਿਨ ਗੁਪਤਾ ਨੇ ਦੀਪ ਜਗਾ ਕੇ ਕੀਤਾ।

ਇਸ ਪਹਿਲਕਦਮੀ ਦੀ ਸਫਲਤਾ ਦੇ ਆਧਾਰ ’ਤੇ, ਪੀਐਸਡੀਐਮ ਨੇ 29 ਤੋਂ 31 ਜਨਵਰੀ, 2025 ਅਤੇ 12 ਤੋਂ 14 ਫਰਵਰੀ, 2025 ਤੱਕ ਵਾਧੂ ਸਿਖਲਾਈ ਸੈਸ਼ਨਾਂ ਦਾ ਐਲਾਨ ਕੀਤਾ ਹੈ। ਇਸ ਵਿੱਚ ਦਿਲਚਸਪੀ ਰੱਖਣ ਵਾਲੇ ਉਮੀਦਵਾਰ ਰਜਿਸਟ੍ਰੇਸ਼ਨ ਅਤੇ ਇਹਨਾਂ ਸਿਖਲਾਈ ਮੌਕਿਆਂ ਬਾਰੇ ਵਧੇਰੇ ਜਾਣਕਾਰੀ ਲਈ ਪੀਐਸਡੀਐਮ ਦੇ ਪਟਿਆਲਾ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ।

# ਡਿਪਟੀ ਕਮਿਸ਼ਨਰ ਲੁਧਿਆਣਾ ਵੱਲੋਂ ਹਲਵਾਰਾ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਦੌਰਾ



**ਲੁਧਿਆਣਾ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਵੱਲੋਂ ਵੀਰਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਆਗਾਮੀ ਹਲਵਾਰਾ ਹਵਾਈ ਅੱਡੇ ਦੀ ਟਰਮੀਨਲ ਸਾਈਟ ’ਤੇ ਸਿਵਲ ਕਾਰਜ਼ 100 ਫੀਸਦ ਮੁਕੰਮਲ ਹੋ ਚੁੱਕੇ ਹਨ।

ਲੋਕ ਨਿਰਮਾਣ ਵਿਭਾਗ, ਪਬਲਿਕ ਹੈਲਥ, ਪੀ.ਐਸ.ਪੀ.ਸੀ.ਐਲ., ਏ.ਏ.ਆਈ., ਐਨ.ਐਚ.ਏ.ਆਈ., ਡਰੇਨੇਜ ਅਤੇ ਸਾਈਟ ’ਤੇ ਠੇਕੇਦਾਰ ਕੰਪਨੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਜੋਰਵਾਲ ਨੇ ਕਿਹਾ ਕਿ ਆਈ.ਏ.ਐਫ. ਕੈਂਪਸ ’ਤੇ ਕੁਝ ਆਖਰੀ ਮੀਲ ਸੰਪਰਕ ਦੇ ਕੰਮਾਂ ਦੀ ਗਤੀ ਵੀ ਤੇਜ਼ ਕਰ ਦਿੱਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਪ੍ਰਸ਼ਾਸਨ ਇਨ੍ਹਾਂ ਕੰਮਾਂ ਨੂੰ ਜਲਦ ਤੋਂ ਜਲਦ ਪੂਰਾ ਕਰਨ ਲਈ ਆਈ.ਏ.ਐਫ. ਨਾਲ ਲਗਾਤਾਰ ਸੰਪਰਕ ਵਿੱਚ ਹੈ। ਸ੍ਰੀ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਅੰਦਰੂਨੀ ਸੜਕਾਂ, ਜਨਤਕ ਸਿਹਤ ਸੇਵਾਵਾਂ, ਕੈਂਪਸ ਲਾਈਟਿੰਗ, ਟਰਮੀਨਲ ਬਿਲਡਿੰਗ, ਪਾਵਰ ਸਬ-ਸਟੇਸ਼ਨ, ਟਾਇਲਟ ਬਲਾਕ ਅਤੇ ਪਾਰਕਿੰਗ ਦਾ ਨਿਰਮਾਣ ਪਹਿਲਾਂ ਹੀ ਪੂਰਾ ਹੋ ਚੁੱਕਾ ਹੈ।

ਡਿਪਟੀ ਕਮਿਸ਼ਨਰ ਵੱਲੋਂ ਉਡਾਣ ਸੰਚਾਲਨ ਬਾਰੇ ਵੀ ਗੱਲਬਾਤ ਕੀਤੀ ਗਈ ਅਤੇ ਕਿਹਾ ਕਿ ਏਅਰ ਇੰਡੀਆ ਪਹਿਲਾਂ ਹੀ ਹਲਵਾਰਾ ਹਵਾਈ ਅੱਡੇ ਦੇ ਅਧਿਕਾਰਤ ਤੌਰ ’ਤੇ ਚਾਲੂ ਹੋਣ ਅਤੇ ਸਾਰੀਆਂ ਲੋੜੀਂਦੀਆਂ ਰੈਗੂਲੇਟਰੀ ਪ੍ਰਵਾਨਗੀਆਂ ਪ੍ਰਾਪਤ ਕਰਨ ਤੋਂ ਬਾਅਦ ਉਡਾਣਾਂ ਸ਼ੁਰੂ ਕਰਨ ਲਈ ਸਹਿਮਤ ਹੋ ਗਈ ਹੈ।

ਉਨ੍ਹਾਂ ਆਸ ਪ੍ਰਗਟਾਈ ਕਿ ਇਹ ਹਵਾਈ ਅੱਡਾ ਇੱਕ ਆਰਥਿਕ ਉਤਪ੍ਰੇਰਕ ਹੋਵੇਗਾ ਜੋ ਉਦਯੋਗਿਕ ਵਿਕਾਸ, ਨਿਰਯਾਤ, ਰੋਜ਼ਗਾਰ, ਰੀਅਲ ਅਸਟੇਟ ਅਤੇ ਹੋਰਾਂ ਨੂੰ ਹੁਲਾਰਾ ਦੇਵੇਗਾ।

## ਬੇਲਾ ਫਾਰਮੇਸੀ ਕਾਲਜ ਨੂੰ ਪੇਟੈਂਟ ਮਨਜ਼ੂਰੀ ਮਿਲੀ




**ਚਮਕੌਰ ਸਾਹਿਬ 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਸ਼ਾਨਦਾਰ ਪ੍ਰਾਪਤੀ ਵਿੱਚ, ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਆਫ਼ ਫਾਰਮੇਸੀ (ਆਟੋਨੋਮਸ) ਨੂੰ ਇਸਦੇ ਨਵੀਨਤਾਕਾਰੀ ਫਾਰਮੂਲੇ, ਜ਼ਖਮਾਂ ਦੇ ਇਲਾਜ ਲਈ ਨੈਨੋਸਪੈਂਡਡ ਡਰੱਗ ਤੋਂ ਟ੍ਰਾਂਸਡਰਮਲ ਪੈਚ ਦੀ ਫਾਰਮੂਲੇਸ਼ਨ ਲਈ ਇੱਕ ਪੇਟੈਂਟ ਪ੍ਰਾਪਤ ਹੋਇਆ ਹੈ। ਡਾ: ਸ਼ੈਲੇਸ਼ ਸ਼ਰਮਾ ਦੀ ਅਗਵਾਈ ਹੇਠ ਡਾ: ਨੀਲਮ ਸ਼ਰਮਾ, ਡਾ: ਰਾਹੁਲ ਕੁਮਾਰ ਸ਼ਰਮਾ, ਪ੍ਰੋ ਪੂਨਮ ਗਾਬਾ, ਸ਼੍ਰੀਮਤੀ ਆਕਾਂਕਸ਼ਾ ਸਿੰਘ ਅਤੇ ਉਦਯੋਗਿਕ ਭਾਈਵਾਲ ਡਾ: ਪ੍ਰਵੀਨ ਕੁਮਾਰ ਦੀ ਅਗਵਾਈ ਵਾਲੀ ਟੀਮ ਦੁਆਰਾ ਤਿਆਰ ਕੀਤਾ ਗਿਆ, ਇਹ ਖੁਰਾਕ ਫਾਰਮ ਵੁੱਡਸ ਦੇ ਇਲਾਜ ਲਈ ਤਿਆਰ ਕੀਤਾ ਗਿਆ ਹੈ। .ਰੈਗੂਲੇਟਰੀ ਪ੍ਰਵਾਨਗੀ ਤੋਂ ਬਾਅਦ, ਫਾਰਮੂਲੇ ਨੂੰ ਮਰੀਜ਼ਾਂ ਲਈ ਉਪਲਬਧ ਕਰਾਇਆ ਜਾਵੇਗਾ। ਕਾਲਜ ਦੀ ਪ੍ਰਬੰਧਕੀ ਕਮੇਟੀ ਨੇ ਇਸ ਪ੍ਰਾਪਤੀ ’ਤੇ ਫੈਕਲਟੀ ਮੈਂਬਰਾਂ ਨੂੰ ਵਧਾਈ ਦਿੱਤੀ ਹੈ ਅਤੇ ਉਨ੍ਹਾਂ ਦੇ ਭਵਿੱਖ ਦੇ ਖੋਜ ਯਤਨਾਂ ਵਿੱਚ ਲਗਾਤਾਰ ਸਫਲਤਾ ਦੀ ਕਾਮਨਾ ਕੀਤੀ ਹੈ।

ਇਹ ਪੇਟੈਂਟ ਫਾਰਮੇਸੀ ਦੇ ਖੇਤਰ ਵਿੱਚ ਨਵੀਨਤਾਕਾਰੀ ਖੋਜ ਅਤੇ ਵਿਕਾਸ ਪ੍ਰਤੀ ਆਪਣੀ ਵਚਨਬੱਧਤਾ ਨੂੰ ਉਜਾਗਰ ਕਰਦੇ ਹੋਏ ਕਾਲਜ ਲਈ ਇੱਕ ਮਹੱਤਵਪੂਰਨ ਮੀਲ ਪੱਥਰ ਦੀ ਨਿਸ਼ਾਨਦੇਹੀ ਕਰਦਾ ਹੈ।

# ਪੰਜਾਬ ਪ੍ਰਦੇਸ਼ ਮਹਿਲਾ ਕਾਂਗਰਸ ਕਮੇਟੀ ਜਿਲ੍ਹਾ ਸੰਗਰੂਰ ਦੀ ਵਾਈਸ ਪ੍ਰਧਾਨ ਨਿਯੁਕਤ :ਪੰਮੀ ਕੌਰ

**ਖਨੌਰੀ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਨਜ਼ਦੀਕ ਪਿੰਡ ਬਹਾਮਣੀਵਾਲਾ ਵਿੱਚ ਐਸੀ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਵੇਖਣ ਨੂੰ ਮਿਲੀ ਕਿ ਉੱਘੇ ਸਮਾਜ ਸੇਵਕ ਪੰਮੀ ਕੌਰ ਬਹਾਮਣੀਵਾਲਾ ਨੂੰ ਪੰਜਾਬ ਪ੍ਰਦੇਸ਼ ਮਹਿਲਾ ਕਾਂਗਰਸ ਕਮੇਟੀ ਜਿਲ੍ਹਾ ਸੰਗਰੂਰ ਦੀ ਵਾਈਸ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

ਪੰਜਾਬ ਪ੍ਰਦੇਸ਼ ਮਹਿਲਾ ਕਾਂਗਰਸ ਕਮੇਟੀ ਦੀ ਪੰਜਾਬ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਜੀ ਅਤੇ ਪ੍ਰਧਾਨ ਅਲਕਾ ਲਾਬਾ ਜੀ ਏ ਆਈ ਐਮ ਸੀ ਦੀ



ਪਰਵਾਨਗੀ ਨਾਲ ਸਰਦਾਰ ਦੁਰਲੱਭ ਸਿੱਧੂ ਜੀ ਜੋਰਦਾਰ ਸਿਫਾਰਸ਼ ਤੇ ਪੰਮੀ ਕੌਰ ਬਹਾਮਣੀਵਾਲਾ ਨੂੰ ਵਾਈਸ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਅੱਜ ਪੱਤਰਕਾਰ ਨਾਲ ਗੱਲ ਬਾਤ ਦੱਸਿਆ ਕਿ ਕਾਂਗਰਸ ਪਾਰਟੀ ਹਮੇਸ਼ਾ ਮਿਹਨਤੀ ਵਰਕਰਾਂ ਅੱਗੇ ਲੈ ਕੇ ਆ ਰਾਹੀਂ ਹਾ। ਮੈਂ ਦੁਰਲੱਭ ਸਿੱਧੂ ਅਤੇ ਪਾਰਟੀ ਹਾਈਕਾਮਨ ਬਹੁਤ ਬਹੁਤ ਧੰਨਵਾਦ ਕਰਦੀ ਹਾਂ। ਇਸ ਮੌਕੇ ਮਹਿੰਦਰ ਮੰਡਵੀ, ਬਿੰਦਰ ਗੇਹਲਾਂ, ਦਰਸ਼ਨ ਗਿੱਲ , ਬਲਜੀਤ ਸਿੰਘ ਬਹਾਮਣੀਵਾਲਾ, ਬਲਦੇਵ ਸਿੰਘ ਸਰਾਓ ਆਦਿ ਆਗੂ ਹਾਜ਼ਰ ਸਨ।

# ਪੀ ਆਰ ਟੀ ਸੀ ਦੀ ਬੱਸ ਵਿੱਚੋਂ ਡਿੱਗਣ ਕਰਕੇ ਮਾਂ ਦੀ ਮੌਤ; ਧੀ ਜ਼ਖ਼ਮੀ



**ਧੂਰੀ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀਆਰਟੀਸੀ ਦੀ ਬੱਸ ਰਾਹੀਂ ਸੰਘੇੜੇ ਤੋਂ ਨਾਭਾ ਜਾ ਰਹੇ ਪਰਿਵਾਰ ਨਾਲ ਵਾਪਰਿਆ ਭਾਣਾ ਧੂਰੀ ਨੇੜੇ ਪਿੰਡ ਚੰਗਲੀ ਦੇ ਮੋੜ ਤੇ ਬੱਸ ਦੀ ਤਾਕੀ ਵਿੱਚੋ ਇਕ 30 ਸਾਲਾ ਔਰਤ ਅਤੇ ਉਸਦੀ ਬੇਟੀ ਸੜਕ ਤੇ ਡਿੱਗ ਪਏ ਜਿਸ ਚ ਔਰਤ ਦੀ ਹੋਈ ਮੌਤ ਅਤੇ ਬੇਟੀ ਹੋਈ ਜਖਮੀ ਜਿਸ ਨੂੰ ਧੂਰੀ ਦੇ ਸਰਕਾਰੀ ਹਸਪਤਾਲ ਚ ਕਰਾਇਆ ਗਿਆ ਦਾਖਲ ਮ੍ਰਿਤਕ ਦੇ ਪਤੀ ਨੇ ਦਸਿਆ ਅਸੀਂ ਅੱਜ ਸਵੇਰੇ ਆਪਣੇ ਪਰਿਵਾਰ ਨਾਲ ਨਾਭੇ ਜਾ ਰਹੇ ਸੀ।ਪੀ.ਆਰ.ਟੀ.ਸੀ. ਬੱਸ ਦੇ ਡਰਾਈਵਰ ਨੇ ਪਿੰਡ ਚਾਂਗਲੀ ਵਾਲੇ ਮੋੜ ਤੋਂ ਬੱਸ ਨੂੰ ਤੇਜੀ ਨਾਲ ਮੋੜ ਦਿੱਤਾ ਤਾਕੀ ਖੁੱਲੀ ਹੋਣ ਕਰਕੇ ਮੇਰੀ ਪਤਨੀ ਅਤੇ ਮੇਰੀ ਬੇਟੀ ਸੜਕ ਤੇ ਗਿਰ ਗਏ ਜਿਨਾਂ ਦੇ ਸੱਟਾਂ ਲੱਗੀਆਂ ਅਤੇ ਮੇਰੀ ਪਤਨੀ ਦੀ ਮੌਤ ਹੋ ਗਈ। ਉਸਨੇ ਬਸ ਡਰਾਈਵਰ ’ਤੇ ਅਣਗਹਿਲੀ ਨਾਲ ਬੱਸ ਚਲਾਉਣ ਦੇ ਇਲਜ਼ਾਮ ਲਗਾਏ।

ਬੱਸ ਦੇ ਕੰਡਕਟਰ ਨੇ ਕਿਹਾ ਮੈਂ ਬੱਸ ਵਿੱਚ ਟਿਕਟਾਂ ਕੱਟ ਰਿਹਾ ਸੀ ਪਰ ਧੁੰਦ ਹੋਣ ਕਰਕੇ ਬਸ ਹੌਲੀ ਸੀ ਉਹਨਾਂ ਨੇ ਤੇਜ਼ੀ ਨਾਲ ਬੱਸ ਚਲਾਉਣ ਦੇ ਇਲਜ਼ਾਮਾਂ ਨੂੰ ਸਿਰੇ ਤੋਂ ਨਕਾਰਿਆ।

ਇਸ ਤਰ੍ਹਾਂ ਦੀ ਡਾਕਟਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਉਹਨਾਂ ਕੋਲ ਸਵੇਰੇ ਦੋ ਮਰੀਜ਼ਆਏ ਸਨ ਜਿਨ੍ਹਾਂ ਵਿਚੋਂ ਔਰਤ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਸੀ ਅਤੇ ਇੱਕ ਬੱਚੀ ਸੀ ਜਿਸ ਦੇ ਸੱਟਾਂ ਲੱਗੀਆਂ ਸਨ ਜੋ ਹੁਣ ਉਹ ਠੀਕ ਹੈ।

# ਵਿਧਾਨ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਦਾ ਵਿਕਾਸ ਕੇਂਦਰ ਦੇ ਸਹਿਯੋਗ ਤੋਂ ਬਿਨਾਂ ਅਸੰਭਵ: ਬਲਰਾਮ ਪਰਾਸ਼ਰ

**ਸ੍ਰੀ ਆਨੰਦਪੁਰ ਸਾਹਿਬ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਅੰਦਰ ਸੜਕਾਂ, ਫਲਾਈਓਵਰ, ਰੋਜ਼ਗਾਰ, ਮੁਹੱਲਾ ਕਲੀਨਿਕ, ਅਤੇ ਹੋਰ ਭਲਾਈ ਸਕੀਮਾਂ ਕੇਂਦਰ ਦੇ ਸਹਿਯੋਗ ਨਾਲ ਚੱਲ ਰਹੀਆਂ ਹਨ ਜਿਸ ਦੀ ਜਾਣਕਾਰੀ ਕੈਬਨਿਟ ਵਜ਼ੀਰ ਸਾਹਿਬ ਸਮੇਂ ਸਮੇਂ ਤੇ ਆਪਣੇ ਸੋਸ਼ਲ ਮੀਡੀਆ ਪੇਜਾਂ ਅਤੇ ਅਖ਼ਬਾਰਾਂ ਰਾਹੀਂ ਲੋਕਾਂ ਨੂੰ ਦਿੰਦੇ ਹਨ ਪਰ ਪੰਜਾਬ ਸਰਕਾਰ ਦੇ ਕੈਬਨਿਟ ਵਜ਼ੀਰ ਕਦੇ ਵੀ ਜਨਤਕ ਸੱਥਾਂ ਵਿਚ ਕੇਂਦਰ ਸਰਕਾਰ ਅਤੇ ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਦਾ ਧੰਨਵਾਦ ਨਹੀਂ ਕਰਦੇ ਇਨਾਂ ਗੱਲਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਭਾਜਪਾ ਦੇ ਜਿਲ੍ਹਾ ਭਾਜਪਾ ਦੇ ਮੁੱਖ ਬੁਲਾਰੇ ਤੇਜ਼ ਤਰਾਰ ਨੌਜਵਾਨ ਆਗੂ ਬਲਰਾਮ ਪਰਾਸ਼ਰ ਨੇ ਕੀਤਾ ਉਨ੍ਹਾਂ ਕਿਹਾ ਕਿ ਵਜ਼ੀਰ ਸਾਹਿਬ ਵਲੋਂ ਕੇਂਦਰੀ ਮੰਤਰੀਆਂ ਨੂੰ ਮਿਲਦੇ ਸਮੇਂ ਗੁਲਦਸਤੇ ਦੇ ਕੇ ਬੰਦ ਕਮਰਾ ਮੀਟਿੰਗਾਂ ਵਿਚ ਬੇਸ਼ੱਕ ਕੇਂਦਰ ਦਾ ਧੰਨਵਾਦ ਕੀਤਾ ਜਾਂਦਾ ਹੈ ਪਰ ਆਪਣੇ ਦਿਲੀ ਵਾਲੇ ਆਕਾ/ਸੁਪ੍ਰੀਮੋ ਜੀ ਦੇ ਡਰ ਤੋਂ ਕਦੇ ਵੀ



ਕਿਤੇ ਜਨਤਕ ਧੰਨਵਾਦ ਨਹੀਂ ਕੀਤਾ ਜਾਂਦਾ ਸਗੋਂ ਦੋਵੇਂ ਬਾਹਾਂ ਅੱਡੀਆਂ ਸਮੇਤ ਚੁੱਕ ਕੇ ਕੁੱਦ - ਕੁੱਦ ਕੇ ਕੇਂਦਰ ਨੂੰ ਭੰਡਣ ਦਾ ਕੰਮ ਕਰਦੇ ਹਨ ਤੇ ਹੁਣ ਉਨ੍ਹਾਂ ਵਲੋਂ ਵਿਧਾਨ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਵਿਚ ਪਰਿਅਟਨ ਨੂੰ ਵਧਾਵਾ ਦੇਣ ਲਈ ਹਲਕੇ ਨੂੰ ਟੂਰਿਸਟ ਹੱਬ ਬਨਾਉਣ ਲਈ ਕੇਂਦਰ ਨੂੰ ਗੁਹਾਰ ਲਗਾਈ ਗਈ ਹੈ ਜਿਸ ਤੇ ਕੇਂਦਰ ਜ਼ਰੂਰ ਸੁਣਵਾਈ ਕਰੇਗਾ ਪਰ ਵਜ਼ੀਰ ਸਾਹਿਬ ਇਹ ਦੱਸਣ ਕਿ ਪੰਜਾਬ ਦੇ ਸਰੋਤਾਂ ਨਜਾਇਜ਼ ਮਾਇੰਨਿੰਗ, ਸ਼ਰਾਬ, ਅਤੇ ਹੋਰ ਰੈਵਨਿਊ ਸੋਮਿਆਂ ਤੋਂ ਇਕੱਠਾ ਕੀਤਾ ਜਾ ਰਿਹਾ ਮਾਲਿਆ ਕਿਨਾਂ ਦੀਆਂ ਜੇਬਾਂ ਵਿਚ ਜਾ ਰਿਹਾ ਹੈ, ਸਥਾਨਕ ਦੂਜੇ ਦਰਜੇ ਦੇ ਲੀਡਰਾਂ ਦੀਆਂ ਸੰਪੱਤੀਆ, ਪ੍ਰੋਪਰਟੀਆ, ਚੱਲ ਸੰਪੱਤੀਆ ਵਿਚ ਅਚਾਨਕ ਵਾਧਾ ਕਿਵੇਂ ਹੋ ਰਿਹਾ ਹੈ ?? ਲੀਡਰਾਂ ਕੋਲ ਕਿਹੜੇ ਜਾਦੂ ਦੀ ਛੜੀ ਆ ਚੁਕੀ ਹੈ ਜਿਸ ਨਾਲ ਲੀਡਰ ਅਮੀਰ ਹੋ ਕੇ ਠਾਠ - ਬਾਠ ਨਾਲ ਰਹਿਣ ਲੱਗ ਪਏ ਹਨ ਜਦੋਂ ਕਿ ਉਨਾਂ ਦੇ ਹੀ ਦਰੀਆਂ ਝਾੜਨ ਵਾਲੇ ਵਰਕਰ ਸੋਸ਼ਲ ਮੀਡੀਆ ਤੇ ਸ਼ਰੇਆਮ ਹਲਕੇ ਅੰਦਰ ਹੋ ਰਹੀ ਲੁੱਟ ਖ਼ਿਲਾਫ਼ ਬੋਲ ਰਹੇ ਹਨ।

ਨੌਜਵਾਨ ਭਾਜਪਾ ਆਗੂ ਜਿਲ੍ਹਾ ਭਾਜਪਾ ਦੇ ਮੁੱਖ ਬੁਲਾਰੇ ਬਲਰਾਮ ਪਰਾਸ਼ਰ ਨੇ ਆਖਿਰ ਵਿੱਚ ਕਿਹਾ ਕਿ ਉਹ ਆਉਣ ਵਾਲੇ ਸਮੇਂ ਵਿਚ ਇਕੱਲੀ ਇਕੱਲੀ ਗੱਲ ਲੋਕਾਂ ਦੀ ਸੱਥ ਵਿਚ ਰੱਖਣਗੇ ਉਨ੍ਹਾਂ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਲੋਕ ਬਹੁਤ ਭੋਲੇ ਭਾਲੇ ਸ਼ਰੀਫ਼ ਹਨ ਜ਼ੋ ਉਨ੍ਹਾਂ ਦੀਆਂ ਗੱਲਾਂ ਵਿਚ ਇਕ ਵਾਰ ਜ਼ਰੂਰ ਫੱਸ ਚੁੱਕੇ ਸਨ ਪਰ ਇਥੋਂ ਦੇ ਲੋਕ ਬੁੱਧੂ ਨਹੀਂ ਜ਼ੋ ਬਾਰ ਬਾਰ ਇਨਾਂ ਦੀਆਂ ਹਵਾਈ ਗੱਲਾਂ ਵਿਚ ਫਸ ਰਹਿਣਗੇ।

# ਜੱਸੀ ਢੱਲ ਮੈਮੋਰੀਅਲ ਸਪੋਰਟਸ ਕਲੱਬ ਵੱਲੋਂ ਸ਼੍ਰੀਮਤੀ ਮਮਤਾ ਰਾਣੀ ਨੂੰ ਕੀਤਾ ਸਨਮਾਨਿਤ




**ਪਟਿਆਲਾ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜੱਸੀ ਢੱਲ ਮੈਮੋਰੀਅਲ ਸਪੋਰਟਸ ਕਲੱਬ (ਰਜਿ.) ਵੱਲੋਂ ਦੂਸਰੀ ਜੱਸੀ ਢੱਲ ਮੈਮੋਰੀਅਲ ਬੇਸਬਾਲ ਚੈਂਪੀਅਨਸ਼ਿਪ ਸ.ਕੋ.ਐਡ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਕੂਲ ਪਾਸੀ ਰੋਡ ਪਟਿਆਲਾ ਵਿਖੇ ਕਰਵਾਈ ਗਈ। ਇਸ ਚੈਂਪੀਅਨਸ਼ਿਪ ਵਿੱਚ ਭਾਰਤ ਦੇ ਵੱਖ ਵੱਖ ਸਥਾਨਾਂ ਤੋਂ ਟੀਮਾਂ ਨੇ ਭਾਗ ਲਿਆ। ਇਸ ਚੈਂਪੀਅਨਸ਼ਿਪ ਦਾ ਹਰ ਮੈਚ ਬਹੁਤ ਹੀ ਰੋਮਾਂਚਕ ਰਿਹਾ ਅਤੇ ਦਰਸ਼ਕਾਂ ਵਿੱਚ ਵੀ ਇਸ ਚੈਂਪੀਅਨਸ਼ਿਪ ਨੂੰ ਵੇਖਣ ਦਾ ਬਹੁਤ ਉਤਸ਼ਾਹ ਰਿਹਾ। ਇਸ ਚੈਂਪੀਅਨਸ਼ਿਪ ਦੇ ਪ੍ਰਬੰਧਾਂ ਲਈ ਸ੍ਰੀਮਤੀ ਮਮਤਾ ਰਾਣੀ (ਪੀ.ਟੀ.ਆਈ., ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ, ਪਟਿਆਲਾ) ਨੇ ਦਿਨ ਰਾਤ ਮਿਹਨਤ ਕੀਤੀ। ਇਸ ਚੈਂਪੀਅਨਸ਼ਿਪ ਨੂੰ ਸਫਲਤਾਪੂਰਵਕ ਕਰਵਾਉਣ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਣ ਲਈ ਸ੍ਰੀਮਤੀ ਮਮਤਾ ਰਾਣੀ ਜੀ (ਪੀ.ਟੀ.ਆਈ., ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ, ਪਟਿਆਲਾ) ਨੂੰ ਚੈਂਪੀਅਨਸ਼ਿਪ ਦੀ ਸਮਾਪਤੀ ਤੇ ਸ੍ਰੀ ਭਗਵਾਨ ਦਾਸ ਜੁਨੇਜਾ ਜੀ ਵੱਲੋਂ ਸਨਮਾਨਿਤ ਕੀਤਾ ਗਿਆ। ਸ੍ਰੀਮਤੀ ਮਮਤਾ ਰਾਣੀ ਜੀ ਨੇ ਕਿਹਾ ਕਿ ਉਹਨਾਂ ਨੂੰ ਇਹ ਸਨਮਾਨ ਪ੍ਰਾਪਤ ਕਰਕੇ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ । ਸ੍ਰੀਮਤੀ ਮਮਤਾ ਰਾਣੀ ਜੀ ਨੇ ਕਿਹਾ ਕਿ ਇਹ ਚੈਂਪੀਅਨਸ਼ਿਪ ਬੇਸਬਾਲ ਨੂੰ ਭਾਰਤ ਵਿੱਚ ਲੋਕਪ੍ਰਿਅ ਕਰਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਏਗੀ। ਇਸ ਮੌਕੇ ਤੇ ਸ੍ਰੀ ਹਰੀਸ਼ ਸਿੰਘ, ਸ੍ਰੀ ਯਾਦਵਿੰਦਰ ਸਿੰਘ ਵਾਲੀਆ, ਸ੍ਰੀ ਵਿਕਰਮ ਸਿੰਘ, ਸ੍ਰੀ ਮਨਪ੍ਰੀਤ ਸਿੰਘ, ਸ੍ਰੀ ਗੁਰਜੀਤ ਸਿੰਘ, ਸ੍ਰੀਮਤੀ ਰਵਿੰਦਰਪਾਲ ਕੌਰ, ਸ੍ਰੀ ਮਨਜੀਤ ਸਿੰਘ, ਸ੍ਰੀਮਤੀ ਮੋਨਿਕਾ ਅਰੋੜਾ, ਸ੍ਰੀ ਅਮਿਤ ਅਰੋੜਾ, ਸ੍ਰੀ ਜਸਵਿੰਦਰ ਸਿੰਘ ਅਤੇ ਹੋਰ ਕੋਚ ਮੌਜੂਦ ਸਨ ।

# ਉਮੰਗ ਸੰਸਥਾਂ ਵੱਲੋਂ ਸਰਕਾਰੀ ਹਾਈ ਸਮਾਰਟ ਸਕੂਲ ਧਬਲਾਨ ਵਿਖੇ ਸਾਈਬਰ ਸਕਿਊਰਟੀ ਸੈਮੀਨਾਰ ਆਯੋਜਿਤ

## ਸੰਸਥਾ ਦੀ ਮੁਹਿੰਮ ਬੱਚਿਆਂ ਲਈ ਅਹਿਮ ਜਾਣਕਾਰੀ ਸਿੱਧ ਹੋਵੇਗੀ: ਹੈਡਮਿਸਟ੍ਰੈਸ ਰਜਨੀ ਸਿੰਗਲਾ

**ਪਟਿਆਲਾ, 20 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਉਮੰਗ ਵੈੱਲਫੈਅਰ ਫਾਊਂਡੇਸ਼ਨ ਅਤੇ ਸ਼ਮਸ਼ੇਰ ਐਜੂਕੇਸ਼ਨਲ ਐਂਡ ਵੈਲਫੇਅਰ ਸੁਸਾਇਟੀ ਟੀਮ ਵੱਲੋਂ ਬੀਤੇ ਸਾਲ 2024 ਤੋਂ ਲਗਾਤਾਰ ਸਰਕਾਰੀ ਤੇ ਗੈਰ ਸਰਕਾਰੀ ਕਾਲਜਾਂ ਤੇ ਸਕੂਲਾਂ ਵਿੱਚ ਸਾਈਬਰ ਅਪਰਾਧਾਂ ਤੋਂ ਬਚਣ ਅਤੇ ਇਹਨਾਂ ਨਾਲ ਨਿਪਟਣ ਪ੍ਰਤੀ ਜਾਗਰੂਕਤਾ ਲਈ ਸੈਮੀਨਾਰ ਲਗਾਏ ਜਾ ਰਹੇ ਹਨ। ਬੀਤੇ ਦਿਨੀ ਸੰਸਥਾਂ ਵੱਲੋਂ ਇਹ ਸੈਮੀਨਾਰ ਸਰਕਾਰੀ ਹਾਈ ਸਮਾਰਟ ਸਕੂਲ, ਧਬਲਾਨ ਵਿਖੇ ਆਯੋਜਿਤ ਕੀਤਾ ਗਿਆ. ਦੱਸਣਯੋਗ ਹੈ ਕਿ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਅਤੇ ਚਾਇਲਡ ਪ੍ਰੋਟੈਕਸ਼ਨ ਅਫਸਰ ਸ਼ਾਇਨਾਂ ਕਪੂਰ ਦੇ ਵਿਸ਼ੇਸ਼ ਸਹਿਯੋਗ ਨਾਲ ’ਤੇ ਸੰਸਥਾਂ ਦੇ ਚੇਅਰਮੈਨ ਹਰਦੀਪ ਸਿੰਘ ਬਡੂੰਗਰ ਡੀਐਸਪੀ ਪੀਪੀਐਸ ਦੀ ਰਹਿਨੁਮਾਈ ਹੇਠ ਸ਼ੁਰੂ ਕੀਤੇ ਇਸ ਉਪਰਾਲੇ ਤਹਿਤ ਹੁਣ ਤੱਕ 33 ਸਰਕਾਰੀ ਤੇ ਗੈਰ ਸਰਕਾਰੀ ਸਕੂਲ ਅਤੇ ਕਾਲਜਾਂ ਵਿੱਚ ਇਹ ਸੈਮੀਨਾਰ ਲਗਾਇਆ ਜਾ ਚੁੱਕਾ ਹੈ ਅਤੇ ਅੱਗੋਂ ਵੀ ਇਸੇ ਤਰ੍ਹਾਂ ਸੈਮੀਨਾਰ ਲਗਾਤਾਰ ਜਾਰੀ ਹਨ। ਇਸ ਮੌਕੇ ਹੈਡਮਿਸਟ੍ਰੈਸ ਰਜਨੀ ਸਿੰਗਲਾ ਨੇ ਉਮੰਗ ਸੰਸਥਾ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੰਸਥਾ ਦੀ ਇਹ ਮੁਹਿੰਮ ਬੱਚਿਆਂ ਲਈ ਅਹਿਮ ਜਾਣਕਾਰੀ ਸਿੱਧ ਹੋਵੇਗੀ। ਉਨਾਂ ਸੰਸਥਾਂ ਦੇ ਸੀਨੀਅਰ ਵਾਇਸ ਪ੍ਰਧਾਨ ਅਨੁਰਾਗ ਅਚਾਰੀਆ ਵੱਲੋਂ ਸਾਈਬਰ ਸਕਿਊਰਟੀ ਉਪਰ ਦਿੱਤੇ ਲੈਕਚਰ ਦੀ ਕਾਫੀ ਤਾਰੀਫ ਕੀਤੀ ਅਤੇ ਕਿਹਾ ਕਿ ਉਨਾਂ ਦੇ ਸਕੂਲ ਵਲੋਂ ਵੀ ਬੱਚਿਆਂ ਨੂੰ ਇੰਟਰਨੇਟ ਦੀ ਸਹੀ ਵਰਤੋਂ ਅਤੇ ਇਸ ਦੀ ਵਰਤੋਂ ਦੋਰਾਨ ਹੋਣ ਵਾਲੀ ਧੋਖਾਧੜੀ ਬਚਣ ਲਈ ਅਕਸਰ ਸਮੇਂ ਸਮੇਂ ਤੇ ਜਾਣਕਾਰੀ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਲਾਕ ਡਾਊਨ ਦੋਰਾਨ ਬੱਚਿਆਂ ਨੂੰ ਮੋਬਾਈਲ ਦੇਣਾ ਮਜਬੂਰੀ ਸੀ ਪਰ ਹੁਣ ਇਸ ਦੀ ਘੱਟ ਅਤੇ ਸਹੀ ਵਰਤੋਂ ਬਾਰੇ ਦੱਸਣ ਲਈ ਅਜਿਹੇ ਸੈਮੀਨਾਰਾ ਦਾ ਹੋਣਾ ਅਤਿ ਜਰੂਰੀ ਹੈ। ਉਨ੍ਹਾਂ ਬੱਚਿਆਂ ਨੂੰ ਕੋਈ ਵੀ ਪ੍ਰੇਸ਼ਾਨੀ ਆਉਣ ਤੇ ਸਭ ਤੋਂ ਪਹਿਲਾ ਆਪਣੇ ਮਾਂ ਬਾਪ ਨੂੰ ਦੱਸਣ ਬਾਰੇ ਵੀ ਅਪੀਲ ਕੀਤੀ ਤਾਂ ਜੋ ਬੱਚੇ ਇੰਟਰਨੇਟ ਤੋਂ ਡਰਨ ਦੀ ਬਜਾਏ ਇਸ ਤੋਂ ਚੰਗੀ ਸਿੱਖਿਆ ਲੈਣ ਲਈ ਗੁਰੇਜ ਨਾ ਕਰਨ।

ਸੰਸਥਾਂ ਦੇ ਪ੍ਰਧਾਨ ਅਰਵਿੰਦਰ ਸਿੰਘ ਨੇ ਸਕੂਲ ਦੇ ਵਿਦਆਰਥੀਆਂ ਵਿੱਚ ਪਹਿਲਾ ਤੋਂ ਹੀ ਇਸ ਬਾਰੇ ਜਾਣਕਾਰੀ ਰੱਖਣ ਅਤੇ ਸੈਮੀਨਾਰ ਦੋਰਾਨ ਸਵਾਲਾਂ ਰਾਹੀਂ ਹੋਰ ਜਾਨਣ ਦੀ ਉਤਸੁਕਤਾ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸੰਸਥਾਂ ਦੀ ਟੀਮ ਦਾ ਇਹ ਉਪਰਾਲਾ ਸਾਰੇ ਸਰਕਾਰੀ ਅਤੇ ਗੈਰ ਸਰਕਾਰੀ ਸਕੂਲਾਂ ਵਿੱਚ ਲਗਾਤਾਰ ਜਾਰੀ ਹੈ। ਉਨ੍ਹਾਂ ਹੋਰਨਾਂ ਸਕੂਲਾਂ ਨੂੰ ਵੀ ਅਪੀਲ ਕੀਤੀ ਕਿ ਇਸ ਸੈਮੀਨਾਰ ਨੂੰ ਕਰਵਾਉਣ ਲਈ ਸੰਸਥਾ ਦੇ ਕੋਆਰਡੀਨੇਟਰ ਡਾ ਗਗਨਪ੍ਰੀਤ ਕੌਰ ਨਾਲ ਮੁਬਾਇਲ ਨੰਬਰ 9779607262 ਤੇ ਸੰਪਰਕ ਕਰ ਸਕਦੇ ਹੋ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਸਥਾਂ ਦੇ ਵਿੱਤ ਸਕੱਤਰ ਯੋਗੇਸ਼ ਪਾਠਕ, ਜਰਨਲ ਸੈਕਟਰੀ ਰਾਜਿੰਦਰ ਸਿੰਘ, ਜੁਆਇੰਟ ਸਕੱਤਰ ਪਰਮਜੀਤ ਸਿੰਘ, ਕੋਆਰਡੀਨੇਟਰ ਗਗਨਪ੍ਰੀਤ ਕੌਰ, ਅਤੇ ਸਕੂਲ ਸਟਾਫ਼ ਪੰਜਾਬੀ ਮਾਸਟਰ ਹਰਪ੍ਰੀਤ ਸਿੰਘ, ਪੀਟੀਆਈ, ਸਾਇੰਸ ਮਿਸਟ੍ਰੈਸ ਪਵਨਪ੍ਰੀਤ, ਕੁਲਦੀਪ ਕੌਰ ਐਸ ਐਸ ਮਿਸਟ੍ਰੈਸ ਕੌਰ ਮੌਜੂਦ ਸਨ।




ਸੰਸਥਾ ਦਾ ਸਨਮਾਨ ਕਰਦੇ ਹੋਏ ਹੈਡ ਮਿਸਟ੍ਰੈਸ ਅਤੇ ਸਟਾਫ

# ਪੂਡਾ ਵੱਲੋਂ ਐਸ.ਐਸ. ਸਿਟੀ ਫੇਜ਼-1 ਅਤੇ 2 ਦੀ ਐਸੋਸੀਏਸ਼ਨ ਵੱਲੋਂ ਪ੍ਰਾਪਤ ਸ਼ਿਕਾਇਤਾਂ ਤੇ ਕਲੋਨਾਈਜ਼ਰ ਨੂੰ ਨਿੱਜੀ ਸੁਣਵਾਈ ਲਈ ਸੱਦਿਆ

**ਪਟਿਆਲਾ, 20 ਜਨਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਐਸ.ਐਸ. ਸਿਟੀ ਫੇਜ਼-1 ਅਤੇ 2, ਪਿੰਡ ਚੌਰਾ, ਜ਼ਿਲ੍ਹਾ ਪਟਿਆਲਾ ਦੀ ਐਸੋਸੀਏਸ਼ਨ ਵੱਲੋਂ ਬਿਜਲੀ, ਸੜਕਾਂ, ਜਲ ਸਪਲਾਈ ਅਤੇ ਹੋਰ ਮੁਢਲੀ ਸਹੂਲਤਾਂ ਨਾ ਦੇਣ ਸਬੰਧੀ ਪਾਪਰਾ ਐਕਟ, 1995 ਦੇ ਤਹਿਤ ਸ਼ਿਕਾਇਤ ਦਰਜ ਕਰਵਾਈ ਗਈ ਸੀ। ਇਸ ਸਬੰਧੀ ਪਟਿਆਲਾ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਨੇ ਕਲੋਨਾਈਜ਼ਰ M/s B.H. Promoter & Developers Pvt. Ltd. ਅਤੇ M/s B.H. Properties Pvt. Ltd. ਨੂੰ ਨਿਰਧਾਰਤ ਮਿਤੀ 20 ਜਨਵਰੀ 2025 ਨੂੰ ਸਵੇਰੇ 11:00 ਵਜੇ ਨਿੱਜੀ ਸੁਣਵਾਈ ਲਈ ਹਾਜ਼ਰ ਹੋਣ ਲਈ ਸੱਦਾ ਭੇਜਿਆ ਹੈ। ਕਲੋਨਾਈਜ਼ਰ ਨੂੰ ਹਦਾਇਤ ਕੀਤੀ ਗਈ ਹੈ ਕਿ ਕਲੋਨੀ ਵਿੱਚ ਐਲ.ਡੀ. ਸਿਸਟਮ ਦਾ ਕੰਮ ਮੁਕੰਮਲ ਕਰਕੇ, PSPCL ਦੀਆਂ ਬਣਦੀਆਂ ਫੀਸਾਂ ਜਮ੍ਹਾਂ ਕਰਵਾਈਆਂ ਜਾਣ, ਅਤੇ ਕਲੋਨੀ ਵਾਸੀਆਂ ਨੂੰ ਬਿਜਲੀ ਕੁਨੈਕਸ਼ਨ ਅਤੇ ਹੋਰ ਬੇਸਿਕ ਸਹੂਲਤਾਂ ਜਿਵੇਂ ਸੜਕਾਂ, ਸੀਵਰੇਜ਼, ਜਲ ਸਪਲਾਈ, ਅਤੇ ਪਾਰਕ ਆਦਿ 30 ਦਿਨਾਂ ਵਿੱਚ ਮੁਹੱਈਆ ਕਰਵਾਈਆਂ ਜਾਣ।

ਕਲੋਨਾਈਜ਼ਰ ਵੱਲੋਂ ਹੁਣ ਤੱਕ ਲਾਇਸੰਸ ਦੀ ਰੀਨਿਊਵਲ ਫੀਸ ਜਾਂ ਬਕਾਇਆ ਰਕਮ ਜਮ੍ਹਾਂ ਨਹੀਂ ਕਰਵਾਈ ਗਈ, ਜਿਸ ਕਾਰਨ ਕਲੋਨੀ ਵਾਸੀਆਂ ਨੂੰ ਮੁੱਖ ਸਹੂਲਤਾਂ ਤੋਂ ਵਾਂਝੇ ਰਹਿਣਾ ਪਿਆ। ਇਸ ਗੱਲ ਸਬੰਧੀ ਵਾਰ-ਵਾਰ ਪ੍ਰਾਪਤ ਹੋ ਰਹੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ, ਕਲੋਨਾਈਜ਼ਰ ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਹੈ।

ਕਲੋਨਾਈਜ਼ਰ ਵੱਲੋਂ ਸੂਚਿਤ ਮਿਤੀ ਤੇ ਹਾਜ਼ਰ ਹੋ ਕੇ ਪੱਖ ਪੇਸ਼ ਨਾ ਕਰਨ ਦੀ ਸੂਰਤ ਵਿੱਚ ਪਾਪਰਾ ਐਕਟ, 1995 ਦੀਆਂ ਧਾਰਾਵਾਂ ਅਧੀਨ ਵੱਖ-ਵੱਖ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

ਇਸ ਸਬੰਧੀ ਜਦ ਕਲੋਨਾਈਜ਼ਰ ਹਰਸਪਾਲ ਸਿੰਘ ਨਾਲ ਫੋਨ ਤੇ ਗੱਲ ਹੋਈ ਤਾਂ ਉਹਨਾਂ ਕਿਹਾ ਕਿ ਵਿਭਾਗ ਦਾ ਨੋਟਿਸ ਮਿਲਿਆ ਹੈ ਅਤੇ ਕੰਪਨੀ ਅੱਜ ਆਪਣੇ ਨੁਮਾਇੰਦਿਆਂ ਨਾਲ ਪੁੱਡਾ ਕੋਲ ਹਾਜ਼ਰ ਹੋਵੇਗੀ ਅਤੇ ਵਿਭਾਗ ਦੀ ਬਕਾਇਆ ਰਿਨਿਊਅਲ ਰਾਸ਼ੀ ਵੀ ਜਮ੍ਹਾਂ ਕਰਵਾ ਦੇਵੇਗੀ। ਬੁਨਿਆਦੀ ਸਹੂਲਤਾਂ ਬਾਰੇ ਉਨ੍ਹਾਂ ਕਿਹਾ ਕਿ ਉਹ ਪਹਿਲਾਂ ਹੀ ਪੁੱਡਾ ਨੂੰ ਐਸ.ਐਸ. ਸਿਟੀ ਫੇਸ-1 ਅਤੇ 2 ਵਿਚ ਬੁਨਿਆਦੀ ਸਹੂਲਤਾਂ ਦੇਣ ਨੂੰ ਤਿਆਰ ਹੈ ਪਰ ਇਸ ਪ੍ਰਤੀ ਵਿਭਾਗ ਤੋਂ ਐਨ. ਓ.ਸੀ. ਦੀਆਂ ਚਿੱਠੀਆਂ ਪ੍ਰਾਪਤ ਨਹੀਂ ਹੋਈਆਂ ਅਤੇ ਐਨ. ਓ. ਸੀ. ਮਿਲਣ ਤੋਂ ਬਾਅਦ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾ ਦਿੱਤੀਆਂ ਜਾਣਗੀਆਂ।

# ਕਹਾਣੀ

## ਕੁਰਸੀ ਦਾ ਸੱਚ

**ਜਸਵੰਤ ਸਿੰਘ ਵਿਰਦੀ**

ਦਿਨ ਚੜ੍ਹਦਾ ਤੇ ਡੁੱਬ ਜਾਂਦਾ,ਡੁੱਬ ਜਾਂਦਾ ਤੇ ਦਿਨ ਫੇਰ ਚੜ੍ਹਦਾ। ਕਈ ਦਿਨਾਂ ਤੱਕ ਮਾਂ ਪੁੱਤਰ 'ਚ ਤਕਰਾਰ ਹੁੰਦੀ ਰਹੀ ਸੀ ਦੋਵੇਂ ਇਕ ਦੂਜੇ ਨੂੰ ਸਮਝਦੇ ਵੀ ਸਨ ਪਰ ਫੇਰ ਵੀ ਤਲਖ ਹੋ ਰਹੇ ਸਨ... ਜਿਵੇਂ ਹਕੀਕਤ ਤੋਂ ਬਾਅਦ ਬੇਮੁੱਖ ਹੋ ਰਹੇ ਹੋਣ।

ਪੁੱਤਰ ਦੀ ਬਿਲਕੁਲ ਸਹਿਮਤੀ ਨਹੀਂ ਸੀ, ਪਰ ਮਾਂ ਦੇ ਵਾਰ-ਵਾਰ ਕਹਿਣ 'ਤੇ ਉਹ ਨੌਕਰੀ ਲੈਣ ਲਈ ਤਿਆਰ ਹੋ ਗਿਆ। ਅਸਲ ਮਸਲਾ ਓਹਦੇ ਲਈ ਇਹ ਨਹੀਂ ਸੀ ਕਿ ਉਹਨੂੰ ਨੌਕਰੀ ਮਿਲ ਨਹੀਂ ਸੀ ਸਕਦੀ। ਸਗੋਂ ਗੱਲ ਇਹ ਸੀ ਕਿ ਪੁੱਤਰ ਦੀ ਮਾਂ ਨਾਲ ਮਨਿਸਟਰ ਦੀ ਗੂੜ੍ਹੀ ਆਸ਼ਕਾਈ ਹੈ, ਤੇ ਲੋਕ ਇਸ ਗੱਲ ਨੂੰ ਲੈ ਕੇ ਗੱਲਾ ਕਰ ਸਕਦੇ ਸਨ। ਲੋਕਾਂ ਦੀ ਜੀਭ ਨੂੰ ਕਿਵੇਂ ਕੋਈ ਨੱਥ ਪਾ ਸਕਦਾ ਸੀ। ਆਸ਼ਕਾਈ ਵਾਲੀ ਗੱਲ ਨਾਲ ਲੋਕਾਂ ਦਾ ਸੰਬੰਧ ਨਹੀਂ ਸੀ ਪਰ ਨੌਕਰੀ ਵੇਲੇ ਬੜੇ ਲੋਕ ਹੋਣੇ ਸਨ। ਪੁੱਤਰ ਦੀ ਗੱਲ ਸੁਣ ਕੇ ਮਾਂ ਨੇ ਉਹਨੂੰ ਕਿਹਾ ਸੀ-ਲੋਕਾਂ ਦੀ ਜ਼ੁਬਾਨ ਚਹੁੰ ਦਿਨਾਂ ਤੋਂ ਵੱਧ ਨਹੀਂ ਚੱਲਦੀ ਰਹਿ ਸਕਦੀ...

'ਪਰ ਚਾਰ ਦਿਨ'

' ਚਹੁੰ ਦਿਨਾਂ ਦਾ ਕੀ ਹੈ: ਬੀਤਣ ਨੂੰ ਚਾਰ ਵਰ੍ਹੇ ਵੀ ਬੀਤ ਜਾਂਦੇ ਨੇ... ਤੇ ਤੂੰ ਤਿਆਰ ਹੋ ਕੇ ਜਾਹ!ਪਰ ਮਾਂ!'

'ਕਿਉਂ?

'ਨੌਕਰੀਆਂ ਬਿਰਛਾਂ ਨਾਲ ਨਹੀਂ ਲੱਗਦੀਆਂ, ਲੋਕ ਦੱਸ-ਦੱਸ ਲੱਖ ਖਰਚ ਕਰ ਰਹੇ ਨੇ...'

'ਪਰ ਮਾਂ...' 'ਨਹੀਂ...'

ਜਦੋਂ ਆਪਣੀ ਚਹੇਤੀ ਦੇ ਪੁੱਤਰ ਦੀ ਇਕ ਗੱਲ ਬਾਰੇ ਮਨਿਸਟਰ ਨੂੰ ਪਤਾ ਲੱਗਾ ਤਾਂ ਉਸ ਨੇ ਹੱਸਕੇ ਕਿਹਾ ਕਿ ਮੈਂ ਆਪਣੇ ਪੁੱਤਰ ਨੂੰ ਨੌਕਰੀ ਲੈ ਕੇ ਦਿਤੀ ਤਾਂ ਲੋਕ ਸੱਚਮੁਚ ਵਾਵੇਲਾ ਕਰਨਗੇ... ਮੇਰਾ ਅਰਥੀ ਫੂਕ ਮੁਜ਼ਾਹਰਾ ਵੀ ਕਰ ਸਕਦੇ ਨੇ ...ਪਰ ਹੋਰ ਕਿਸੇ ਲਈ ਮੈਂ ਕੁਝ ਵੀ ਕਰਾਂ.. ਕਿਸੇ ਨੂੰ ਕੀ?।

' ਪਰ ਇਹ ਤਾ ਪਰਉਪਕਾਰ ਦਾ ਕੰਮ ਹੈ।' ਮਨਿਸਟਰ ਦੀ ਚਹੇਤੀ ਨੇ ਉਹਨੂੰ ਚਿਤਾਰਿਆ ਤਾਂ ਮਨਿਸਟਰ ਨੇ ਕਿਹਾ ਸੀ - ਅਸੀਂ ਸਤਿਯੁਗ ਵਿਚ ਨਹੀਂ ਰਹਿ ਰਹੇ ਪਰਉਪਕਾਰ 'ਚ ਮੇਰਾ ਕੋਈ ਵਿਸ਼ਵਾਸ ਨਹੀਂ। ਇਹ ਤਾਂ ਹੱਥ ਨੂੰ ਹੱਥ ਐਂ।

' ਕੀ ਮਤਲਬ ਤੁਹਾਡਾ? ਮਤਲਬ ਇਹ ਕਿ ਸਿਲਾਸਿਲਾ ਪੀੜ੍ਹੀ ਦਰ ਪੀੜ੍ਹੀ...?

ਮੁੰਡੇ ਦੀ ਮਾਂ ਸਾਹ ਘੁੱਟ ਕੇ ਸਹਿ ਗਈ-

'ਸ਼ੁਕਰ ਐ! ਮੇਰੇ ਪੁੱਤਰ ਨੇ ਨਹੀਂ ਸੁਣ ਲਿਆ।' ਉਹ ਸੋਚ ਰਹੀ ਸੀ ਤੇ ਹਾਲੇ ਓਹਦੀ ਸ਼ਾਦੀ ਵੀ ਨਹੀਂ ਹੋਈ...'

ਮਨਸਿਟਰ ਨਾਲ ਜਾਣਾ ਪੈਣਾ ਸੀ ਤੇ ਉਹਦੀ ਕਾਰ ਵਿਚ ਜਾਣਾ ਪੈਣਾ ਸੀ। ਮਾਤਾ ਦੇ ਕਹਿਣ 'ਤੇ ਪੁੱਤਰ ਮੁੜਵਸਾਉ ਵਿਭਾਗ ਵਿਚ ਨੌਕਰੀ ਲੈਣ ਖਾਤਿਰ ਮਨਿਸਟਰ ਦੀ ਕਾਰ ਵਿਚ ਬਹਿ ਕੇ ਚਲਾ ਗਿਆ। ਉਂਝ ਉਹ ਚਾਹੁੰਦਾ ਸੀ ਕਿ ਉਹ ਵੀ ਦੇਸ਼ ਦੇ ਹੋਰ ਨੌਜਵਾਨਾਂ ਵਾਂਗ ਹੀ ਰੁਜ਼ਗਾਰ ਵਿਭਾਗ ਦੇ ਦਫਤਰ ਵਿਚ ਆਪਣਾ ਨਾਂ ਰਜਿਸਟਰ ਕਰਵਾ ਕੇ ਹਜ਼ਾਰਾਂ-ਲੱਖਾਂ ਦੀ ਭੀੜ ਵਿਚ ਲੱਗ ਜਾਵੇ ਤੇ ਸਦੀਆਂ ਤੱਕ ਨੌਕਰੀ ਖਾਤਿਰ ਉਡੀਕਦਾ ਰਹੇ ਪਰ ਮਾਤਾ ਦੇ ਕਹਿਣ 'ਤੇ ਉਹ ਨੌਕਰੀ ਲੈਣ ਲਈ ਚਲਾ ਗਿਆ। ਮਾਤਾ ਨੇ ਕਿਹਾ ਸੀ-'ਪੁੱਤਰ, ਮੇਰੀ ਖਾਤਿਰ! ਮੈਂ ਸਦੀਆਂ ਤੱਕ ਨਹੀਂ ਉਡੀਕ ਸਕਦੀ।'

ਹੁਣ ਉਹਦੀ ਮਾਤਾ ਥੱਕੀ-ਥੱਕੀ ਲੱਗਦੀ ਸੀ, ਜਿਵੇਂ ਹੰਢੀ ਵਰਤੀ ਗਈ ਹੋਵੇ। ਉਹ ਅਕਸਰ ਪੁੱਤਰ ਨੂੰ ਕਹਿੰਦੀ ਸੀ 'ਪੁੱਤਰ, ਤੂੰ ਹੀ ਮੇਰੀ ਇਕੋ-ਇਕ ਆਸ ਏਂ। ਤੇਰੇ ਆਸਰੇ ਨਾਲ ਹੀ ਮੈਨੂੰ ਮੁਕਤੀ ਮਿਲ ਸਕਦੀ ਹੈ...'

'ਮੁਕਤੀ ਕੀ ਮਾਂ!' ' ਕਦੀ ਫੇਰ ਦੱਸਾਂਗੀ...' ਪੁਤਰ ਸੋਚਦਾ ਸੀ-ਸ਼ਾਸਤਰ ਠੀਕ ਹੀ ਕਹਿੰਦੇ ਨੇ। ਪੁੱਤਰ ਹੀ ਮਾਪਿਆਂ ਦਾ ਓਟ ਆਸਰਾ ਹੁੰਦੇ ਨੇ!

ਇਸ ਤਰ੍ਹਾਂ ਦੀਆਂ ਗੱਲ੍ਹਾਂ ਸੋਚਦਾ ਹੋਇਆ ਉਹ ਨੌਕਰੀ ਲਈ ਤਿਆਰ ਹੋ ਗਿਆ ਸੀ। ਲੋਕ ਕਲਿਆਣ ਵਿਭਾਗ ਦੇ ਦਫਤਰ ਕੇਵਲ ਇਕੋ-ਇਕ ਅਸਾਮੀ ਖਾਲੀ ਸੀ, ਪਰ ਅਰਜ਼ੀਆਂ ਕਿੰਨੀਆਂ ਕੁ ਸਨ? ਇਸ ਗੱਲ ਦਾ ਕੋਈ ਸ਼ੁਮਾਰ ਹੀ ਨਹੀਂ ਸੀ। ਜਿਨ੍ਹਾਂ ਲੋਕਾਂ ਨੂੰ ਇੰਟਰਵਿਊ ਲਈ ਕਾਰਡ ਨਹੀਂ ਸਨ ਗਏ, ਉਹ ਵੀ ਸੂਹ ਕੱਢ ਕੇ ਆ ਗਏ ਸਨ। ਉਨ੍ਹਾਂ ਦੇ ਮਨ ਵਿਚ ਸੀ ਕਿ ਜੇਕਰ ਕੋਈ ਯੋਗ ਵਿਅਕਤੀ ਨਾ ਲੱਭੇ ਤਾਂ ਉਨ੍ਹਾਂ ਵਿਚੋਂ ਹੀ ਕਿਸੇ ਦੀ ਕਿਸਮਤ ਜਾਗ ਸਕਦੀ ਹੈ। ਕਈ ਅਜਿਹੇ ਵੀ ਸਨ ਜਿੰਨ੍ਹਾਂ ਨੂੰ ਜੋਤਸ਼ੀਆਂ ਨੇ ਜ਼ੋਰ ਦੇ ਕੇ ਭੇਜਿਆ ਸੀ।

'ਹੁਣ ਤੁਹਾਡੀ ਗ੍ਰਹਿ ਚਾਲ ਅਨੁਸਾਰ ਨੌਕਰੀ ਦਾ ਪੱਕਾ ਯੋਗ ਹੈ। ਇਸ ਲਈ ਪੁੰਨਦਾਨ ਕਰਕੇ ਨੌਕਰੀ ਦਾ ਪਿੱਛਾ ਕਰਨੋਂ ਘਬਰਾ ਕਿਉਂ ਰਹੇ ਹੋ? ਨੌਕਰੀ ਪ੍ਰਾਪਤ ਕਰਕੇ ਤੁਸੀਂ ਆਪਣੇ ਭਵਿੱਖ ਨੂੰ ਉਜਲਾ ਬਣਾ ਸਕਦੇ ਹੋ...'

' ਪਰ ਨੌਕਰੀ?'

' ਤੁਸੀਂ ਕਿਤੇ ਜਾਓ ਤਾਂ ਸਹੀ...ਅਤੇ ਖਰਚ ਵੀ ਕਰੋ।'

ਅਤੇ ਉਹ ਨੌਜਵਾਨ ਨੌਕਰੀ ਦਾ ਪਿੱਛਾ ਕਰਦੇ ਹੋਏ ਲੋਕ ਕਲਿਆਣ ਵਿਭਾਗ ਦੇ ਦਫਤਰ ਸਾਹਮਣੇ ਪੁੱਜ ਗਏ ਸਨ।

ਕੁਝ ਅਜਿਹੇ ਵੀ ਸਨ ਜਿਹੜੇ ਤਮਾਸ਼ਾ ਵੇਖਣ ਲਈ ਆਏ ਸਨ। ਉਨ੍ਹਾਂ ਦੇ ਮਨਾਂ ਵਿਚ ਇਹ ਵੀ ਇੱਛਾ ਹੁੰਦੀ ਹੈ ਕਿ ਕਿਹੜਾ-ਕਿਹੜਾ ਗੱਭਰੂ



ਮੂੰਹ ਲਟਕਾ ਕੇ ਘਰ ਵੱਲ ਨੂੰ ਟੁਟ ਗਿਆ ਹੈ? ਮੂੰਹ ਲਟਕਾ ਕੇ ਮੁੜਨਾ ਵੀ ਅਨੋਖਾ ਦ੍ਰਿਸ਼ ਹੁੰਦਾ ਹੈ। ਕਈ ਇਹ ਵੇਖਣ ਲਈ ਵੀ ਜਾਂਦੇ ਨੇ ਕਿ ਖੁਦਕਸ਼ੀ ਕਰਨ ਵਾਲੇ ਨੌਜਵਾਨ ਦਾ ਚਿਹਰਾ ਕਿਹੋ ਜਿਹਾ ਸੀ। ਜਾਂ, ਕਿਸੇ ਨੇ ਨਿਰਾਸ਼ ਹੋ ਕੇ ਵੀ ਖੁਦਕਸ਼ੀ ਕਿਉਂ ਨਹੀਂ ਸੀ ਕੀਤੀ?

ਬੇਕਾਰ ਨੌਜਵਾਨ ਸ਼ਾਇਦ ਇਸੇ ਕਰਕੇ ਜੀਉਂਦੇ ਰਹਿ ਜਾਂਦੇ ਨੇ ਕਿ ਉਹ ਆਪਣੇ ਆਪ ਨੂੰ ਮਖੌਲ ਕਰ ਸਕਦੇ ਨੇ-'ਮੈਂ ਹਰ ਸ਼ਰਮ 'ਚ ਜਿਊਂਦਾ ਰਹਿ ਗਿਆ ਦੇਖੋ ਮੇਰੀ ਢੀਠਤਾ।,

ਮਨਿਸਟਰ ਨੇ ਆਪਣੀ ਚਹੇਤੀ ਨੂੰ ਪੁੱਛਿਆ ਸੀ- ਤੂੰ ਵੀ ਨਾਲ ਚੱਲੇਂਗੀ?

' ਨਹੀਂ ਉਨ੍ਹਾਂ ਕਿਹਾ ਸੀ ਤਾਂ ਮਨਸਿਟਰ ਨੇ ਪੁੱਛਿਆ ਸੀ -ਕਿਉਂ?

'ਨੌਕਰੀ ਮੈਂ ਤਾਂ ਨਹੀਂ ਕਰਨੀ...'

ਇਸ ਗੱਲ 'ਤੇ ਮਨਿਸਟਰ ਹੱਸ ਪਿਆ ਸੀ ' ਹਾਂ, ਤੂੰ ਤਾਂ...

ਚਹੇਤੀ ਨੇ ਮਨਿਸਟਰ ਨੂੰ ਟੋਕ ਕੇ ਜਵਾਬ ਦਿੱਤਾ ਸੀ ' ਮੇਰਾ ਪੁੱਤਰ ਹੀ ਤੁਹਾਡੇ ਨਾਲ ਜਾਵੇਗਾ....,

ਮਨਿਸਟਰ ਨੇ ਫੇਰ ਕਿਹਾ ਸੀ ਭਾਵੇਂ ਉਹ ਵੀ ਨਾ ਜਾਵੇ... ਨੌਕਰੀ ਤਾਂ ' ਨਹੀਂ, ਉਹ ਜਾਵੇਗਾ। ਮੁੰਡੇ ਦੀ ਮਾਂ ਨੇ ਕਿਹਾ ਹਰ ਗੱਲ ਕਾਇਦੇ ਕਾਨੂੰਨ ਮੁਤਾਬਿਕ ਕਰੋ ਮਨਿਸਟਰ ਖਾਮੋਸ਼ ਹੋ ਗਿਆ।

ਵੈਸੇ ਸੋਚ ਰਿਹਾ ਸੀ-ਕਾਇਦਾ ਕਾਨੂੰਨ ਕੀ? ਮੈਂ ਨੌਕਰੀ ਬਦਲੇ ਅੱਠ ਦਸ ਲੱਖ ਲੈ ਸਕਦਾ ਹਾਂ,

ਮਨਿਸਟਰ ਦਾ ਆਪਣਾ ਹੀ ਤਾਂ ਵਿਭਾਗ ਸੀ ਅਤੇ ਉਹ ਕੇਵਲ ਟੈਲੀਫੋਨ ਰਾਹੀਂ ਆਦੇਸ਼ ਦੇ ਕੇ ਉਸ ਨੌਜਵਾਨ ਨੂੰ ਭਰਤੀ ਕਰਵਾ ਸਕਦਾ ਸੀ ਪਰ ਉਹ ਆਪਣੀ ਚਹੇਤੀ ਨਾਰ ਨੂੰ ਦੱਸਣਾ ਚਾਹੁੰਦਾ ਸੀ ਕਿ ਉਹ ਉਸ ਦੀ ਮੁਹੱਬਤ ਖਾਤਿਰ ਕੀ ਕੁਝ ਕਰ ਸਕਦਾ ਸੀ। ਪਿਛਲੇ ਵਰ੍ਹੇ ਉਹਨੇ ਆਪਣੀ ਉਸ ਚਹੇਤੀ ਨੂੰ ਹੀਰਿਆਂ ਵਾਲੇ ਬੁੰਦੇ ਵੀ ਬਣਵਾ ਕੇ ਦਿੱਤੇ ਸਨ। ਇਲੈਕਸ਼ਨ ਤੋਂ ਪਹਿਲਾਂ ਉਸਨੇ ਇਕ ਵਾਰ ਘਰ ਬਣਾ ਕੇ ਦੇਣ ਦਾ ਲਾਰਾ ਵੀ ਲਾਇਆ ਸੀ। ਸਾੜ੍ਹੀਆਂ ਤਾਂ ਉਹ ਅਕਸਰ ਲੈ ਦਿਆ ਕਰਦਾ ਸੀ।

' ਏਨੀਆਂ ਕਾਹਦੇ ਲਈ?'

' ਚੀਰਹਰਣ ਨਹੀਂ ਹੁੰਦਾ?'

ਇਕ ਵਾਰ ਇਕ ਮਸਫੁੱਟੇ ਗੱਭਰੂ ਨੇ ਉਹਦੀ ਚਹੇਤੀ ਨੂੰ ਟਿਚਰ ਕਰ ਦਿਤੀ ਤਾਂ ਮਨਿਸਟਰ ਨੇ ਉਹਨੂੰ ਟਾਡਾ ਅਧੀਨ ਅੰਦਰ ਕਰਵਾ ਦਿੱਤਾ ਸੀ।

ਗਰਮੀਆਂ ਵਿਚ ਉਹ ਆਪਣੀ ਚਹੇਤੀ ਨੂੰ ਕਸ਼ਮੀਰ ਦੇ ਦੌਰੇ 'ਤੇ ਵੀ ਲੈ ਗਿਆ ਸੀ। ਲੋਕ ਉਸ ਨੂੰ ਮਨਿਸਟਰ ਦੀ ਪਤਨੀ ਹੀ ਸਮਝਦੇ ਰਹੇ। ਕਈ ਵਾਕਫਕਾਰ ਤਾਂ ਹੱਸ ਕੇ ਕਹਿ ਵੀ ਦਿੰਦੇ ' ਬਈ ਜ਼ਨਾਨੀ ਦੇ ਚਿਹਰੇ 'ਤੇ ਤਾਂ ਨਹੀਂ ਲਿਖਿਆ ਹੋਇਆ ਹੁੰਦਾ ਕਿ ਉਹ ਪਤਨੀ ਹੈ ਕਿ...?

ਮਨਿਸਟਰ ਸੁਣਦਾ ਤੇ ਮਨ ਹੀ ਮਨ 'ਚ ਕਹਿੰਦਾ-' ਲੋਕ ਕਿੰਨੇ ਕਮੀਨੇ ਹੋ ਗਏ ਨੇ ...'

ਕਈ ਲੋਕ ਉਹਦੀ ਪਤਨੀ ਤੱਕ ਵੀ ਕਈ ਕਿਸਮ ਦੀਆਂ ਗੱਲਾਂ ਪਹੁੰਚਾਉਂਦੇ ਪਰ ਉਹ ਕੇਵਲ ਏਨਾ ਹੀ ਕਹਿੰਦੀ ਸੀ..' ਇਹ ਰਾਜਨੀਤੀ ਦੀਆਂ ਚਾਲਾਂ ਨੇ .... ਮੈਂ ਕੀ ਕਰ ਸਕਦੀ ਹਾਂ..'

ਇਕ ਵਾਰ ਮਨਿਸਟਰ ਉਹਨੂੰ ਪ੍ਰੈਸ ਰਿਪੋਰਟਰ ਬਣਾ ਕੇ ਵਲੈਤ ਵੀ ਲੈ ਕਿਆ ਸੀ। ਹੋਰ ਪਤਾ ਨਹੀ ਮਨਿਸਟਰ ਨਾਲ ਕਿੱਥੇ-ਕਿੱਥੇ ਜਾਂਦੀ ਪਰ ਉਹ ਬਿਮਾਰ ਹੋ ਗਈ ਸੀ ਤੇ ਮਨਿਸਟਰ ਦੀ ਪਤਨੀ ਨੇ ਉਸ ਨੂੰ ਮਿਹਣਾ ਦਿੱਤਾ ਸੀ-' ਤੁਸੀਂ ਤਾਂ ਓਹਦੇ ਕੋਲੋਂ ਪੁੱਤਰ ਲੈਣ ਲਈ ਗਏ ਸੀ...?

' ਤੂੰ ਨਿਰੀ ਮੂਰਖ ਏਂ! ਤੈਨੂੰ ਜ਼ਿੰਦਗੀ ਦੇ ਤਕਾਜ਼ੇ ਸਮਝ ਨਹੀਂ ਆ ਸਕਦੇ...

ਇਸ ਤਰ੍ਹਾਂ ਪਤੀ-ਪਤਨੀ ਵਿਚਕਾਰ ਤੂੰ ਤੜਾਕ ਦਾ ਸਿਲਸਿਲਾ ਤਲਾਕ ਤੱਕ ਪੁੱਜ ਚੱਲਿਆ ਸੀ ਪਰ ਰਿਸ਼ਤੇਦਾਰਾਂ ਅਤੇ ਹਮਦਰਦਾਂ ਤੇ ਉਹਨੂੰ ਸਮਝਾਇਆ।

'ਹੁਣ ਤੁਸੀਂ ਲੋਕਾਂ ਦੇ ਨੁਮਾਇੰਦੇ ਹੋ! ਤਬਾਹੀ ਦਾ ਸਿਲਸਿਲਾ ਘਰੋਂ ਤਾਂ ਨਾ ਸ਼ੁਰੂ ਕਰੋ। ਨਾਲੇ ਇਕ ਪਰਾਈ ਜ਼ਨਾਨੀ ਦੀ ਖਾਤਿਰ।' ਵਿਰੋਧੀ ਧੜੇ ਦੇ ਨੇਤਾ ਲੋਕ ਹੱਸ ਕੇ ਕਹਿ ਦਿੰਦੇ ਸਨ।' ਰੰਗ ਬਿਰੰਗੀਆਂ ਰੰਨ੍ਹਾਂ ਨਾਲ ਮੌਜ ਮੇਲੇ ਕਰਨੇ ਹੋਣ ਤਾਂ ਬੰਦਾ ਮਨਿਸਟਰ ਬਣੇ।' ਮਨਿਸਟਰ ਦੀ ਚਹੇਤੀ ਦਾ ਪੁੱਤਰ ਅਕਸਰ ਆਪਣੀ ਮਾਂ ਨਾ ਲੜਦਾ ਸੀ-ਮੈਂ ਕੀ ਖੱਟਿਆ, ਸਿਵਾਏ ਬਦਨਾਮੀ ਦੇ।'

'ਪੁੱਤਰ ਸਬਰ ਕਰ।' ਮਾਂ ਕਹਿੰਦੀ ਤਾਂ ਪੁੱਤਰ ਜਵਾਬ ਦਿੰਦਾ ' ਉਹ ਆਪਣੇ ਸਾਲੇ-ਸਾਲੀਆਂ ਦੇ ਤਾਂ ਘਰ ਭਰੀ ਜਾ ਰਹੈ।'

'ਚੁੱਪ ਕਰ।'

'ਚੁੱਪ ਕਰ ਨਹੀਂ ਮੈ ਚੁਰਾਹੇ 'ਚ ਓਹਦਾ ਭਾਂਡਾ ਭੰਨ ਦਿਆਗਾਂ।'

'ਨਹੀਂ।' ਮਾਂ ਦ੍ਰਿੜਤਾ ਨਾਲ ਪੁੱਤਰ ਨੂੰ ਕਹਿੰਦੀ -'ਤੂੰ ਕੁਝ ਨਹੀਂ ਕਰੇਂਗਾ, ਜਦੋਂ, ਤੱਕ ਮੈਂ ਤੈਨੂੰ ਨੌਕਰੀ 'ਤੇ ਨਹੀਂ ਲੁਆ ਲੈਂਦੀ।

'ਪਰ ਮੈਂ ਉਹਨੂੰ ਨਫਰਤ ਕਰਦਾ।'

'ਫੇਰ ਵੀ ਤੂੰ ਚੁੱਪ ਰਹੇਂਗਾ...'

ਇਸ ਤਰ੍ਹਾਂ ਦੇ ਹਾਲਾਤ ਵਿਚ ਮਨਿਸਟਰ ਸਮਝਦਾ ਸੀ ਕਿ ਜੇਕਰ ਉਹ ਆਪਣੀ ਚਹੇਤੀ ਦੇ ਪੁੱਤਰ ਨੂੰ ਆਪਣੀ ਕਾਰ ਵਿਚ ਬਿਠਾ ਕੇ ਨੌਕਰੀ ਦਿਵਾਉਣ ਲਈ ਲਿਆਇਆ ਸੀ ਤਾਂ ਇਹ ਕੁਰਬਾਨੀ ਤੋਂ ਘੱਟ ਨਹੀਂ ਸੀ, ਉਹਦੇ ਮਨ ਵਿਚ ਸੀ ' ਨੌਜਵਾਨ ਦੀ ਜ਼ਿੰਦਗੀ ਬਣ ਜਾਵੇ, ਨਫਰਤ ਦਾ ਕੀ ਹੈ....ਨਫਰਤ ਕਿਹੜਾ ਉਸੇ ਨੂੰ ਭਸਮ ਕਰ ਸਕਦੀ ਹੈ.... ਨਾਂਲੇ ਅੱਜ ਕਲ ਕੌਣ ਕਿਸ ਨੂੰ ਨਫਰਤ ਨਹੀਂ ਕਰਦਾ? ਜਦੋਂ ਉਹ ਕਾਰ ਵਿਚ ਬੈਠ ਦਫਤਰ ਵੱਲ ਜਾ ਰਹੇ ਸਨ ਤਾਂ ਉਨ੍ਹਾਂ ਨੇ ਰਾਹੀ ਵਿਚ ਇਕ ਦੂਜੇ ਨਾਲ ਨਾਲ ਕੋਈ ਗੱਲ ਨਹੀਂ ਸੀ ਕੀਤੀ। ਮਨਿਸਟਰ ਉੱਚੀਆਂ ਇਮਾਰਤਾਂ ਵੱਲ ਤਕਦਾ ਰਿਹਾ ਸੀ, ਤੇ ਨੌਜਵਾਨ ਲੋਕਾਂ ਦੇ ਖੁੱਥੜ ਚਿਹਰਿਆ ਵੱਲ ਘੂਰਦਾ ਰਿਹਾ ਸੀ... ਦੋਵਾਂ ਦੀ ਨਜ਼ਰ 'ਚ ਕੋਈ ਫਰਕ ਨਹੀਂ ਸੀ.... ਦਫਤਰ ਦੇ ਸਾਹਮਣੇ ਬਹੁਤ ਸਾਰੇ ਬੇਕਾਰ ਪਰ ਨੌਕਰੀ ਦੀ ਇੱਛਾ ਨਾਲ ਦੂਰੋਂ-ਦੂਰੋਂ ਆਏ ਹੋਏ, ਮੁਰਝਾਏ ਚਿਹਰਿਆਂ ਵਾਲੇ ਨੌਜਵਾਨਾਂ ਦੀ ਭੀੜ ਖਲੋਤੀ ਉਮੀਦ ਤੇ ਨਾਂ ਉਮੀਦੀ ਨਾਲ ਜੂਝ ਰਹੀ ਸੀ। ਉਸ ਭੀੜ ਦਾ ਚਿਹਰਾ ਤਨਾਅਪੂਰਨ ਅਤੇ ਉਦਾਸ ਸੀ।

'ਅੱਜਕਲ ਦੇ ਨੌਜਵਾਨ ਪਤਾ ਨਹੀਂ ਏਨੇ ਉਦਾਸ ਤੇ ਮੁਰਝਾਏ ਹੋਏ ਕਿਉਂ ਨੇ? ਮਨਿਸਟਰ ਨੇ ਹਮਦਰਦੀ ਨਾਲ ਸੋਚਿਆ ਅਤੇ ਵਿਭਾਗ ਦੇ ਡਾਇਰਕੈਟਰ ਤੋਂ ਉਹਨੇ ਉਸ ਵੇਲੇ ਇਸ ਰਹੱਸ ਦਾ ਕਾਰਨ ਜਾਨਣ ਦਾ ਯਤਨ ਕੀਤਾ, ਜਦੋਂ ਉਹ ਆਪਣੀ ਚਹੇਤੀ ਦੇ ਪੁੱਤਰ ਖਾਤਿਰ ਡਾਇਰਕੈਟਰ ਨੂੰ ਨਿਯੁਕਤੀ ਲਈ ਕਹਿ ਰਿਹਾ ਸੀ।

ਡਾਇਰਕੈਟਰ ਨੇ ਕਿਹਾ ਸੀ-ਸਰ, ਮੇਰੇ ਖਿਆਲ ਵਿਚ ਤਾਂ ਹੁਣ ਹਵਾਵਾਂ ਹੀ ਇਸ ਤਰ੍ਹਾਂ ਚੱਲਦੀਆਂ ਨੇ ਕਿ ਨੌਜਵਾਨ ਦੇ ਚਿਹਰੇ ਖਿੜ ਹੀ ਨਹੀਂ ਸਕਦੇ।

'ਕੀ ਕਦੀ ਅਜਿਹੀਆਂ ਹਵਾਵਾਂ ਵੀ ਚੱਲਣਗੀਆਂ, ਜਿਹੜੀਆਂ ਨੌਜਵਾਨਾਂ ਦੇ ਚਿਹਰਿਆਂ 'ਤੇ ਖੇੜਾ ਲਿਆ ਸਕਣ? ਮਨਿਸਟਰ ਨੇ ਮਾਸੂਮੀਅਤ ਨਾਲ ਪੁੱਛਿਆ ਤਾਂ ਡਾਇਰੈਕਟਰ ਨੇ ਮਨਿਸਟਰ ਨਾਲੋਂ ਵੀ ਵੱਧ ਮਾਸੂਮੀਅਤ ਵਿਚ ਜਵਾਬ ਦਿੱਤਾ ਸੀ -' ਸਰ! ਹੁਣ ਤਾਂ ਸਭ ਕੁਝ ਤੁਹਾਡੇ 'ਤੇ ਨਿਰਭਰ ਕਰਦੈ।'

ਮਨਿਸਟਰ ਨੇ ਗੰਭੀਰ ਹੋ ਕੇ ਕਿਹਾ ਸੀ-ਮੈਂ ਕਿੰਨੀ ਕੁਰਬਾਨੀ ਕਰ ਸਕਦਾਂ? ' ਸੱਚ ਹੈ ਸਰ! ਡਾਇਰੈਕਟਰ ਨੇ ਵੀ ਪੁਸ਼ਟੀ ਕਰ ਦਿਤੀ ਸੀ ਬਿਲਕੁਲ ਸੱਚ ਹੈ ਜੀ..'

ਦਫਤਰ ਵਿਚ ਜਿਹੜੀ ਇਕ ਅਸਾਮੀ ਖਾਲੀ ਸੀ ਉਹ ਮਨਿਸਟਰ ਦੀ ਚਹੇਤੀ ਦੇ ਪੁੱਤਰ ਦੀ ਉਡੀਕ ਕਰ ਰਹੀ ਸੀ, ਬਾਕੀ ਲੋਕ ਭੀੜ ਵਾਂਗ ਘਰਾਂ ਨੂੰ ਚਲੇ ਗਏ, ਪਰ ਜਿਹੜੇ ਹਾਲੇ ਨਿਰਾਸ਼ ਨਹੀਂ ਸਨ ਹੋਏ, ਉਨ੍ਹਾਂ ਨੇ ਕਿਹਾ ਸਾਨੂੰ ਵੀ ਨੌਕਰੀ ਦਿਓ।

ਅਸੀਂ ਵੀ ਮਾਵਾਂ ਦੇ ਪੁੱਤਰ ਹਾਂ।' 'ਸਾਡੀਆਂ ਮਾਵਾਂ ਵੀ ਆਸ ਲਈ ਬੈਠੀਆਂ ਨੇ...'

ਮਨਿਸਟਰ ਨੇ ਉਨ੍ਹਾਂ ਸਾਰੇ ਹੀ ਮੁਰਝਾਏ ਹੋਏ ਚਿਹਰਿਆਂ ਨੂੰ ਸਰਸਰੀ ਨਜ਼ਰ ਨਾਲ ਘੂਰ ਕੇ ਇਕ ਤਰ੍ਹਾਂ ਨਾਲ ਪੁੱਛਿਆ ਸੀ-' ਪਰ ਤੁਹਾਡੀਆਂ ਮਾਵਾਂ ਕਿਥੇ ਨੇ? ਉਹ ਘਰਾਂ 'ਚ ਨੇ....'

'ਫੇਰ ਤੁਸੀ ਵੀ ਘਰਾਂ ਨੂੰ ਜਾਓ...'

'ਪਰ ਨੌਕਰੀ?

ਦਿਆਂਗੇ...ਅਗਲੇ ਦਸ ਸਾਲਾ ਪਲਾਨ 'ਚ ਸਭ ਨੂੰ ਨੌਕਰੀ ਦਿਆਂਗੇ। ਮਨਿਸਟਰ ਨੇ ਮੁਸਕਰਾ ਕੇ ਕਿਹਾ ਅਤੇ ਨਾਲ ਹੀ ਉਨ੍ਹਾਂ ਬੇਕਾਰ ਗੱਭਰੂਆਂ ਨੂੰ ਵਧੀਆ ਖੁਰਾਕ ਖਾ ਚੰਗੀ ਸਿਹਤ ਬਣਾਉਣ ਲਈ ਹਿਦਾਇਤ ਕੀਤੀ। 'ਚੰਗੀ ਸਿਹਤ ਤੋਂ ਬਗੈਰ ਕੁਰਸੀ ਨਹੀਂ ਸੰਭਾਲੀ ਜਾ ਸਕਦੀ'।

## ਮਿੰਨੀ ਕਹਾਣੀ

### ਖੁੱਲ੍ਹੀਆਂ ਅੱਖਾਂ ਵਾਲੇ

ਉਸ ਨੇ ਆਪਣੇ-ਆਪ 'ਤੇ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਲਈ, ਮੌਕਾ ਸੰਭਾਲਣ ਵਾਲਿਆਂ ਨੇ ਮੌਕਾ ਸੰਭਾਲ ਲਿਆ, ਉਸ ਨੂੰ ਚੁੱਕ ਕੇ ਹਸਪਤਾਲ ਅੱਪੜਦੀ ਕਰ ਦਿੱਤਾ। ਉਸ ਦਾ ਬਿਆਨ ਸੁਣਨ ਵਾਲੇ ਪ੍ਰੈਸ ਰਿਪੋਰਟਰ ਅਤੇ ਪੁਲਿਸ ਕਰਮਚਾਰੀ ਮੌਜੂਦ ਸਨ। ਉਹ ਮਰਨ ਕਿਨਾਰੇ ਪਈ ਏ, ਪਰ ਘਰ ਦੇ ਕਿਸੇ ਮੈਂਬਰ ਦਾ ਨਾਂਅ ਨਹੀਂ ਲੈ ਰਹੀ। ਅਜੀਬ ਗੱਲ ਏ।

ਗੱਡੀ ਲੀਹ ਉੱਤੇ ਨਾ ਚੜ੍ਹਦੀ ਵੇਖ ਥਾਣੇਦਾਰ ਨੇ ਪੈਂਤੜਾ ਬਦਲਿਆ, "ਜੇ ਕਿਸੇ 'ਤੇ ਇਤਰਾਜ਼ ਨਹੀਂ ਬੀਬੀ.. ਤਾਂ ਅੱਗ ਲੱਗਣ ਦਾ ਕਾਰਨ ਤਾਂ ਦੱਸ...? ਅੱਗ ਲੱਗਣ ਦਾ ਕਾਰਨ ਚੇਤੇ ਆਇਆ, ਤਾਂ ਉਹ ਬੋਲੀ, "ਗੱਲ ਤਾਂ ਸਾਰੀ ਡਿਪੂ ਤੋਂ ਤੇਲ ਘੱਟ ਮਿਲਣ ਦੀ ਏ, ..ਗੈਸ ਸਲੰਡਰ ਹਫਤੇ ਦਾ ਮੁੱਕਿਆ ਪਿਐ...' ਬਲੈਕ 'ਚ ਵੀ ਨਹੀਂ ਮਿਲਦਾ, ...ਮੈਂ ਤੇਲ ਲੈਣ ਗਈ ਸੀ, ਸਰਕਾਰੀ ਰਾਸ਼ਨ ਤਾਂ ਸਭ ਨੂੰ ਬਰਾਬਰ ਮਿਲਣਾ ਚਾਹੀਦੈ.. ਪਰ ਮੈਨੂੰ ਮਿੰਨਤਾਂ ਤਰਲੇ ਕਰਕੇ ਵੀ ਮਸਾਂ ਦੋ ਲੀਟਰ ਤੇਲ ਦਿੱਤਾ.. ਕਹਿੰਦੇ ਹੋਰ ਹੈ ਨਹੀਂ..ਕਿਤੇ ਫਿਰ ਵੇਲੇ-ਕੁਵੇਲੇ ਲੈ ਜਾਈਂ ਘਰ ਆਈ ਤਾਂ ਬੁੜ੍ਹੀ ਅੱਡ ਚਿੰਬੜ 'ਗੀ। ਆਂਹਦੀ ਜਿਥੇ ਜਾਨੀ ਏਂ,...ਪੈਰ ਅੜਾ ਕੇ ਖੜ ਜਾਨੀ ਏਂ,.. ਪਹਿਲਾਂ ਤੁਰਨ ਲੱਗੀ ਦੇ ਲੀੜੇ ਈ ਲੋਟ ਨਹੀਂ ਆਉਂਦੇ, ਇੰਨੇ ਕੁ ਤੇਲ ਖਾਤਰ ਦੁਪਹਿਰਾ ਢਾਲ ਆਈ, ਇਸ ਦੇ ਨਾਲ ਕਿੰਨੇ ਕੁ ਦਿਨ ਸਟੋਵ ਚੱਲੂਗਾ.. ਉਸ ਹਰਾਮੀ ਦੇ ਸਿਰ 'ਚ ਪਾ ਕੇ ਲਾਬੂੰ ਲਾ ਛੱਡਦੀ.. ਨਹੀਂ ਲੈਣ ਲਈ ਰੁਕੀ।

ਚੁੱਪ ਕੀਤੀਆਂ ਕਲਮਾਂ ਹਰਕਤ ਵਿਚ ਆਈਆਂ। ਸੜ ਜਾਣ ਵਾਲੀ ਦਾ ਬਿਆਨ ਨੋਟ ਹੋਣ ਲੱਗਾ। ਥਾਣੇਦਾਰ ਦੀਆਂ ਅੱਖਾਂ ਵਿਚ ਚਮਕ ਵਧ ਗਈ, ਉਸ ਨੇ ਗੱਲ ਨੂੰ ਅਗਾਂਹ ਤੋਰਿਆ, "ਫਿਰ ਕੀ ਹੋਇਆ,..?"

"ਫਿਰ ਕੀ ਆਖ ਕੇ ਉਸ ਨੇ ਥਾਣੇਦਾਰ ਵੱਲ ਹੋਰ ਈ ਤਰ੍ਹਾਂ ਵੇਖਿਆ.. ਤੇ ਅੰਦਰ ਥੁੱਕ ਨਿਗਲਦੀ ਬੋਲੀ, "ਫਿਰ ਕੀ ਹੋਣਾ ਸੀ, ਆਹ ਥੋਡੇ ਸਾਹਮਣੇ ਪਈਆਂ,.. ਜੇ ਡਿਪੂ ਤੋਂ ਤੇਲ ਪੂਰਾ ਮਿਲਿਆ ਹੁੰਦਾ ਤਾਂ ਮੈਂ ਵੀ ਪੂਰੀ ਦੀ ਪੂਰੀ ਸੜ ਜਾਂਦੀ।" ਇੰਨੀ ਕੁ ਗੱਲ ਕਰਦਿਆਂ ਉਸ ਦੀਆਂ ਅੱਖਾਂ ਭਰ ਆਈਆਂ। ਉਸ ਨੇ ਮੂੰਹ ਘੁੰਮਾ ਕੇ ਅੱਖਾਂ ਬੰਦ ਕਰ ਲਈਆਂ, ਜਿਵੇਂ ਹੋਰ ਬੋਲਣ ਦੀ ਲੋੜ ਨਾ ਹੋਵੇ।

ਪਰ ਉਥੇ ਹਾਜ਼ਰ 'ਖੁੱਲ੍ਹੀਆਂ ਅੱਖਾਂ" ਵਾਲਿਆਂ ਨੇ..ਉਸ ਦੀ ਗੱਲ ਨੂੰ ਆਪਣੀ ਸਮਝ ਅਨੁਸਾਰ ਆਪਣੇ-ਆਪ ਹੀ ਪੂਰੀ ਕਰ ਲਿਆ। "ਡਿਪੂ ਹੋਲਡਰ ਵਲੋਂ ਮੁਹੱਲੇ ਦੀ ਇਕ ਸ਼ਰੀਫ ਔਰਤ ਨਾਲ ਬਦ-ਸਲੂਕੀ... ਅਤੇ ਔਰਤ ਅੱਗ ਲਾ ਕੇ ਸੜਣ ਲਈ ਮਜਬੂਰ..।



## ਵਿਅੰਗ

# ਸੁੱਤੇ ਰਹੋ ਇੰਡੀਆ ਸੁੱਤੇ ਰਹੋ

ਪਿਛਲੇ ਕਾਫੀ ਸਮੇਂ ਤੋਂ ਇਹ ਨਾਅਰਾ ਲੱਗ ਰਿਹਾ ਹੈ, "ਜਾਗੋ ਇੰਡੀਆ ਜਾਗੋ।" ਕਦੇ ਦਿੱਲੀ ਚੋਂ ਆਵਾਜ਼ ਉਠਦੀ ਹੈ, "ਜਾਗੋ ਦਿਲ ਜਾਗੋ ਤੇ ਕਦੇ ਮੁੰਬਈ ਜਾਗੋ।" ਜਦ ਤਕੜੀਆਂ ਨੂੰ ਠੂੰਗੇ ਮਾਰ ਕੇ ਅੱਧਾ ਕਿਲੋ ਦਾ ਕਿਲੋ ਬਣਾਇਆ ਜਾਂਦਾ ਹੈ, ਫਰੂਟਾਂ ਦਾ ਅਸਲੀ ਲਿਫਾਫਾ ਪਲਕ ਝੱਲਕ 'ਚ ਵਟਾ ਕੇ ਦਰਜਨ ਦੀ ਥਾਂ ਦਸ ਕੇਲੇ ਤੇ ਉਨ੍ਹਾਂ 'ਚ ਵੀ ਇਕ ਦੋ ਅ-ਕੇਲੇ ਗਾਹਕ ਦੇ ਪੱਲੇ ਫੜਾ ਦਿੱਤੇ ਜਾਂਦੇ ਹਨ ਅਤੇ ਪਾਸਕੂ ਕਿਥੇ ਹੈ, ਇਹ ਤਕੜੀਆਂ ਨੂੰ ਨਹੀਂ ਪਤਾ ਹੁੰਦਾ ਤਾਂ ਸਾਡੀਆਂ ਸੁੱਤੀਆਂ ਅੱਖਾਂ 'ਤੇ ਇਨ੍ਹਾਂ ਪਿਆਰੇ-ਪਿਆਰੇ ਸ਼ਬਦਾਂ ਦੇ ਛੱਟੇ ਮਾਰੇ ਜਾਂਦੇ ਹਨ, "ਜਾਗੋ ਗਾਹਕ ਜਾਗੋ।"

ਚੋਣਾਂ ਸਮੇਂ ਲੀਡਰ ਤੇ ਪਰਹੇਜ਼ ਗਾਹ ਜਦੋਂ ਭੁੱਕੀਆਂ ਅਫੀਮਾਂ, ਸ਼ਰਾਬਾਂ ਤੇ ਨੋਟਾਂ ਦੀ ਬਾਰਸ਼ ਕਰਦੇ ਹਨ ਤੇ ਨਾਲ ਹੀ ਨੇਤਾ ਨੀਂਦ ਹਰਾਮ ਸਿੰਘ ਦਰ-ਦਰ ਕੁੰਡਾ ਖੜਕਾਉਂਦਾ ਹੈ ਤਾਂ ਆਖਦਾ ਜਾਪਦਾ ਹੈ, "ਜਾਗੋ ਵੋਟਰ ਜਾਗੋ" ਜੋ ਵੋਟ ਸਿੰਘ ਚੋਣ ਨਿਸ਼ਾਨ ਉਲਟੇ ਝਾੜੂ ਨੂੰ ਪਾਉਣਾ ਹੈ ਤਾਂ ਚੋਣਾਂ ਤੋਂ ਬਾਅਦ ਲਗਾਤਾਰ ਲੀਡਰ ਬਣਾਉਣ ਵਾਲੇ ਨਾਅਰੇ ਲਾਉਂਦੇ ਹਨ "ਜਾਗੋ ਨੇਤਾ ਜਾਗੋ।"

ਅਨੇਕਾਂ ਪ੍ਰਕਾਰ ਦੀਆਂ ਜਾਗੋ ਸਾਨੂੰ ਜਗਾ ਰਹੀਆਂ ਹਨ ਪਰ ਇੰਡੀਆ ਵੀ ਅਜੇ ਤੱਕ ਨਹੀਂ ਜਾਗਿਆ। ਉਨਾਹਟ ਆਜ਼ਾਦੀਆਂ ਬੀਤ ਗਈਆਂ ਪਰ ਅਸੀਂ ਸੁੱਤੇ ਰਹਿਣ ਦੀ ਗੁਲਾਮੀ ਨਹੀਂ ਛੱਡੀ। ਦਿੱਲੀ ਸੁੱਤੀ ਹੋਈ ਹੈ।

ਨਾ-ਮਨਜ਼ੂਰਸ਼ੁਦਾ ਕਾਲੋਨੀਆਂ ਖੁੰਭਾਂ ਵਾਂਗ ਸਿਰ ਚੁੱਕ ਗਈਆਂ। ਇਸ ਦਾ ਪਤਾ ਨਹੀਂ ਅਸੈਂਬਲੀ ਜਾਂ ਮੁੱਖ ਮੰਤਰੀ ਤੇ ਉਸਦੇ ਮੰਤਰੀ ਮੰਡਲ ਨੂੰ ਕਿਉਂ ਨਹੀਂ ਲੱਗਾ। ਮੁੰਬਈ ਘੂਕ ਸੁੱਤੀ ਪਈ ਹੈ। ਚੱਲਦੀਆਂ ਗੱਡੀਆਂ ਦੇ ਨਾਲ-ਨਾਲ ਬੰਬ ਵੀ ਚੱਲਦੇ ਹਨ ਅਤੇ ਗੱਡੀਆਂ 'ਚ ਚੱਲਣ ਵਾਲੇ ਮੁਸਾਫਰ ਜਾਣਦੇ ਹੀ ਨਹੀਂ ਕਿ ਪਲਕ ਝਲਕ 'ਚ ਸੈਂਕੜੇ ਕਿਵੇਂ ਚਲਾਣਾ ਕਰ ਗਏ। ਸੁੱਤੇ ਲੀਡਰ ਸਮੇਂ ਦੇ ਇਸ ਸਵਾਲ ਦਾ ਕਦੇ ਵੀ ਜਵਾਬ ਨਹੀਂ ਦਿੰਦੇ-

*ਐ ਰਹਿਬਰੋ ਮੁਲਕੋ ਕੌਮ ਬਤਾ।*
*ਯੇਹ ਕਿਸ ਕਾ ਲਹੂ ਹੈ ਕੌਨ ਮਰਾ?*

ਰਹੀ ਗਲ ਗਾਹਕ ਦੀ। ਉਹ ਵਿਚਾਰਾ? ਅੱਜ ਤੱਕ ਗਾਰੰਟੀ-ਵਾਰੰਟੀ ਦਾ ਫਰਕ ਹੀ ਨਹੀਂ ਜਾਣ ਸਕਿਆ। 'ਵੈਨ ਪੈਕਡ' ਦੇ ਭੰਬਲ ਭੂਸੇ 'ਚ ਅਸਲ ਵਜ਼ਨ ਨੂੰ ਪੁਣਨ ਛਾਨਣ ਜਾਂ ਜਾਨਣ ਦੀ ਸ਼ਕਤੀ ਗੁਆ ਚੁੱਕਾ ਹੈ। ਵਰਕਰ-ਵਰਕਰ ਦੀ ਜਨ ਜਨਮ ਮਾਣ ਰਿਹਾ ਹੈ ਤੇ ਨੇਤਾ ਤੋਂ ਬਾਅਦ ਉਹਦਾ ਪੁਤ ਦੇ ਫਿਰ ਉਹਦਾ ਪੁਤ। ਪੁਤਾਵਲੀ ਮੁਕਦੀ ਹੀ ਨਹੀਂ। ਸਾਰਾ ਪਿੰਡ ਮਰ ਜਾਣ ਤੋਂ ਬਾਅਦ ਵੀ ਜੇ ਬੁੱਢੀ ਦੇ ਪੁੱਤਰ ਨੇ ਨੰਬਰਦਾਰ ਨਹੀਂ ਬਣਨਾ ਤਾਂ ਫਿਰ ਇਸ ਦੋਹੇ ਨੂੰ ਸਿਰਹਾਣਾ ਬਣਾ ਕੇ ਸੁੱਤੇ ਰਹਿਣ 'ਚ ਕੀ ਹਰਜ਼ ਹੈ-

*ਰਾਮ ਭਰੋਸੇ ਬੈਠ ਕੇ,*
*ਰਹੋ ਖਾਟ ਪੈ ਸੋਏ।*
*ਅਨਹੋਣੀ ਹੋਣੀ ਨਹੀਂ,*
*ਹੋਣਾ ਹੈ ਸੋ ਹੋਏ।*

"ਜਦ ਹੋਣੀ ਹਾਰ ਮਿਟਾਵੇ ਕੌਣ?" ਹੀ ਸਾਡਾ ਜੀਵਨ ਆਧਾਰ ਹੈ। ਅਖ਼ਬਾਰਾਂ ਵਿਚ ਸਾਡੇ ਲਈ ਸਭ ਤੋਂ ਵੱਡੀ ਖ਼ਬਰ ਹੈ ਰਾਸ਼ੀਫਲ ਤਾਂ ਫਿਰ ਹਸਤ ਰੇਖਾਵਾਂ ਦੇ ਜੰਗਲਾਂ 'ਚ ਕਰਮਾਂ ਦੇ ਸੰਗਲਾਂ ਵਿਚ ਜਕੜੇ ਹੋਏ ਹੱਥਾਂ-ਪੈਰਾਂ, ਅੱਖਾਂ, ਕੰਨਾਂ ਤੇ ਦਿਮਾਗਾਂ ਦੀਆਂ ਸੋਚਾਂ 'ਚ ਉਚੇ ਘਰ ਦੇ ਮਾਲਕ ਬਣੇ ਬਾਬੇ ਛੈਣਿਆਂ ਖੜਤਾਲਾਂ ਚਿਮਟਿਆਂ ਢੋਲਕੀਆਂ ਦੇ ਸ਼ੋਰ ਵਿਚ ਸਾਨੂੰ ਅਕਲ ਲਤੀਫੀ ਦੀ ਸ਼ੇਅਰਬਾਜ਼ੀ ਕਦੇ ਵੀ ਸੁਣਨ ਦੇਣਗੇ-

*ਹਸਤ ਰੇਖਾਵਾਂ ਦੀ ਚਿੰਤਾਂ ਨਾ ਕਰੋ,*
*ਹੱਥ ਸਿਰਜਨ ਹਾਰ ਨੇ ਤਕਦੀਰ ਦੇ।*

ਜਦੋਂ ਤਕਦੀਰ ਦੇ ਤਦਬੀਰ ਇਕ-ਦੂਜੇ ਦੀਆਂ ਦੁਸ਼ਮਣ ਹੋ ਜਾਣ ਉਦੋਂ ਦੋਨੋਂ ਇਕ-ਦੂਜੇ ਨੂੰ ਥਾਪੜ-ਥਾਪੜ ਕੇ ਸੁਲਾਉਂਦੀਆਂ ਹਨ। ਸ਼ਾਇਦ ਏਸੇ ਲੋਰੀਆਂ ਤੇ ਲਾਰਿਆਂ ਭਰਪੂਰ ਥਪੜੇਵੇਂ ਨੇ ਸਾਨੂੰ ਸੈਂਕੜੇ ਸਾਲ ਸੁਲਾਈ ਰੱਖਿਆ।

ਗਜ਼ਨੀ ਗੌਰੀ ਸਾਡੀਆਂ ਛਾਤੀਆਂ 'ਤੇ ਮੂੰਗ ਦਲਦੇ ਰਹੇ ਪਰ ਅਸੀਂ ਜੈਚੰਦ ਮਗਰ ਤੁਰ ਪਏ ਪ੍ਰਿਥਵੀ ਰਾਜ ਨਾ ਪਛਾਣੇ। ਅਸੀਂ ਦਾਸਾਂ ਦੇ ਦਾਸ ਬਣੇ, ਖਿਲਜੀਆਂ ਨਾਲ ਖਲੋਏ, ਤੁਗਲਕਾਂ ਨਾਲ ਤੁਅਲਕ ਬਣਾਏ, ਲੋਧੀਆਂ, ਮੁਗਲਾਂ ਦੇ ਪੈਰਾਂ ਹੇਠ ਦਰੜ ਹੋਣਾ ਪਰਵਾਨ ਕਰ ਲਿਆ ਪਰ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ, ਸ਼ਿਵਾ ਜੀ ਮਰਹਟਾ। ਰਾਣਾ ਪ੍ਰਤਾਪ ਸਭ ਨੂੰ ਟਿਚ ਜਾਣਿਆ। ਭਾਈ ਲਾਲੋ ਸਾਡੇ ਪਾਸ ਹੀ ਮਿਹਨਤਾਂ ਦੀ ਰੁਖੀ-ਸੁਖੀ ਖਾਂਦਾ ਰਿਹਾ ਪਰ ਅਸੀਂ ਮਲਕ ਭਾਗੋ ਦੇ ਬ੍ਰਹਮ ਭੋਜਾਂ ਵਿਚ ਪਕਦਾ ਖੂਨ ਛਕਦੇ ਰਹੇ। ਮੀਰਾ ਬਾਈ ਦੇ ਭਜਨ ਸਾਡੀ ਨੀਂਦ ਨਾ ਗੁਆ ਸਕੇ। ਬੱਚੇ ਨੀਂਹਾਂ ਵਿਚ ਚਿਣੇ ਗਏ, ਅਸੀਂ ਸੁੱਤੇ ਰਹੇ।

ਨਾ ਅਸੀਂ ਕਦੇ ਹਾਅ ਦਾ ਨਾਅਰਾ ਮਾਰਿਆ ਤੇ ਨਾ ਹੀ ਕਦੇ ਅਸੀਂ ਹਾਅ ਦਾ ਨਾਅਰੇ ਕਬੂਲਿਆ। ਸੱਤ ਸਮੁੰਦਰੋਂ ਪਾਰ ਅੰਗਰੇਜ਼ ਵਪਾਰ ਕਰਨ ਆਇਆ। ਅਸੀਂ ਜਾਣਿਆ ਹੀ ਨਾ ਕਿ ਅੰਗਰੇਜ਼ ਦਾ ਸੁਪਨਾ ਵਪਾਰ ਨਹੀਂ ਸਰਕਾਰ ਹੈ। ਅਸੀਂ ਟੋਟੇ-ਟੋਟੇ ਸੁੱਤੇ ਰਹੇ। ਮੀਰ ਜਾਫਰਾਂ ਨੇ ਸਾਨੂੰ ਅੰਗਰੇਜ਼ਾਂ ਦੀ ਝੋਲੀ ਪਾ ਦਿੱਤਾ।

ਸਾਨੂੰ ਪਤਾ ਹੀ ਨਹੀਂ ਲੱਗਾ ਕਿ ਕਦੋਂ ਪਹਾੜਾ ਸਿੰਘ, ਲਾਲ ਸਿੰਘ, ਤੇਜਾ ਸਿੰਘ ਸਾਨੂੰ ਮੰਜੇ ਬਿਸਤਰੇ ਰਜਾਈ ਸਮੇਤ ਅੰਗਰੇਜ਼ ਕੋਲ ਵੇਚ ਗਏ। ਸ਼ਾਹ ਮੁਹੰਮਦ ਗਿਲਾ ਕਰਦਾ ਰਹਿ ਗਿਆ ਪਰ ਫੌਜਾਂ ਜਿੱਤ ਕੇ ਅੰਤ ਨੂੰ ਕਿਉਂ ਹਾਰੀਆਂ ਬਾਰੇ ਸਾਨੂੰ ਪਤਾ ਹੀ ਨਹੀਂ ਲੱਗਾ। ਸ਼ਾਇਦ ਕੋਈ ਜਾਗਦਾ ਜਾਣ ਰਾਏ, ਸੋ ਸ਼ਾਹ ਮੁਹੰਮਦ ਦਾ ਗਿਲਾ ਹਾਜ਼ਰ ਹੈ-

*ਅੱਜ ਹੋਵੇ ਸਰਕਾਰ ਤਾਂ ਮੁਲ ਪਾਏ*
*ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ,*
*ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,*
*ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।*
*ਫੌਜਾਂ ਜਦੋਂ ਜਿੱਤ ਕੇ ਸੋ ਜਾਣ ਤਾਂ ਫਿਰ ਹਾਰਦੀਆਂ ਨੇ।*

ਖਰਗੋਸ਼ ਦੀ ਆਗੋਸ਼ ਹੈ ਜਦੋਂ ਨੀਂਦਰ ਆ ਜਾਏ ਤਾਂ ਸਮਾਂ ਕੱਛੂ ਕੁੰਮਿਆਂ ਨੂੰ ਜਿਤਾਉਂਦਾ ਹੈ। ਪੰਜਾਬ ਦੀ ਨੀਂਦ ਹਮੇਸ਼ਾ ਪੰਜਾਬ ਵੰਡਦੀ ਹੈ ਤੇ ਹਰਾਉਂਦੀ ਹੈ। ਨਿਰਾ ਪੰਜਾਬ ਹੀ ਨਹੀਂ ਪੂਰਾ ਭਾਰਤ ਜਦ ਵੀ ਸੌਂਦਾ ਹੈ, ਉਦੋਂ ਹੀ ਗੁਲਾਮੀ ਨੂੰ ਸੱਦਾ ਦਿੰਦਾ ਹੈ।

ਅੰਗਰੇਜ਼ਾਂ ਵਿਰੁੱਧ ਵੀ ਲਾਜਪਤ ਜੀ ਜਾਗੋ ਅਤੇ ਸੀਨੇ 'ਤੇ ਲਾਠੀਆਂ ਖਾਧੀਆਂ, ਚੰਦਰ ਸ਼ੇਖਰ ਆਜ਼ਾਦਾ ਜਾਗੋ ਤਾਂ ਅੰਗਰੇਜ਼ਾਂ ਨੂੰ ਭਾਜੜਾਂ ਪਾਈਆਂ। ਜੇ ਅਜੀਤ ਸਿੰਘ ਜਾਗਿਆ ਤਾਂ ਕਿਸਾਨ ਜਾਗਿਆ ਤੇ ਇਸ ਗੀਤ ਸਦਕਾ ਹਿੰਦੋਸਤਾਨ ਜਾਗਿਆ-



*ਪਗੜੀ ਸੰਭਾਲ ਜੱਟਾਂ*
*ਪਗੜੀ ਸੰਭਾਲ ਓਏ,*
*ਲੁਟ ਲਿਆ ਮਾਲ ਤੇਰਾ*
*ਲੁੱਟ ਲਿਆ ਮਾਲ ਓਏ।*

ਚਾਚੇ ਅਜੀਤ ਨੇ ਕਿਸਾਨ ਜਗਾਇਆ। ਭਤੀਜੇ ਭਗਤ ਸਿੰਘ ਨੇ ਜਵਾਨ ਜਗਾਇਆ। ਭਾਰਤ ਦੀ ਅਸੈਂਬਲੀ ਵਿਚ ਬੰਬ ਸੁੱਟ ਕੇ ਲੰਡਨ ਤੀਕ ਗੋਰੀ ਹਕੂਮਤ ਨੂੰ ਜਗਾਇਆ। ਸੁੱਤਾ ਮੁਲਕ ਸੁਣ ਕੇ ਜਾਗ ਪਿਆ-

*ਸਰਫਰੋਸ਼ੀ ਕੀ ਤਮੰਨਾ,*
*ਅਬ ਹਮਾਰੇ ਦਿਲ ਮੇਂ ਹੈ।*
*ਦੇਖਨਾ ਹੈ ਜ਼ੋਰ ਕਿਤਨਾ*
*ਬਾਜ਼ੂਏ ਕਾਤਲ ਮੇਂ ਹੈ।*

ਫਾਂਸੀ ਦੇ ਰੱਸੇ ਚੁੰਮ ਕੇ, 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਗਾਇਆ ਗਿਆ। ਸੁਭਾਸ਼ ਜੀ ਨੇ ਕੌਮੀ ਨਾਅਰਾ 'ਜੈ ਹਿੰਦ' ਦਾ ਨਾਅਰਾ ਗੁੰਜਾਇਆ। ਨਹਿਰੂ ਜੀ ਨੇ ਪੂਰਨ ਸਵੈ ਰਾਜ ਦੀ ਉਮੰਗ ਜਗਾਈ। ਗਾਂਧੀ ਜੀ ਨੇ ਗਰਮ ਲੋਹੇ 'ਤੇ ਟਿਕਾਣੇ ਸੱਟ ਮਾਰਦਿਆਂ ਕਿਹਾ, "ਅੰਗਰੇਜ਼ੋ ਭਾਰਤ ਛੱਡ ਦਿਓ" ਲਾਲ ਕਿਲੇ ਤੋਂ ਤਿਰੰਗਾ ਲਹਿਰਾਇਆ ਤੇ ਲੋਕਾਂ ਨੂੰ ਆਜ਼ਾਦ ਹਿੰਦ ਫੌਜ ਦਾ ਗੀਤ ਯਾਦ ਆਇਆ:-

*ਦੂਰ ਹਟੋ ਐ ਦੁਨੀਆ ਵਾਲੇ ਹਿੰਦੁਸਤਾਨ ਹਮਾਰਾ ਹੈ।*
*ਆਜ ਹਿਮਾਲਾ ਕੀ ਚੋਟੀ ਸੇ ਤਰੰਗਾ ਯੋਹ ਲਲਕਾਰਾ ਹੈ।*

ਅੰਗਰੇਜ਼ ਭਾਰਤ ਛੱਡ ਗਏ। ਭਾਰਤ ਆਜ਼ਾਦ ਹੋ ਗਿਆ ਪਰ ਅੱਜ ਜਦ ਮੈਂ ਇਹ ਲੇਖ ਰਿਹਾ ਹਾਂ ਤਾਂ ਮੇਰਾ ਮਾਸੂਮ ਦੋਹਤਾ ਮੈਥੋਂ ਭਗਤ ਸਿੰਘ ਦੀ ਵਾਰ ਗਾਥਾ ਸੁਣਦਾ ਹੈ। ਉਸਨੇ ਭਗਤ ਸਿੰਘ ਦੀ ਫੈਂਸੀ ਡਰੈੱਸ ਪਾ ਕੇ ਸਕੂਲ ਜਾਣਾ ਹੈ। ਜਦ ਮੈਂ ਉਸਨੂੰ ਸਕੂਲ ਕਲਾਸ ਵਿਚ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਾਉਣ ਲਈ ਕਹਿੰਦਾ ਹਾਂ ਤਾਂ ਉਹ ਇੰਗਲਿਸ਼ ਵਿਚ ਆਖਦਾ ਹੈ, "Nana ji nobody cares for freedom in the school". ਮੈਂ ਝੰਜੋੜਿਆ ਗਿਆ, ਵਲੂੰਧਰਿਆ ਗਿਆ, ਕੰਬ ਉਠਿਆ। ਸਾਡੀ ਸਿੱਖਿਆ ਪ੍ਰਣਾਲੀ ਭਗਤ ਸਿੰਘ ਦੀ ਫਿਲਾਸਫੀ ਤੋਂ ਬੱਚਿਆਂ ਨੂੰ ਕੋਰਾ ਰੱਖ ਰਹੀ ਹੈ।

ਸਿਰਫ ਥਾਣੇ ਦੇ ਭਗਤ ਸਿੰਘ ਪੈਦਾ ਕਰ ਰਹੀ ਹੈ। ਅਸਲ ਭਾਰਤ ਜਾਗ ਨਾ ਜਾਏ ਇਸ ਦਾ ਪੂਰਾ ਯਤਨ ਹੈ। ਭਗਤ ਸਿੰਘ ਤੇ ਗਾਂਧੀ ਦੀ ਮੰਜ਼ਿਲ ਉਂਘਲਾ ਰਹੀ ਹੈ। ਭਾਂਤ-ਭਾਂਤ ਦੇ ਨਸ਼ਿਆਂ ਦੇ ਅਸਰ ਹੇਠ ਗੁੰਮ ਹਨ ਤੇ ਕਦਮ ਲੜਖੜਾ ਰਹੇ ਹਨ। ਭਗਤ ਸਿੰਘ ਤੇ ਗਾਂਧੀ ਦਾ ਫਾਸਲਾ ਐਨਾ ਵਧਾਇਆ ਹੈ ਕਿ ਦੋਵਾਂ ਦੀ ਗੱਲਵੱਕੜੀ ਨਾ ਪੈ ਸਕੇ। ਦੋਨਾਂ ਵਿਚਕਾਰ ਅਤਿਵਾਦ, ਕੁਪੱਤਵਾਦ, ਫਿਰਕੂਵਾਦ ਤੇ ਬੇਅਰਥਾ ਵਾਦ-ਵਿਵਾਦ ਕੁਝ ਐਸੀ ਸ਼ਕਲ ਧਾਰਨ ਕਰ ਗਿਆ ਹੈ ਕਿ ਸਾਨੂੰ ਪਤਾ ਨਹੀਂ ਲੱਗ ਰਿਹਾ ਹੈ ਭਗਤ ਸਿੰਘ ਤੇ ਗਾਂਧੀ ਨੂੰ ਪਲ-ਪਲ ਕੌਣ ਮਾਰ ਰਿਹਾ ਹੈ।

ਭਗਤ ਸਿੰਘ ਜਾਂ ਗਾਂਧੀ ਦਾ ਰਿਸ਼ਤਾ ਜਦ ਤੋਂ ਵਿਗੜਿਆ ਹੈ ਤਦ ਤੋਂ ਅਸੀਂ ਦਿਨ-ਬ-ਦਿਨ ਸੌਂ ਰਹੇ ਹਾਂ। ਸਾਡੇ ਵਿਚੋਂ ਅਣਖ ਸੌਂ ਗਈ ਹੈ, ਸੰਘਰਸ਼ ਸੌਂ ਗਿਆ ਹੈ। ਅੰਗੜਾਈ ਸੌਂ ਗਈ ਹੈ ਨਾਅਰੇ ਸੌਂ ਗਏ ਹਨ, ਸੱਚੇ ਤੇ ਝੂਠੇ ਦੀ ਪਛਾਣ ਸੌਂ ਗਈ ਹੈ। ਛੇ ਰੁਪਏ ਦੀ ਚੀਜ਼ ਸੱਠ ਦੀ ਹੋ ਜਾਏ ਅਸੀਂ ਆਖਦੇ ਹਾਂ। ਸਾਨੂੰ ਕੀ? ਕੋਈ ਸਾਡੀ ਇੱਜ਼ਤ ਦਿਨ-ਦਿਹਾੜੇ ਲੁਟ ਲਏ ਅਸੀਂ ਕਹਿੰਦੇ ਹਾਂ, "ਤੁਹਾਨੂੰ ਕੀ?" ਪੁਲਸ ਚੋਰਾਂ ਵਾਂਗ ਸਾਡੀ ਜੇਬ ਫੋਲ ਜਾਏ ਤਾਂ ਅਸੀਂ ਤਸੱਲੀ ਪ੍ਰਗਟ ਕਰਦੇ ਹਾਂ ਇਹ ਕਹਿ ਕੇ ਕਿ, "ਫੇਰ ਕੀ ਹੋਇਆ?" ਕਤਲ ਸਾਡੇ ਸਾਹਮਣੇ ਹੁੰਦਾ ਹੈ ਪਰ ਅਸੀਂ ਕਬੂਤਰ ਵਾਂਗ ਅੱਖਾਂ ਮੀਟ ਕੇ ਇਹ ਭਾਵਨਾ ਪਾਲਦੇ ਹਾਂ, "ਯਾਰ ਲਫੜੇ ਵਿਚ ਕੌਣ ਪਵੇ?" ਚੋਣਾਂ ਸਮੇਂ ਅਸੀਂ ਸ਼ਰਾਬ, ਨੋਟ ਭੁੱਕੀ ਵੱਟੇ ਵਿਕਦੇ ਹਾਂ ਤਾਂ ਮਨੋ ਮਨੀ ਕਹਿੰਦੇ ਹਾਂ, "ਵਗਦੀ ਗੰਗਾ ਵਿਚ ਇਸ਼ਨਾਨ ਕਰ ਲਵੋ ਕੀ ਹਰਜ਼ ਹੈ?" ਕੀ ਹਰਜ਼ ਹੈ ਨੇ ਭੁਲਾ ਦਿੱਤਾ ਹੈ "ਕੀ ਫਰਜ਼ ਹੈ?" ਐਸਾ, ਇੰਡੀਆ ਕਦੇ ਜਾਗੇਗਾ ਨਹੀਂ। ਮਾਨਸਿਕ ਮਰੀਜ਼ ਦਾ ਸੁੱਤੇ ਰਹਿਣ ਵਿਚ ਭਲਾ ਹੈ। ਜਦ ਤੱਕ ਬਾਣ ਨਹੀਂ ਲੱਗਦੇ ਤੱਕ ਤਕ ਜੋਸ਼ ਨਹੀਂ ਜਾਗਦਾ, ਹੋਸ਼ ਨਹੀਂ ਜਾਗਦਾ। ਇਸ ਲਈ ਮਹਿੰਦੀ ਨੂੰ ਪੱਥਰ 'ਤੇ ਰਗੜ ਖਾਣ ਦਿਓ।

*ਰੰਗ ਲਾਤੀ ਹੈ ਹਿਨਾ ਪੱਥਰ ਪੇ ਘਿਸ ਜਾਨੇ ਕੇ ਬਾਦ।*
*ਆਦਮੀ ਬਨਤਾ ਹੈ ਇਨਸਾਂ ਠਕਰੇਂ ਖਾਨੇ ਕੇ ਬਾਦ।*

**- ਜਗਜੀਤ ਸਿੰਘ ਕੋਮਲ**

## ਗ਼ਜ਼ਲਾਂ

ਇਹ ਮੰਜ਼ਰ ਦੇਖ ਕੇ ਦਿਲ ਡਰ ਗਿਆ ਹੈ।
ਸਮੁੰਦਰ ਕਿਸ਼ਤੀਆਂ 'ਤੇ ਤਰ ਗਿਆ ਹੈ।
ਜਦੋਂ ਖੁੱਲ੍ਹੇ ਤਾਂ ਦਰ ਚੀਕੇ ਕਿਵੇਂ ਨੇ,
ਕੋਈ ਵਰ੍ਹਿਆਂ ਦੇ ਮਗਰੋਂ ਘਰ ਗਿਆ ਹੈ।
ਮੈਂ ਉਸ ਦੀ ਸੋਚ ਵਿਚ ਚੰਨ ਬਣ ਚੜ੍ਹਾਂਗਾ,
ਜੋ ਮੇਰੀ ਹੋਂਦ ਤੋਂ ਮੁੱਕਰ ਗਿਆ ਹੈ।
ਉਹ ਬੰਦਾ ਜ਼ੁਲਮ ਆਰੇ ਅਗਨੀਆਂ ਦਾ,
ਬਦਨ 'ਤੇ ਬਿਰਖ ਵਾਂਗੂੰ ਜਰ ਗਿਆ ਹੈ।
ਜੋ ਤੱਕਿਐ, ਕਾਸ਼! ਉਹ ਸੁਪਨਾ ਹੀ ਨਿਕਲੇ,
ਮੇਰੇ ਦਿਲ ਕੋਲ ਦੀ ਖੰਜਰ ਗਿਆ ਹੈ
ਸਨੋਅ ਦਾ ਖੂਬਸੂਰਤ ਜਿਸਮ ਤੱਕਿਐ,
ਦੁਪਹਿਰੇ ਸਿਖਰ ਸੂਰਤ ਠਰ ਗਿਆ ਹੈ।
ਸਮੁੰਦਰ ਹੱਸਿਐ ਸੂਲੀ 'ਤੇ ਚੜ੍ਹ ਕੇ,
ਤਾਂ ਚਿਹਰਾ ਔੜ ਦਾ ਉੱਤਰ ਗਿਆ ਹੈ।

ੴੴੴ

ਮੇਰੇ ਰੱਥਾਂ ਨੂੰ ਦਸਤਕ ਦੀ ਯਾਦ ਦਿਵਾਉਂਦਾ ਹੈ।
ਮੇਰੇ ਸੁਪਨੇ 'ਚ ਅੱਜਕੱਲ੍ਹ ਇਕ ਬੂਹਾ ਆਉਂਦਾ ਹੈ।
ਕਿਸ਼ਤੀ, ਸੂਲੀ, ਵੰਝਲੀ, ਭਾਲਾ ਮੋਰ ਬਣਾਉਂਦਾ ਹੈ।
ਬਿਰਖਾਂ ਵਿਚ ਬੰਦਾ ਮਨ ਦੀ ਦਸ਼ਾ ਦਿਖਾਉਂਦਾ ਹੈ।
ਭੀੜ ਦੇ ਸਾਗਰ 'ਚ ਘਿਰਿਆਂ ਤਨਹਾ ਟਾਪੂ ਹਾ,
ਵਾਕਿਫ ਕਦਮਾਂ ਦੀ ਛੋਹ ਨੂੰ ਜੋ ਚਿੱਠੀਆਂ ਪਾਉਂਦਾ ਹੈ।
ਇਕਲਾਪੇ ਵਿਚ ਸੁੱਤਾ ਨ੍ਹੇਰਾ ਤਿੜਕਦਾ ਹੈ,
ਉਜੜੇ ਹੋਏ ਘਰ ਵਿਚ ਦੀਵਾ ਕੌਣ ਜਗਾਉਂਦਾ ਹੈ?
ਉਸ ਦਾ ਸ਼ੁਗਲ ਕਿਸੇ ਦਿਨ ਆਹਲਣਿਆਂ ਨੂੰ ਸਾੜੇਗਾ,
ਜਿਹੜਾ ਆਤਿਸ਼ਬਾਜ਼ੀ ਬਿਰਖਾਂ ਕੋਲ ਚਲਾਉਂਦਾ ਹੈ।
ਮੁਲਬਾ ਅੱਖਰ, ਲਗਾਂ ਕੇ ਲਾਸ਼ਾਂ, ਲਿਪੀ ਬੰਬਾਰੀ,
ਗੁੰਮ-ਸੁੰਮ ਬੱਚਾ ਘਰ ਵੱਲ ਤੱਕਦਾ, ਵਾਕ ਬਣਾਉਂਦਾ ਹੈ
ਸ਼ੇਖੀ ਵਿਚ ਟਾਪੂ 'ਤੇ ਪਹਿਲਾਂ ਬੇੜੀ ਫੂਕ ਲਈ,
ਉੱਠਦਾ ਦੇਖ ਤੂਫਾਨ ਮੁਸਾਫਰ ਹੁਣ ਪਛਤਾਉਂਦਾ ਹੈ।

ੴੴੴ

## ਆਸ

ਮਨੀ ਅਤੇ ਰਾਜੂ ਦੋਵੇਂ ਛੇਵੀਂ ਕਲਾਸ ਵਿੱਚ ਪੜ੍ਹਦੇ ਸਨ। ਮਨੀ ਨੂੰ ਸਾਇਕਲ 'ਤੇ ਸਕੂਲ ਜਾਂਦਿਆਂ ਵੇਖ ਰਾਜੂ ਨੇ ਵੀ ਕਈ ਵਾਰ ਆਪਣੇ ਬਾਪ ਕੋਲੋਂ ਸਾਈਕਲ ਦੀ ਮੰਗ ਕੀਤੀ। ਰਾਜੂ ਦਾ ਗਰੀਬ ਮਜ਼ਦੂਰ ਬਾਪ ਰਾਜੂ ਦੀ ਸਾਈਕਲ ਖਰੀਦਣ ਦੀ ਮੰਗ ਕਦੇ ਵੀ ਪੂਰੀ ਨਾ ਕਰ ਸਕਿਆ। ਇੱਕ ਦਿਨ ਕਲਾਸ ਇੰਚਾਰਜ ਅਧਿਆਪਕ ਨੇ ਸਾਰੇ ਵਿਦਿਆਰਥੀਆਂ ਨੂੰ ਰੈੱਡ ਕਰਾਸ ਦੀਆਂ ਪਰਚੀਆਂ ਫੜਾਉਂਦੇ ਹੋਏ ਆਖਿਆ, "ਕੱਲ੍ਹ ਨੂੰ ਸਾਰੇ ਜਣੇ ਵੀਹ-ਵੀਹ ਰੁਪਏ ਲੈ ਕੇ ਆਇਓ, ਰੈੱਡ ਕਰਾਸ ਵੱਲੋਂ ਤੁਹਾਡੀ ਲਾਟਰੀ ਪਾਈ ਗਈ ਹੈ। ਇਨਾਮ ਵਿੱਚ ਇਕ ਨਵਾਂ ਸਾਈਕਲ ਤੇ ਹੋਰ ਵੀ ਬਹੁਤ ਸਾਰੇ ਇਨਾਮ ਨਿਕਲਣੇ ਹਨ। ਮਨੀ ਅਤੇ ਰਾਜੂ ਨੇ ਪਰਚੀਆਂ ਫੜਾ ਕੇ ਪੈਸਿਆਂ ਦੀ ਮੰਗ ਕੀਤੀ। ਮਨੀ,ਜਿਸ ਦਾ ਬਾਪ ਪਟਵਾਰੀ ਸੀ, ਨੇ ਪੰਜਾਹ ਰੁਪਏ ਦਾ ਨੋਟ ਫੜਾਉਂਦੇ ਹੋਏ ਕਿਹਾ, " ਬਾਕੀ ਪੈਸੇ ਤੂੰ ਆਪਣੀ ਜੇਬ ਖਰਚੇ ਵਾਸਤੇ ਰੱਖ ਲਈਂ" ਰਾਜੂ ਦੇ ਮਜ਼ਦੂਰ ਬਾਪ ਨੇ ਸ਼ਾਮ ਨੂੰ ਕੰਮ ਤੋਂ ਵਾਪਸ ਆ ਕੇ ਆਪਣੇ ਮੈਲੇ ਅਤੇ ਫਟੇ ਹੋਏ ਕੁੜਤੇ ਦੀ ਜੇਬ ਵਿਚੋਂ ਦਸ ਰੁਪਏ ਦਾ ਨੋਟ ਰਾਜੂ ਨੂੰ ਫੜਾਉਂਦੇ ਹੋਏ ਕਿਹਾ, " ਰਾਜੂ ਵੀਹ ਰੁਪਏ ਕੰਮ ਦੇ ਮਿਲੇ ਸਨ, ਦਸ ਰੁਪਏ ਦਾ ਆਟਾ ਲੈ ਆਇਆ ਹਾਂ ਅਤੇ ਆਹ ਦਸ ਰੁਪਏ ਤੂੰ ਲੈ ਜਾ ਬਾਕੀ ਦਸ ਮੈਂ ਕੱਲ੍ਹ ਸ਼ਾਮ ਨੂੰ ਦਿਹਾੜੀ ਲਾ ਕੇ ਦੇ ਦੇਵਾਂਗਾ।" ਦਸ ਦਾ ਨੋਟ ਫੜਦੇ ਹੋਏ ਰਾਜੂ ਦੀਆਂ ਅੱਖਾਂ ਵਿੱਚ ਨਵਾਂ ਸਾਈਕਲ ਮਿਲਣ ਦੀ "ਆਸ" ਸਾਫ ਦੇਖੀ ਜਾ ਸਕਦੀ ਸੀ।

**-ਡਾ. ਰਾਜਵੀਰ ਸਿੰਘ ਸੰਧੂ**

# ਪੰਜਾਬੀਆਂ ਲਈ ਜਾਰੀ ਹੋਏ ਚੇਤਾਵਨੀ, ਅਜੇ ਵੀ ਸੰਭਲਣ ਦੀ ਵੇਲਾ

**ਏਜੰਸੀਆਂ**

ਖੰਨਾ 20 ਜਨਵਰੀ। ਪੰਜਾਬੀਆਂ ਲਈ ਇਕ ਫਿਰ ਚੇਤਾਵਨੀ ਜਾਰੀ ਕੀਤੀ ਗਈ ਹੈ। ਦਰਅਸਲ, ਸੀਨੀਅਰ ਪੁਲਸ ਕਪਤਾਨ ਖੰਨਾ ਅਸਵਨੀ ਗੋਟਿਆਲ ਨੇ ਕਿਹਾ ਕਿ ਚੀਨੀ, ਨਾਈਲੋਨ ਅਤੇ ਸਿੰਥੈਟਿਕ ਡੋਰ 'ਤੇ ਪਾਬੰਦੀ ਦੇ ਬਾਵਜੂਦ ਇਨ੍ਹਾਂ ਦੀ ਵਰਤੋਂ ਧੜਾਧੜ



ਹੋ ਰਹੀ ਹੈ, ਜਿਸ ਕਾਰਨ ਲੋਕਾਂ ਨਾਲ ਗੰਭੀਰ ਹਾਦਸੇ ਵਾਪਰ ਰਹੇ ਹਨ ਅਤੇ ਬੇਜ਼ੁਬਾਨ ਜਾਨਵਰਾਂ ਅਤੇ ਪੰਛੀ ਮਾਰੇ ਜਾ ਰਹੇ ਹਨ। ਇਨ੍ਹਾਂ ਹਾਦਸਿਆਂ ਅਤੇ ਘਟਨਾਵਾਂ ਨੂੰ ਰੋਕਣ ਲਈ ਜਾਰੀ ਹਦਾਇਤਾਂ ਅਨੁਸਾਰ, ਚਾਈਨਾ/ਨਾਈਲੋਨ/ਸਿੰਥੈਟਿਕ ਡੋਰ ਦੀ ਵਰਤੋਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਗਈ ਹੈ। ਐੱਸ. ਐੱਸ. ਪੀ. ਗੋਟਿਆਲ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਡਰੈਗਨ ਡੋਰ, ਜਿਸਨੂੰ ਚਾਈਨਾ ਡੋਰ ਵਜੋਂ ਜਾਣਿਆ ਜਾਂਦਾ ਹੈ। ਇਸ ਕਾਰਨ ਕਈਆਂ ਦੀ ਮੌਤ ਹੋ ਗਈ ਹੈ ਅਤੇ ਕਈ ਜਖਮੀ ਹੋਏ ਹਨ। ਇਸ ਡੋਰ 'ਤੇ ਪੰਜਾਬ ਸਰਕਾਰ ਵੱਲੋਂ ਪਾਬੰਦੀ ਲਗਾਈ ਗਈ ਹੈ ਪਰ ਫਿਰ ਵੀ ਕੁਝ ਲੋਕ ਇਸ ਨੂੰ ਗੈਰ-ਕਾਨੂੰਨੀ ਢੰਗ ਨਾਲ ਵੇਚ ਰਹੇ ਹਨ ਅਤੇ ਵਰਤ ਰਹੇ ਹਨ। ਇਸ ਕਾਰਨ ਪੰਜਾਬ ਵਿਚ ਕਈ ਥਾਵਾਂ 'ਤੇ ਲੋਕ ਚਾਈਨਾ ਡੋਰ ਵਿਚ ਫਸ ਕੇ ਆਪਣੀਆਂ ਕੀਮਤੀ ਜਾਨਾਂ ਗੁਆ ਚੁੱਕੇ ਹਨ। ਇਸ ਨੂੰ ਧਿਆਨ ਵਿਚ ਰੱਖਦੇ ਹੋਏ, ਪੰਜਾਬ ਸਰਕਾਰ ਨੇ ਇਸ ਡੋਰ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਹੈ। ਐੱਸ.ਐੱਸ.ਪੀ. ਗੋਟਿਆਲ ਨੇ ਕਿਹਾ ਕਿ ਲੁਧਿਆਣਾ ਰੇਂਜ ਵਿਚ ਹੁਣ ਤੱਕ ਖੰਨਾ ਜ਼ਿਲ੍ਹੇ ਵਿਚ ਚਾਈਨਾ ਡੋਰ ਦੇ ਸਭ ਤੋਂ ਵੱਧ ਮਾਮਲੇ ਦਰਜ ਕੀਤੇ ਗਏ ਹਨ। ਕੱਲ੍ਹ ਦੋ ਪਰਚੇ ਵੀ ਦਰਜ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਪੁਲਸ ਆਪਣੇ ਪੱਧਰ 'ਤੇ ਚਾਈਨਾ ਡੋਰ ਵਿਰੁੱਧ ਕਾਰਵਾਈ ਕਰ ਰਹੀ ਹੈ ਅਤੇ ਲੋਕਾਂ ਵੱਲੋਂ ਦਿੱਤੀ ਗਈ ਗੁਪਤ ਜਾਣਕਾਰੀ ਦੇ ਆਧਾਰ 'ਤੇ ਵੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਖੰਨਾ ਪੁਲਸ ਡਰੋਨ ਰਾਹੀਂ ਚੀਨੀ ਡੋਰ ਦੀ ਵਰਤੋਂ ਕਰਕੇ ਪਤੰਗ ਉਡਾਉਣ ਵਾਲਿਆਂ 'ਤੇ ਵੀ ਨਜ਼ਰ ਰੱਖ ਰਹੀ ਹੈ। ਐੱਸ.ਐੱਸ.ਪੀ. ਗੋਟਿਆਲ ਨੇ ਸਾਰੇ ਦੁਕਾਨਦਾਰਾਂ, ਨੌਜਵਾਨਾਂ ਅਤੇ ਚੀਨੀ ਧਾਗੇ ਦੀ ਵਰਤੋਂ ਕਰਕੇ ਪਤੰਗ ਉਡਾਉਣ ਵਾਲੇ ਲੋਕਾਂ ਨੂੰ ਸਖ਼ਤ ਚੇਤਾਵਨੀ ਜਾਰੀ ਕੀਤੀ ਅਤੇ ਕਿਹਾ ਕਿ ਪੰਜਾਬ ਸਰਕਾਰ ਦੁਆਰਾ ਪਾਬੰਦੀਸ਼ੁਦਾ ਗੈਰ-ਕਾਨੂੰਨੀ ਚੀਨੀ ਡੋਰ ਵੇਚਣ ਵਾਲਿਆਂ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਲੋਕਾਂ ਨੂੰ ਬੇਨਤੀ ਕਰਦੇ ਹਨ ਕਿ ਉਹ ਚੀਨੀ ਡੋਰ ਨਾ ਵੇਚਣ ਅਤੇ ਨਾ ਹੀ ਪਤੰਗ ਉਡਾਉਣ ਲਈ ਇਸਦੀ ਵਰਤੋਂ ਕਰਨ।

# ਸਿਵਲ ਹਸਪਤਾਲ 'ਚ ਮਚਿਆ ਹੰਗਾਮਾ, ਭ੍ਰਿਸ਼ਟਾਚਾਰੀਆਂ 'ਤੇ ਹੁਣ ਵਿਜੀਲੈਂਸ ਦੀ ਤਿੱਖੀ ਨਜਰ

**ਸਰਦੂਲ ਸਿੰਘ**

ਜਲੰਧਰ 20 ਜਨਵਰੀ। ਸਿਵਲ ਹਸਪਤਾਲ ਵਿਚ ਆਮ ਜਨਤਾ ਤੋਂ ਪੈਸੇ ਲੈ ਕੇ ਕਿਸ ਤਰ੍ਹਾਂ ਭ੍ਰਿਸ਼ਟਾਚਾਰ ਫੈਲਾਇਆ ਜਾ ਰਿਹਾ ਹੈ, ਇਸ ਗੱਲ ਨੂੰ ਵਿਜੀਲੈਂਸ ਵਿਭਾਗ ਨੇ ਆਖਿਰ ਉਜਾਗਰ ਕਰ ਹੀ ਦਿੱਤਾ ਹੈ। ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿਚ ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਤਹਿਤ ਕੇਸ ਦਰਜ ਕਰਕੇ ਇਕ ਨਿੱਜੀ ਸੁਰੱਖਿਆ ਗਾਰਡ ਨੂੰ ਸਿਵਲ ਹਸਪਤਾਲ ਵਿਚ ਤਾਇਨਾਤ ਇਕ ਪੀ. ਸੀ. ਐੱਮ. ਐੱਸ. ਆਰਥੋਪੈਡਿਕ ਡਾਕਟਰ ਦੇ ਨਾਂ 'ਤੇ ਰਿਸ਼ਵਤ ਮੰਗਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਹੈ। ਮੁਲਜ਼ਮ ਦੀ ਪਛਾਣ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਚੱਕ ਸਾਧੂ ਵਾਲਾ ਦੇ ਨਰਿੰਦਰ ਕੁਮਾਰ ਵਜੋਂ ਹੋਈ ਹੈ। ਉਕਤ ਗਾਰਡ ਵੱਲੋਂ ਇਕ ਦਿਵਿਆਂਗ ਤੋਂ ਦਿਵਿਆਂਗਤਾ ਸਰਟੀਫਿਕੇਟ ਦੇ ਨਾਂ 'ਤੇ 10 ਹਜਾਰ ਰੁਪਏ ਮੰਗਣੇ ਬਹੁਤ ਸ਼ਰਮਨਾਕ ਗੱਲ ਹੈ। ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਸਿਵਲ ਹਸਪਤਾਲ ਵਿਚ ਦਿਵਿਆਂਗਾਂ ਤੋਂ ਪੈਸੇ ਲਏ ਜਾਂਦੇ ਹਨ ਅਤੇ ਇਸਦੇ ਬਾਵਜੂਦ ਹਸਪਤਾਲ ਅਧਿਕਾਰੀ ਦੇ ਮੌਨ ਹਨ। ਜੇਕਰ ਸਮਾਂ ਰਹਿੰਦੇ ਅਧਿਕਾਰੀ, ਜੋ ਲੱਖਾਂ ਰੁਪਏ ਹਰ ਮਹੀਨੇ ਇਸ ਗੱਲ ਦੀ ਤਨਖਾਹ ਲੈਂਦੇ ਹਨ ਕਿ ਸਿਵਲ ਹਸਪਤਾਲ ਵਿਚ ਆਮ ਲੋਕਾਂ ਨੂੰ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਘਟਨਾ ਦੇ ਬਾਅਦ ਤੋਂ ਉਕਤ ਅਧਿਕਾਰੀਆਂ ਦੇ ਚਰਿੱਤਰ 'ਤੇ ਵੀ ਸ਼ੱਕ ਪੈਦਾ ਹੋ ਰਿਹਾ ਹੈ ਕਿ ਹਸਪਤਾਲ ਵਿਚ ਕੀ ਚੱਲ ਰਿਹਾ ਹੈ। ਜੇਕਰ ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਦਾ ਤਾਂ ਉਹ ਤਨਖਾਹ ਕਿਸ ਗੱਲ ਦੀ ਲੈਂਦੇ ਹਨ। ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਚੰਡੀਗੜ੍ਹ ਬੈਠੇ ਵਿਜੀਲੈਂਸ ਦੇ ਸੀਨੀਅਰ ਅਧਿਕਾਰੀਆਂ ਦੇ ਇਲਾਵਾ ਜਲੰਧਰ ਵਿਚ ਬੈਠਣ ਵਾਲੇ ਅਧਿਕਾਰੀਆਂ ਦੀ ਤਿੱਖੀ ਨਜਰ ਹੁਣ ਸਿਵਲ




ਹਸਪਤਾਲ 'ਤੇ ਹੈ। ਹੁਣ ਦੇਖਣਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਵਿਜੀਲੈਂਸ ਵਿਭਾਗ ਹੋਰ ਕਿੰਨੇ ਭ੍ਰਿਸ਼ਟਾਚਾਰੀਆਂ ਨੂੰ ਗ੍ਰਿਫਤਾਰ ਕਰਨ ਵਿਚ ਸਫਲ ਹੁੰਦਾ ਹੈ। ਸਿਵਲ ਹਸਪਤਾਲ ਦੇ ਇਤਿਹਾਸ 'ਤੇ ਜੇਕਰ ਨਜਰ ਮਾਰੀ ਜਾਵੇ ਤਾਂ ਇਥੇ ਭ੍ਰਿਸ਼ਟਾਚਾਰ ਜਿੱਥੇ ਬਹੁਤ ਸਿਖਰ 'ਤੇ ਪਹੁੰਚ ਗਿਆ ਸੀ, ਉਥੇ ਹੀ ਤਾਇਨਾਤ ਸਾਬਕਾ ਮੈਡੀਕਲ ਸੁਪਰਿੰਟੈਂਡੈਂਟ ਡਾ. ਨਈਅਰ ਨੂੰ ਵਿਜੀਲੈਂਸ ਨੇ ਗ੍ਰਿਫਤਾਰ ਵੀ ਕੀਤਾ ਸੀ। ਉਸ ਦੌਰਾਨ ਉਨ੍ਹਾਂ 'ਤੇ ਵੀ ਹਸਪਤਾਲ ਦੇ ਸਿਹਤ ਸਟਾਫ ਤੋਂ ਪੈਸੇ ਮੰਗਣ ਦਾ ਦੋਸ਼ ਲੱਗਾ ਸੀ। ਸ਼ਿਕਾਇਤ ਵਿਜੀਲੈਂਸ ਵਿਭਾਗ ਕੋਲ ਪਹੁੰਚੀ ਤਾਂ ਵਿਭਾਗ ਨੇ ਟ੍ਰੈਪ ਲਾ ਕੇ ਮੈਡੀਕਲ ਸੁਪਰਿੰਟੈਂਡੈਂਟ ਆਫਿਸ ਵਿਚ ਡਿਊਟੀ 'ਤੇ ਬੈਠੇ ਕਲਰਕ ਰਮੇਸ਼ ਨੂੰ ਵੀ ਗ੍ਰਿਫਤਾਰ ਕੀਤਾ ਸੀ, ਜਿਸ 'ਤੇ ਵੀ ਦੋਸ਼ ਸੀ ਕਿ ਉਸਦੇ ਜਰੀਏ ਨਈਅਰ ਪੈਸਿਆਂ ਦੀ ਮੰਗ ਕਰ ਰਿਹਾ ਹੈ। ਵਿਜੀਲੈਂਸ ਨੇ ਦੋਵਾਂ ਨੂੰ ਹੀ ਸਿਵਲ ਹਸਪਤਾਲ ਵਿਚੋਂ ਗ੍ਰਿਫਤਾਰ ਕਰ ਲਿਆ ਸੀ, ਜਿਸ ਦੌਰਾਨ ਵੀ ਹਸਪਤਾਲ ਕਾਫੀ ਸੁਰਖੀਆਂ ਵਿਚ ਆਇਆ ਸੀ। ਸਿਵਲ ਹਸਪਤਾਲ ਵਿਚ ਵਿਜੀਲੈਂਸ ਵਿਭਾਗ ਵੱਲੋਂ ਲੋਕਾਂ ਤੋਂ ਪੈਸੇ ਮੰਗਣ 'ਤੇ ਸ਼ਿਕਾਇਤ ਕਰਨ ਵਾਲੇ ਮੋਬਾਈਲ ਨੰਬਰ ਸਬੰਧੀ ਸਾਈਨ ਬੋਰਡ ਹਸਪਤਾਲ ਕੰਪਲੈਕਸ ਵਿਚ ਕਾਫੀ ਥਾਵਾਂ 'ਤੇ ਲੱਗੇ ਹੋਏ ਸਨ। ਇਸ ਦੇ ਇਲਾਵਾ ਵਿਜੀਲੈਂਸ ਵਿਭਾਗ ਵਿਚ ਤਾਇਨਾਤ ਅਧਿਕਾਰੀਆਂ ਦੇ ਕਹਿਣ 'ਤੇ ਪੋਸਟਰ ਹਰ ਸਥਾਨ 'ਤੇ ਲਾਏ ਗਏ ਸਨ। ਉਕਤ ਪੋਸਟਰਾਂ ਵਿਚ ਲੋਕਾਂ ਨੂੰ ਅਪੀਲ ਕੀਤੀ ਗਈ ਸੀ ਕਿ ਉਨ੍ਹਾਂ ਤੋਂ ਪੈਸੇ ਮੰਗਣ ਵਾਲਿਆਂ ਦੀ ਸ਼ਿਕਾਇਤ ਇਨ੍ਹਾਂ ਨੰਬਰਾਂ 'ਤੇ ਕੀਤੀ ਜਾਵੇ ਪਰ ਹਸਪਤਾਲ ਵਿਚ ਸਰਗਰਮ ਕੁਝ ਭ੍ਰਿਸ਼ਟਾਚਾਰੀਆਂ ਦੇ ਕਹਿਣ 'ਤੇ ਉਕਤ ਸਾਈਨ ਬੋਰਡ ਉਤਾਰਨ ਦੇ ਨਾਲ-ਨਾਲ ਪੋਸਟਰ ਤਕ ਪਾੜ ਦਿੱਤੇ ਗਏ। ਹਸਪਤਾਲ ਵਿਚ ਤਾਇਨਾਤ ਇਕ ਈਮਾਨਦਾਰ ਡਾਕਟਰ ਨੇ ਦੱਸਿਆ ਕਿ ਦਰਅਸਲ ਵਿਜੀਲੈਂਸ ਵਿਭਾਗ ਵੱਲੋਂ ਜਾਰੀ ਨੰਬਰਾਂ 'ਤੇ ਲੋਕ ਫੋਨ ਕਰ ਕੇ ਸ਼ਿਕਾਇਤਾਂ ਕਰਨ ਲੱਗੇ ਸਨ, ਇਸ ਲਈ ਉਕਤ ਪੋਸਟਰ ਪਾੜ ਦਿੱਤੇ ਗਏ ਸਨ। ਵਿਜੀਲੈਂਸ ਵਿਭਾਗ ਨੂੰ ਦੁਬਾਰਾ ਪੋਸਟਰ ਅਤੇ ਸਾਈਨ ਬੋਰਡ ਉਕਤ ਵਿਭਾਗਾਂ ਦੇ ਬਾਹਰ ਲਾਉਣੇ ਚਾਹੀਦੇ ਹਨ

## ਬਦਲ ਗਈ ਪ੍ਰੀਖਿਆਵਾਂ ਦੀ ਡੇਟਸ਼ੀਟ, ਨਵੀਆਂ ਤਰੀਕਾਂ ਦਾ ਹੋ ਗਿਆ ਐਲਾਨ

ਲੁਧਿਆਣਾ 20 ਜਨਵਰੀ। ਸਟੇਟ ਕੌਂਸਲ ਫਾਰ ਐਜੂਕੇਸ਼ਨ ਰਿਸਰਚ ਐਂਡ ਟ੍ਰੇਨਿੰਗ (ਐੱਸ.ਸੀ.ਆਰ.ਟੀ.) ਪੰਜਾਬ ਨੇ ਸਾਲ 2024-25 ਲਈ ਪਹਿਲੀ ਤੋਂ 12ਵੀਂ ਜਮਾਤ ਦੀਆਂ ਪ੍ਰੀ-ਬੋਰਡ ਅਤੇ ਟਰਮ-2 ਦੀਆਂ ਪ੍ਰੀਖਿਆਵਾਂ ਦੀ ਡੇਟਸ਼ੀਟ 'ਚ ਅੰਸ਼ਿਕ ਸੋਧ ਕਰਨ ਸਬੰਧੀ ਸਾਰੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ। ਪੱਤਰ ਮੁਤਾਬਕ ਪ੍ਰੀ-ਬੋਰਡ ਪ੍ਰੀਖਿਆਵਾਂ ਦੀਆਂ ਕੁਝ ਤਰੀਕਾਂ ਬਦਲ ਦਿੱਤੀਆਂ ਗਈਆਂ ਹਨ। 12ਵੀਂ ਜਮਾਤ ਦੇ ਵਿਸ਼ਿਆਂ 'ਵਾਤਾਵਰਣ ਸਿੱਖਿਆ' ਅਤੇ 'ਕੰਪਿਊਟਰ ਸਾਇੰਸ' ਦੀਆਂ ਪ੍ਰੀਖਿਆਵਾਂ ਦੀਆਂ ਤਰੀਕਾਂ ਬਦਲ ਦਿੱਤੀ ਗਈ ਹੈ। ਹੁਣ 'ਵਾਤਾਵਰਣ ਸਿੱਖਿਆ' ਦੀ ਪ੍ਰੀਖਿਆ 25 ਜਨਵਰੀ ਨੂੰ ਅਤੇ 'ਕੰਪਿਊਟਰ ਸਾਇੰਸ' ਦੀ ਪ੍ਰੀਖਿਆ 29 ਜਨਵਰੀ ਨੂੰ ਲਈ ਜਾਵੇਗੀ। ਇਸ ਤੋਂ ਇਲਾਵਾ, ਜੇ.ਈ.ਈ. ਮੇਨ ਪ੍ਰੀਖਿਆ ਨੂੰ




ਧਿਆਨ 'ਚ ਰੱਖਦੇ ਹੋਏ ਜੋ 22 ਤੋਂ 30 ਜਨਵਰੀ ਤੱਕ ਚੱਲੇਗੀ, ਸਬੰਧਤ ਵਿਦਿਆਰਥੀਆਂ ਦੀ ਪ੍ਰੀ-ਬੋਰਡ ਪ੍ਰੀਖਿਆ 31 ਜਨਵਰੀ ਤੱਕ ਸਕੂਲ ਪੱਧਰ 'ਤੇ ਉਸੇ ਦਿਨ ਲਈ ਜਾਵੇਗੀ। ਇਨ੍ਹਾਂ ਵਿਦਿਆਰਥੀਆਂ ਲਈ ਪ੍ਰਸ਼ਨ-ਪੱਤਰ ਤਿਆਰ ਕਰਨ ਦੀ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ। ਜਵਾਹਰ ਨਵੋਦਿਆ ਸਕੂਲ 6ਵੀਂ ਜਮਾਤ ਦੀ 20 ਜਨਵਰੀ ਨੂੰ ਹੋਣ ਵਾਲੀ ਪ੍ਰਵੇਸ਼ ਪ੍ਰੀਖਿਆ ਦੇ ਮੱਦੇਨਜ਼ਰ ਪ੍ਰੀਖਿਆ ਕੇਂਦਰ ਬਣਾਏ ਗਏ ਸਕੂਲਾਂ ਦੇ ਮੁਖੀਆਂ ਨੂੰ ਤਾਲਮੇਲ ਅਤੇ ਸਹਿਯੋਗ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਦਿਨ 11ਵੀਂ ਅਤੇ 12ਵੀਂ ਜਮਾਤ ਦੇ ਚੁਣੇ ਹੋਏ ਵਿਸ਼ਿਆਂ ਦੀ ਪ੍ਰੀ-ਬੋਰਡ ਪ੍ਰੀਖਿਆ ਲਈ ਜਾਵੇਗੀ। ਇਨ੍ਹਾਂ ਤਬਦੀਲੀਆਂ ਨੂੰ ਬਹੁਤ ਮਹੱਤਵਪੂਰਨ ਮੰਨਦੇ ਹੋਏ, ਐੱਸ.ਸੀ.ਆਰ.ਟੀ. ਨੇ ਸਾਰੇ ਸਬੰਧਤ ਅਧਿਕਾਰੀਆਂ ਅਤੇ ਸਕੂਲ ਮੁਖੀਆਂ ਨੂੰ ਇਨ੍ਹਾਂ ਹਦਾਇਤਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਕਿਹਾ ਹੈ।

## ਫਾਜਿਲਕਾ ਜਿਲ੍ਹੇ ਦੇ ਲੋਕਾਂ ਲਈ ਬੇਹੱਦ ਜਰੂਰੀ ਖਬਰ, ਵੱਧ ਤੋਂ ਵੱਧ ਲੈਣ ਲਾਹਾ

ਫਾਜ਼ਿਲਕਾ 20 ਜਨਵਰੀ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਤਿਮਾਹੀ ਬੈਠਕ ਜ਼ਿਲ੍ਹਾ ਤੇ ਸੈਸ਼ਨ ਜੱਜ ਕਮ ਚੇਅਰਪਰਸਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਵਤਾਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਬੈਠਕ ਦੀ ਪ੍ਰਧਾਨਗੀ ਕਰਦਿਆਂ ਅਵਤਾਰ ਸਿੰਘ ਨੇ ਦੱਸਿਆ ਕਿ ਅਗਲੀ ਲੋਕ ਅਦਾਲਤ 8 ਮਾਰਚ ਨੂੰ ਲੱਗ ਰਹੀ ਹੈ। ਉਨ੍ਹਾਂ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਲੋਕ ਅਦਾਲਤਾਂ ਦਾ ਵੱਧ ਤੋਂ ਵੱਧ ਲਾਹਾ ਲੈਣ ਅਤੇ ਲੋਕ ਅਦਾਲਤ ਰਾਹੀਂ ਆਪਣੇ ਕੇਸਾਂ ਦਾ ਨਿਪਟਾਰਾ ਕਰਨ ਕਿਉਂਕਿ ਲੋਕ ਅਦਾਲਤ ਰਾਹੀਂ ਕੇਸ ਦਾ ਸਥਾਈ ਹੱਲ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਲੋਕ ਅਦਾਲਤ 'ਚ ਆਪਸੀ ਸਹਿਮਤੀ ਨਾਲ ਹੱਲ ਹੁੰਦਾ ਹੈ। ਇਸ ਲਈ ਕਿਸੇ ਇਕ ਧਿਰ ਦੀ ਜਿੱਤ ਹਾਰ ਨਹੀਂ ਹੁੰਦੀ ਸਗੋਂ ਦੋਵੇਂ ਹੀ ਲਾਹੇ 'ਚ ਰਹਿੰਦੇ ਹਨ। ਇਸ ਲਈ ਆਪਣਾ ਕੇਸ ਲੋਕ ਅਦਾਲਤ 'ਚ ਲਾਉਣ ਲਈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਾਂ ਜਿੱਥੇ ਕੇਸ ਚੱਲ ਰਿਹਾ ਹੈ, ਉਸੇ ਅਦਾਲਤ 'ਚ ਅਰਜੀ ਦਿੱਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਲੋੜਵੰਦ ਲੋਕਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਵੀ ਮੁਹੱਈਆ ਕੀਤੀ ਜਾਂਦੀ ਹੈ। ਇਸ ਲਈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਫਰੰਟ ਆਫਿਸ ਵਿਖੇ ਜਾਂ ਜਿੱਥੇ ਕੇਸ ਚੱਲਦਾ ਹੋਵੇ ਉੱਥੇ ਹੀ ਅਰਜੀ ਦਿੱਤੀ ਜਾ ਸਕਦੀ ਹੈ। ਬੈਠਕ 'ਚ ਹੇਮ ਅੰਮ੍ਰਿਤ ਮਾਹੀ ਚੀਫ ਜੁਡੀਸ਼ੀਅਲ ਮਜਿਸਟ੍ਰੇਟ, ਰੂਚੀ ਸਵਪਨ ਸਰਮਾ ਸੀ. ਜੇ. ਐੱਮ. ਕੰਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਵਧੀਕ ਡਿਪਟੀ ਕਮਿਸਨਰ ਵਿਕਾਸ ਸੁਭਾਸ ਚੰਦਰ, ਜ਼ਿਲ੍ਹਾ ਅਟਾਰਨੀ ਵਜੀਰ ਚੰਦ, ਡੀ. ਐੱਸ. ਪੀ. ਐੱਚ. ਹਾਜਰ ਸਨ।

# ਪਲਾਟ ਖਰੀਦਣ ਦਾ ਝਾਂਸਾ ਦੇ ਕੇ ਮਾਰੀ 66,60,000 ਦੀ ਠੱਗੀ, ਮਾਂ-ਪੁੱਤ ਖਿਲਾਫ ਕੇਸ ਦਰਜ

**ਕਿਸ਼ਨ ਪਾਲ**

ਫਿਰੋਜ਼ਪੁਰ 20 ਜਨਵਰੀ। ਕਥਿਤ ਰੂਪ ਵਿਚ ਬੈਂਕ ਵਿਚ ਲੱਖਾਂ ਰੁਪਏ ਟਰਾਂਸਫਰ ਕਰਵਾ ਕੇ ਅਤੇ 50 ਲੱਖ ਰੁਪਏ ਕੈਸ਼ ਲੈ ਕੇ ਕੁੱਲ 66,60,000 ਰੁਪਏ ਦੀ ਠੱਗੀ ਮਾਰਨ ਦੇ ਦੋਸ਼ 'ਚ ਥਾਣਾ ਫਿਰੋਜ਼ਪੁਰ ਕੈਂਟ ਦੀ ਪੁਲਸ ਨੇ ਮੋਹਿਤ ਅਗਰਵਾਲ ਅਤੇ ਉਸਦੀ ਮਾਤਾ ਹਰਸ਼ਿਤਾ ਅਗਰਵਾਲ ਵਾਸੀ ਫਿਰੋਜ਼ਪੁਰ ਕੈਂਟ ਦੇ ਖਿਲਾਫ ਮਾਮਲਾ ਦਰਜ ਕੀਤਾ ਹੈ। ਇਹ ਜਾਣਕਾਰੀ ਦਿੰਦੇ ਹੋਏ ਏ. ਐੱਸ. ਆਈ. ਮਹੇਸ਼ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਮੁੱਦਈ ਵਿਪੁਲ ਗੋਇਲ ਪੁੱਤਰ ਹਰੀਸ਼ ਗੋਇਲ ਵਾਸੀ ਫਿਰੋਜ਼ਪੁਰ ਛਾਉਣੀ ਨੇ ਪੁਲਸ ਅਧਿਕਾਰੀਆਂ ਨੂੰ ਦਿੱਤੀ ਲਿਖਤੀ ਸ਼ਿਕਾਇਤ 'ਚ ਦੋਸ਼ ਲਾਉਂਦੇ ਦੱਸਿਆ ਕਿ ਮੋਹਿਤ ਅਗਰਵਾਲ ਅਤੇ ਹਰਸ਼ਿਤਾ ਅਗਰਵਾਲ ਪਤਨੀ ਰਜਿੰਦਰ ਅਗਰਵਾਲ ਨੇ ਉਸ ਨੂੰ ਪਲਾਟ ਖਰੀਦਣ ਦਾ ਝਾਂਸਾ ਦੇ ਕੇ ਉਸ ਨਾਲ 66,60,000 ਰੁਪਏ ਦੀ ਠੱਗੀ ਮਾਰੀ ਗਈ ਹੈ। ਇਸ ਸ਼ਿਕਾਇਤ ਦੀ ਐੱਸ. ਪੀ. ਹੈੱਡ ਕੁਆਰਟਰ ਫਿਰੋਜ਼ਪੁਰ ਵੱਲੋਂ ਜਾਂਚ ਤੋਂ ਬਾਅਦ ਇਹ ਮਾਮਲਾ ਦਰਜ ਕੀਤਾ ਗਿਆ ਹੈ, ਜਿਸ 'ਚ ਸ਼ਿਕਾਇਤਕਰਤਾ ਨੇ ਦੱਸਿਆ ਹੈ ਕਿ ਨਾਮਜ਼ਦ ਵਿਅਕਤੀ ਪ੍ਰਾਪਰਟੀ ਡੀਲਰ ਵਜੋਂ ਕੰਮ ਕਰਦਾ ਹੈ ਅਤੇ ਅਪ੍ਰੈਲ 2023 'ਚ ਉਸਨੇ ਸ਼ਿਕਾਇਤਕਰਤਾ ਨੂੰ ਦੱਸਿਆ ਕਿ ਮੋਗਾ ਰੋਡ 'ਤੇ ਜਿੱਥੇ ਪੀ. ਜੀ. ਆਈ. ਸੈਟੇਲਾਈਟ ਸੈਂਟਰ ਬਣ ਰਿਹਾ ਹੈ, ਉਸਦੇ ਨਾਲ ਇਕ 12 ਮਰਲੇ ਦਾ ਪਲਾਟ ਪਿਆ ਹੋਇਆ ਹੈ, ਜੋ ਤੁਸੀਂ ਖਰੀਦ ਲਵੋਂ ਅਤੇ ਸੌਦਾ ਕਰਦੇ ਹੋਏ ਸ਼ਿਕਾਇਤਕਰਤਾ ਨੇ ਮੋਹਿਤ ਅਗਰਵਾਲ ਅਤੇ ਹਰਸ਼ਿਤਾ ਅਗਰਵਾਲ ਦੇ ਅਕਾਊਂਟ 'ਚ ਪੰਜ-ਪੰਜ ਲੱਖ ਰੁਪਏ ਟਰਾਂਸਫਰ ਕਰ ਦਿੱਤੇ ਅਤੇ ਫਿਰ 8 ਮਈ 2023 ਨੂੰ ਉਨ੍ਹਾਂ ਦੇ ਖਾਤਿਆਂ 'ਚ 2-2 ਲੱਖ ਰੁਪਏ ਹੋਰ ਟਰਾਂਸਫਰ ਕੀਤੇ ਗਏ ਅਤੇ 10 ਜੁਲਾਈ 2023 ਨੂੰ ਉਸਨੇ ਦੁਬਾਰਾ ਮੋਹਿਤ ਅਗਰਵਾਲ ਦੇ ਖਾਤੇ




'ਚ 60,000 ਰੁਪਏ ਟਰਾਂਸਫਰ ਕੀਤੇ। 18 ਅਕਤੂਬਰ 2023 ਨੂੰ ਇਕ-ਇਕ ਲੱਖ (ਕੁੱਲ 16 ਲੱਖ 60 ਹਜ਼ਾਰ ਰੁਪਏ) ਉਨ੍ਹਾਂ ਦੇ ਦੋਵਾਂ ਖਾਤਿਆਂ 'ਚ ਟਰਾਂਸਫਰ ਕੀਤੇ। ਸ਼ਿਕਾਇਤਕਰਤਾ ਮੁਤਾਬਕ ਸਤੰਬਰ 2024 'ਚ ਨਾਮਜ਼ਦ ਵਿਅਕਤੀ ਉਨ੍ਹਾਂ ਨੂੰ ਕਹਿਣ ਲੱਗਾ ਕਿ ਤੁਸੀਂ ਲੋਕਾਂ ਵੱਲੋਂ ਟੁੱਟਵੀਂ ਰਕਮ ਦਿੱਤੀ ਗਈ ਹੈ ਅਤੇ ਰਕਮ ਦੇਣ 'ਚ ਦੇਰੀ ਕੀਤੀ ਗਈ ਹੈ, ਇਸ ਲਈ ਉਹ ਪਲਾਟ ਵਿਕ ਗਿਆ ਹੈ ਅਤੇ ਹੁਣ ਇਕ ਹੋਰ 55 ਮਰਲੇ ਦਾ ਪਲਾਟ ਗੋਬਿੰਦ ਇਨਕਲੇਵ ਮੋਗਾ ਰੋਡ ਫਿਰੋਜ਼ਪੁਰ 'ਚ ਪਿਆ ਹੈ, ਜਿਸਦੀ ਕੀਮਤ ਇਕ ਕਰੋੜ 20 ਲੱਖ ਰੁਪਏ ਹੈ ਅਤੇ ਤੁਸੀਂ ਮੈਨੂੰ ਹੋਰ 50 ਲੱਖ ਰੁਪਏ ਦੇ ਦਿਓ ਅਤੇ ਉਸਦੀ ਰਜਿਸਟਰੀ ਕਰਵਾ ਲਓ, ਤਾਂ ਸ਼ਿਕਾਇਤਕਰਤਾ ਦੇ ਅਨੁਸਾਰ 12 ਦਸੰਬਰ 2024 ਨੂੰ ਉਨ੍ਹਾਂ ਨੇ ਆਪਣੀ ਫਿਰੋਜ਼ਪੁਰ ਕੈਂਟ 'ਚ ਸਥਿਤ ਭਗਤ ਸਵੀਟ ਸ਼ਾਪ 'ਤੇ ਮੋਹਿਤ ਅਗਰਵਾਲ ਨੂੰ 50 ਲੱਖ ਰੁਪਏ ਹੋਰ ਕੈਸ਼ ਦਿੱਤੇ ਅਤੇ ਬਾਅਦ 'ਚ ਉਨ੍ਹਾਂ ਨੂੰ ਪਤਾ ਲੱਗਾ ਕਿ ਮੋਹਿਤ ਅਗਰਵਾਲ ਨੇ ਉਸਦੇ ਨਾਲ 66,60,000 ਰੁਪਏ ਦੀ ਠੱਗੀ ਮਾਰੀ ਹੈ ਅਤੇ ਉਹ ਫਰਾਰ ਹੋ ਗਿਆ ਹੈ। ਪੁਲਸ ਨਾਮਜ਼ਦ ਮਾਂ-ਪੁੱਤ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਕਰ ਰਹੀ ਹੈ।

## 'ਆਪ' ਨੇ 11 ਸਾਲਾਂ 'ਚ ਦਿੱਲੀ ਨੂੰ ਹਾਸੀਏ 'ਤੇ ਪਹੁੰਚਾ ਦਿੱਤੈ : ਚੁੱਘ

ਚੰਡੀਗੜ੍ਹ 20 ਜਨਵਰੀ। ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਕਿਹਾ ਹੈ ਕਿ ਪਿਛਲੇ 11 ਸਾਲਾਂ ਵਿਚ ਆਮ ਆਦਮੀ ਪਾਰਟੀ ਨੇ ਦਿੱਲੀ ਨੂੰ ਹਾਸੀਏ 'ਤੇ ਪਹੁੰਚਾ ਦਿੱਤਾ ਹੈ। ਚੁੱਘ ਨੇ ਆਪਣੇ ਨਿਵਾਸ ਸਥਾਨ 'ਤੇ ਇਕ ਪ੍ਰੋਗਰਾਮ ਦਾ ਆਯੋਜਨ ਕੀਤਾ, ਜਿਸ ਵਿਚ ਕੇਂਦਰੀ ਮੰਤਰੀ ਪ੍ਰਹਿਲਾਦ ਜੋਸੀ, ਸਾਬਕਾ ਸੰਸਦ ਮੈਂਬਰ ਅਨੁਰਾਗ ਸਿੰਘ ਠਾਕੁਰ, ਭਾਜਪਾ ਦੇ ਕੌਮੀ ਜਨਰਲ ਸਕੱਤਰ (ਸੰਗਠਨ) ਬੀ. ਐੱਲ. ਸੰਤੋਸ, ਕੌਮੀ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਸਮੇਤ ਕਈ ਆਗੂਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਚੁੱਘ ਨੇ ਕਿਹਾ ਕਿ ਦਿਲੀ ਚੋਣਾਂ ਵਿਚ ਕੇਜਰੀਵਾਲ, ਸਿਸੋਦੀਆ ਅਤੇ ਹੋਰ ਨੇਤਾਵਾਂ ਦੀਆਂ ਜਮਾਨਤਾਂ ਜਬਤ ਹੋਣੀਆਂ ਯਕੀਨੀ ਹਨ। ਉਨ੍ਹਾਂ ਨੇ ਕਿਹਾ ਕਿ ਭਾਜਪਾ ਵਲੋਂ ਆਪਣੇ ਚੋਣ ਮੈਨੀਫੈਸਟੋ ਵਿਚ ਦਿੱਲੀ ਦੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾਣਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਗਾਰੰਟੀ ਹਮੇਸਾ ਮਜਬੂਤ ਹੁੰਦੀ ਹੈ

## ਹੁਣ ਈ-ਸ਼੍ਰਮ ਕਾਰਡ ਸਮੇਤ ਸੇਵਾ ਕੇਂਦਰਾਂ 'ਚੋਂ ਮਿਲਣਗੀਆਂ ਇਹ ਨਵੀਆਂ ਸਹੂਲਤਾਂ

ਪਟਿਆਲਾ 20 ਜਨਵਰੀ। ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਪ੍ਰਸ਼ਾਸਨਿਕ ਸੁਧਾਰ ਵਿਭਾਗ ਵੱਲੋਂ ਲੋਕਾਂ ਦੀ ਸਹੂਲਤ ਲਈ ਸੇਵਾ ਕੇਂਦਰਾਂ ਵਿਖੇ 3 ਹੋਰ ਨਵੀਆਂ ਸੇਵਾਵਾਂ ਪ੍ਰਦਾਨ ਕਰਨੀਆਂ ਸ਼ੁਰੂ ਕੀਤੀਆਂ ਗਈਆਂ ਹਨ, ਜਿਨ੍ਹਾਂ 'ਚ ਈ-ਸ਼੍ਰਮ ਕਾਰਡ, ਨਵੇਂ ਸਟੈਂਪ ਵੈਂਡਰ ਤੇ ਹਥਿਆਰ ਰਹਿਤ ਖੇਤਰ ਦੇ ਨਵੇਂ ਲਾਇਸੈਂਸ ਜਾਰੀ ਕਰਨ ਦੀਆਂ ਸੇਵਾਵਾਂ ਸ਼ਾਮਲ ਹਨ। ਇਹ ਸੇਵਾ ਨਵੀਂ ਲੈਣ ਲਈ ਜਾਂ ਨਵਿਆਉਣ ਲਈ ਵੀ ਨਾਗਰਿਕ ਆਪਣੇ ਨੇੜਲੇ ਸੇਵਾ ਕੇਂਦਰ ਨਾਲ ਸੰਪਰਕ ਕਰ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਵੱਖ-ਵੱਖ ਨਾਗਰਿਕ ਸੇਵਾਵਾਂ ਲੋਕਾਂ ਨੂੰ ਇੱਕੋ ਛੱਤ




ਹੇਠ ਪ੍ਰਦਾਨ ਕਰਨ ਲਈ ਜ਼ਿਲੇ ਅੰਦਰ ਚੱਲ ਰਹੇ ਸੇਵਾ ਕੇਂਦਰਾਂ ਵਿਖੇ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਹੁਣ ਪ੍ਰਸ਼ਾਸਨਿਕ ਸੁਧਾਰ ਵਿਭਾਗ ਨੇ ਇਨ੍ਹਾਂ 'ਚ ਵਾਧਾ ਕਰਦਿਆਂ 3 ਹੋਰ ਸੇਵਾਵਾਂ ਸ਼ੁਰੂ ਕੀਤੀਆਂ ਹਨ। ਇਨ੍ਹਾਂ 'ਚ ਈ-ਸ਼੍ਰਮ ਕਾਰਡ, ਜਿਸ 'ਚ ਕੋਈ ਵੀ 16 ਤੋਂ 59 ਸਾਲਾਂ ਦਾ ਨਾਗਰਿਕ ਆਪਣਾ ਲੇਬਰ ਰਿਕਾਰਡ ਦਰਜ ਕਰਵਾ ਸਕਦਾ ਹੈ। ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਇਸ ਤੋਂ ਬਿਨ੍ਹਾਂ ਹਥਿਆਰ ਰਹਿਤ ਖੇਤਰ (ਸਿੱਖਿਆ ਸੰਸਥਾਵਾਂ, ਪੂਜਾ ਅਸਥਾਨ, ਮੈਰਿਜ ਪੈਲੇਸ, ਹੋਟਲ, ਗੈਸਟ ਹਾਊਸ, ਪਬਲਿਕ ਪਾਰਕ, ਸਰਕਾਰੀ ਦਫ਼ਤਰ, ਸ਼ਾਪਿੰਗ ਮਾਲ, ਸਿਨੇਮਾ ਹਾਲ ਤੇ ਹੋਰ ਸਥਾਨਾਂ) ਨੂੰ ਅਸਲਾ ਮੁਕਤ ਸਥਾਨ ਘੋਸ਼ਿਤ ਕਰਵਾਉਣ ਦੇ ਨਵੇਂ ਲਾਇਸੈਂਸ ਲੈਣ ਲਈ ਵੀ ਸੇਵਾ ਕੇਂਦਰ 'ਚੋਂ ਸੇਵਾ ਲਈ ਜਾ ਸਕਦੀ ਹੈ। ਇਸ ਤੋਂ ਬਿਨ੍ਹਾਂ ਹੁਣ ਨਵਾਂ ਅਸ਼ਟਾਮ ਲਾਇਸੈਂਸ ਲੈਣ ਲਈ ਜਾਂ ਨਵਿਆਉਣ ਲਈ ਵੀ ਸੇਵਾ ਕੇਂਦਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

## ਬਸੰਤ ਪੰਚਮੀ ਨੇੜੇ ਆਉਂਦਿਆਂ ਹੀ ਲੋਕਾਂ ਨੂੰ ਸਤਾਉਣ ਲੱਗਾ ਚਾਈਨਾ ਡੋਰ ਦਾ ਖੌਫ

ਭੁੱਚੋ ਮੰਡੀ 20 ਜਨਵਰੀ। ਜਿਉਂ-ਜਿਉਂ ਬਸੰਤ ਪੰਚਮੀ ਦਾ ਤਿਉਹਾਰ ਨੇੜੇ ਆ ਰਿਹਾ ਹੈ, ਤਿਉਂ-ਤਿਉਂ ਲੋਕਾਂ ਨੂੰ ਚਾਈਨਾ ਡੋਰ ਦਾ ਖੌਫ ਸਤਾਉਣ ਲੱਗਿਆ ਹੈ। ਬੱਚਿਆਂ ਅਤੇ ਨੌਜਵਾਨਾਂ ਨੂੰ ਇਸ ਡੋਰ ਨਾਲ ਹੀ ਪਤੰਗਬਾਜ਼ੀ ਕਰਨ ਦਾ ਸ਼ੌਕ ਹੈ। ਪੁਲਸ ਪ੍ਰਸਾਸਨ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਲਗਾਤਾਰ ਚਾਈਨਾ ਡੋਰ ਨੂੰ ਰੋਕਣ ਲਈ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਪੁਲਸ ਪ੍ਰਸਾਸਨ ਵੱਲੋਂ ਵੀ ਮਾਮਲੇ ਦਰਜ ਕੀਤੇ ਜਾ ਰਹੇ ਹਨ ਪਰ ਇਸ ਦੇ ਬਾਵਜੂਦ ਚਾਈਨਾ ਡੋਰ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਪਤੰਗ ਵੇਚਣ ਵਾਲਿਆ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਕਾਰੋਬਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ, ਕਿਉਂਕਿ ਲੋਕਾਂ ਵੱਲੋਂ ਨਿੱਜੀ ਸਵਾਰਥਾਂ ਦੇ ਚੱਲਦੇ ਘਰਾਂ 'ਚ ਲਿਆ ਕੇ ਚਾਈਨਾ ਡੋਰ ਲੋਕਾਂ ਨੂੰ ਵੇਚੀ ਜਾ ਰਹੀ ਹੈ। ਜਿਉਂ-ਜਿਉਂ ਪੁਲਸ ਪ੍ਰਸਾਸਨ ਵੱਲੋਂ ਸਖਤੀ ਕੀਤੀ ਜਾ ਰਹੀ ਹੈ, ਚਾਈਨਾ ਡੋਰ ਦਾ ਰੇਟ ਵੱਧਦਾ ਜਾ ਰਿਹਾ ਹੈ। ਸਮਾਜ ਸੇਵੀ ਮੁਕੇਸ਼ ਸ਼ਰਮਾ ਦਾ ਕਹਿਣਾ ਹੈ ਕਿ ਚਾਈਨਾ ਡੋਰ ਨੇ ਨਾ ਸਿਰਫ ਮਨੁੱਖਾਂ ਅਤੇ ਜੀਵ-ਜੰਤੂਆਂ ਨੂੰ ਵੱਡੇ ਅਤੇ ਡੂੰਘੇ ਜ਼ਖਮ ਦਿੱਤੇ ਹਨ, ਸਗੋਂ ਕਈਆਂ ਦੀਆਂ ਜਾਨਾਂ ਤੱਕ ਵੀ ਲੈ ਲਈਆਂ ਹਨ। ਇੱਥੇ ਹੀ ਬੱਸ ਨਹੀਂ, ਇਹ ਡੋਰ ਪਤੰਗਬਾਜ਼ੀ ਕਰਨ ਵਾਲਿਆਂ ਦੇ ਹੱਥਾਂ ਨੂੰ ਵੀ ਜ਼ਖਮੀ ਕਰ ਦਿੰਦੀ ਹੈ। ਇਸ ਸਭ ਕੁੱਝ ਦੇ ਬਾਵਜੂਦ ਇਸ ਡੋਰ ਦੀ ਵਰਤੋਂ 'ਤੇ ਰੋਕ ਨਹੀਂ ਲੱਗ ਸਕੀ। ਪ੍ਰਸ਼ਾਸਨ ਚੋਰੀ-ਛੁਪੇ ਹੋ ਰਹੀ ਚਾਈਨਾ ਡੋਰ ਦੀ ਵਿਕਰੀ 'ਤੇ ਤੁਰੰਤ ਰੋਕ ਲਗਾਏ।

# ਜਲੰਧਰ ਸ਼ਹਿਰ ਦੇ ਵਿਕਾਸ 'ਤੇ ਖਰਚ ਹੋਣਗੇ ਕਰੋੜਾਂ ਰੁਪਏ, ਮੇਅਰ ਵਿਨੀਤ ਧੀਰ ਨੇ ਬਣਾਈ ਪਲਾਨਿੰਗ

**ਏਜੰਸੀਆਂ**

ਜਲੰਧਰ 20 ਜਨਵਰੀ। ਮੇਅਰ ਵਨੀਤ ਧੀਰ ਨੇ ਨਗਰ ਨਿਗਮ ਕਮਿਸ਼ਨਰ ਅਤੇ ਬੀ. ਐਂਡ ਆਰ. ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਵੀਰਵਾਰ ਇਕ ਮੀਟਿੰਗ ਕੀਤੀ, ਜਿਹੜੀ ਢਾਈ ਘੰਟੇ ਚੱਲੀ। ਇਸ ਮੀਟਿੰਗ ਦੌਰਾਨ ਸ਼ਹਿਰ ਦੇ ਵਿਕਾਸ ਨੂੰ ਲੈ ਕੇ ਕਈ ਤਰ੍ਹਾਂ ਦੀ ਪਲਾਨਿੰਗ ਬਣਾਈ ਗਈ ਅਤੇ ਨਿਗਮ ਅਧਿਕਾਰੀਆਂ ਤੋਂ ਪਿਛਲੀ ਕਾਰਗੁਜਾਰੀ ਬਾਰੇ ਰਿਪੋਰਟ ਤਲਬ ਕੀਤੀ ਗਈ। ਮੇਅਰ ਨੂੰ ਦੱਸਿਆ ਗਿਆ ਕਿ ਕੇਂਦਰ ਸਰਕਾਰ ਵੱਲੋਂ ਜਲੰਧਰ ਸ਼ਹਿਰ ਦੇ ਸੁਧਾਰ ਲਈ 28.45 ਕਰੋੜ ਰੁਪਏ ਦੀ ਗ੍ਰਾਂਟ ਆਉਣ ਦੀ ਸੰਭਾਵਨਾ ਹੈ, ਜਿਸ ਦੇ ਲਈ ਦਿੱਲੀ ਤੋਂ ਸਕੂਲ ਆਫ ਪਲਾਨਿੰਗ ਐਂਡ ਆਰਕੀਟੈਕਚਰ ਦੀ ਟੀਮ ਜਲਦ ਆਵੇਗੀ। ਇਹ ਟੀਮ ਸ਼ਹਿਰ ਵਿਚ ਬਣਨ ਵਾਲੇ ਸਟਰੀਟ ਵੈਂਡਿੰਗ ਜੋਨ, ਗ੍ਰੀਨ ਬੈਲਟ, ਬਲੈਕ ਪੁਆਇੰਟ ਦੂਰ ਕਰਨ ਅਤੇ ਰੀਕ੍ਰੀਏਸ਼ਨ ਐਕਟੀਵਿਟੀ ਲਈ ਸਰਵੇ ਕਰੇਗੀ। ਮੇਅਰ ਨੇ ਇਸ ਪ੍ਰਾਜੈਕਟ ਬਾਬਤ ਰਿਪੋਰਟ ਤਲਬ ਕੀਤੀ ਹੈ ਅਤੇ ਅਧਿਕਾਰੀਆਂ ਦੀ ਡਿਊਟੀ ਲਾ ਦਿੱਤੀ ਹੈ। ਇਸ ਤੋਂ ਇਲਾਵਾ ਐਨ ਕੈਪ ਫੰਡ ਜਰੀਏ 5 ਕਰੋੜ ਰੁਪਏ ਦੀ ਇਕ ਹੋਰ ਗ੍ਰਾਂਟ ਆ ਰਹੀ ਹੈ, ਜਿਸ ਨਾਲ ਮਹਾਵੀਰ ਮਾਰਗ ਦਾ ਸੁੰਦਰੀਕਰਨ ਕੀਤਾ ਜਾਣਾ ਹੈ। ਮੇਅਰ ਦਾ ਸੁਝਾਅ ਸੀ ਕਿ 1-2 ਆਈਟਮਾਂ ਦੇ ਉੱਪਰ ਹੀ ਸਾਰਾ



ਪੈਸਾ ਨਾ ਲਾ ਕੇ ਇਸ ਪੂਰੇ ਇਲਾਕੇ ਨੂੰ ਵੱਖ-ਵੱਖ ਢੰਗ ਨਾਲ ਸੁੰਦਰ ਬਣਾਇਆ ਜਾਵੇ ਅਤੇ ਉਨ੍ਹਾਂ ਦੀ ਜਾਣਕਾਰੀ ਵਿਚ ਸਾਰਾ ਪ੍ਰਾਜੈਕਟ ਲਿਆ ਕੇ ਹੀ ਇਸ ਨੂੰ ਲਾਗੂ ਕੀਤਾ ਜਾਵੇ। ਮੇਅਰ ਦਾ ਕਹਿਣਾ ਸੀ ਕਿ ਇਸੇ ਪਲਾਨਿੰਗ ਤਹਿਤ ਵਿਜੇ ਨਗਰ ਪਾਰਕ ਅਤੇ ਟੀ. ਵੀ. ਸੈਂਟਰ ਦੇ ਸਾਹਮਣੇ ਵਾਲੇ ਡੰਪ ਨੂੰ ਵੀ ਹਟਾਉਣ ਦੀ ਯੋਜਨਾ ਤਿਆਰ ਕੀਤੀ ਜਾਵੇ। ਜੋਤੀ ਨਗਰ ਡੰਪ ਬਾਰੇ ਵੀ ਪਲਾਨਿੰਗ ਤਿਆਰ ਕੀਤੀ ਜਾਵੇ। ਕੇਂਦਰ ਸਰਕਾਰ ਦੇ ਮੱਛੀ ਪਾਲਣ, ਪਸ਼ੂ ਪਾਲਣ ਅਤੇ ਡੇਅਰੀ ਮਾਮਲਿਆਂ ਨਾਲ ਸਬੰਧਤ ਮੰਤਰਾਲੇ ਦੀ ਯੋਜਨਾ ਤਹਿਤ 50 ਕਰੋੜ ਰੁਪਏ ਦੀ ਗ੍ਰਾਂਟ ਨਾਲ ਜਲੰਧਰ ਸ਼ਹਿਰ ਵਿਚ ਨਵੀਂ ਮੱਛੀ ਮਾਰਕੀਟ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਇਸ ਵਿਭਾਗ ਦੇ ਅਧਿਕਾਰੀਆਂ ਨੇ ਅੱਜ ਨਿਗਮ ਆ ਕੇ ਕਮਿਸ਼ਨਰ ਅਤੇ ਮੇਅਰ ਨਾਲ ਰਸਮੀ ਰੂਪ ਨਾਲ ਗੱਲਬਾਤ ਵੀ ਕੀਤੀ ਅਤੇ ਕਿਹਾ ਕਿ ਇਸ ਪ੍ਰਾਜੈਕਟ ਲਈ ਨਿਗਮ ਵੱਲੋਂ 4-5 ਏਕੜ ਜ਼ਮੀਨ ਵਿਭਾਗ ਨੂੰ ਚਾਹੀਦੀ ਹੈ, ਜਿਥੇ ਮੱਛੀ ਮਾਰਕੀਟ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਇਸ ਮੀਟਿੰਗ ਤੋਂ ਬਾਅਦ ਮੇਅਰ ਨੇ ਬੀ. ਐਂਡ ਆਰ. ਅਤੇ ਬਿਲਡਿੰਗ ਵਿਭਾਗ ਤੋਂ ਰਿਪੋਰਟ ਤਲਬ ਕਰ ਲਈ ਹੈ ਕਿ ਨਿਗਮ ਦੀ ਕਿਹੜੀ ਜਮੀਨ ਕਿੱਥੇ ਪਈ ਹੋਈ ਹੈ ਅਤੇ ਉਥੇ ਕੀ ਪ੍ਰਾਜੈਕਟ ਬਣਾਇਆ ਜਾ ਸਕਦਾ ਹੈ। ਨਿਗਮ ਦੀ ਹੱਦ ਵਿਚ ਆਏ 12 ਪਿੰਡਾਂ ਵਿਚ ਜਿਹੜੀ ਪੰਚਾਇਤੀ ਜਮੀਨ ਨਿਗਮ ਨੂੰ ਟਰਾਂਸਫਰ ਹੋਈ ਹੈ, ਉਸ ਬਾਬਤ ਰਿਕਾਰਡ ਵੀ ਤਲਬ ਕਰ ਲਿਆ ਗਿਆ ਹੈ।

# ਭੋਗ 'ਤੇ ਵੰਡੇ ਜਲੇਬੀਆਂ-ਪਕੌੜੇ ਤਾਂ ਦੇਣਾ ਪੈਣਾ ਮੋਟਾ ਜੁਰਮਾਨਾ

**ਏਜੰਸੀਆਂ**

ਬਠਿੰਡਾ/ਰਾਮਪੁਰਾ ਫੂਲ 20 ਜਨਵਰੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਜਿੱਥੇ ਪਿੰਡਾਂ ਦੇ ਵਿਕਾਸ ਲਈ ਅਹਿਮ ਕਦਮ ਚੁੱਕੇ ਜਾ ਰਹੇ ਹਨ, ਉਥੇ ਹੀ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਦੀ ਰਹਿਨੁਮਾਈ ਅਤੇ ਪ੍ਰੇਰਣਾ ਸਦਕਾ ਜ਼ਿਲ੍ਹੇ ਦੀਆਂ ਪੰਚਾਇਤਾਂ ਵੱਲੋਂ ਵੀ ਨਿਵੇਕਲੀਆਂ ਪਹਿਲ ਕਦਮੀਆਂ ਕੀਤੀਆਂ ਜਾ ਰਹੀਆਂ ਹਨ। ਇਸੇ ਲੜੀ ਤਹਿਤ ਗ੍ਰਾਮ ਪੰਚਾਇਤ ਡਿੱਖ ਦੇ ਨੌਜਵਾਨ ਸਰਪੰਚ ਗੁਰਦੀਪ ਸਿੰਘ ਦੀ ਪ੍ਰਧਾਨਗੀ ਹੇਠ ਗ੍ਰਾਮ ਸਭਾ ਦੇ ਆਮ ਇਜਲਾਸ ਦੌਰਾਨ ਅਹਿਮ ਫੈਸਲੇ ਲੈਂਦਿਆਂ ਪੰਚਾਇਤ ਨੇ ਸਮਾਜਿਕ ਕੁਰੀਤੀਆਂ ਖਿਲਾਫ਼ ਬੀੜਾ ਚੱਕਣ ਦਾ ਪ੍ਰਣ ਲਿਆ ਹੈ। ਗ੍ਰਾਮ ਸਭਾ ਦੌਰਾਨ ਲਏ ਗਏ ਫ਼ੈਸਲੇ ਤਹਿਤ ਪਿੰਡ ਵਿਚ ਮਰਗ ਦੇ ਭੋਗ ਮੌਕੇ ਹੁੰਦੇ ਫਜ਼ੂਲ ਖਰਚਿਆਂ ਨੂੰ ਠੱਲ੍ਹ ਪਾਉਣ ਲਈ ਜਲੇਬੀਆਂ ਅਤੇ ਪਕੌੜੇ ਬਣਾਉਣ 'ਤੇ ਪਾਬੰਦੀ ਅਤੇ ਉਲੰਘਣਾ ਕਰਨ ਵਾਲੇ ਨੂੰ 21 ਹਜਾਰ ਰੁਪਏ ਜੁਰਮਾਨਾ ਭਰਨਾ ਪਵੇਗਾ। ਇਸ ਤੋਂ ਇਲਾਵਾ ਪੰਚਾਇਤ ਨੇ ਪਿੰਡ ਦੇ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਦੇ ਟੈਸਟਾਂ ਦੀ ਤਿਆਰੀ ਕਰਨ ਵਾਲੇ ਲੋੜਵੰਦਾਂ ਨੂੰ ਕਿਤਾਬਾਂ ਅਤੇ ਹੋਰ ਮਾਲੀ ਮਦਦ ਕਰਨ ਦਾ ਵੀ ਫ਼ੈਸਲਾ ਲਿਆ ਹੈ। ਇਸੇ ਦੌਰਾਨ ਸਮਾਜਿਕ ਮੁੱਦਿਆਂ ਤੇ ਮੋੜਾਂ ਕੱਟਦਿਆਂ ਪੰਚਾਇਤ ਨੇ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਦਿਆਂ ਇਹ ਵੀ ਫ਼ੈਸਲਾ ਲਿਆ ਹੈ ਕਿ ਪਿੰਡ ਦਾ ਜੇਕਰ ਕੋਈ ਬੱਚਾ ਪੜ੍ਹਾਈ ਦੇ ਖੇਤਰ ਵਿਚੋਂ ਮੈਰਿਟ ਲਿਸਟ ਵਿੱਚ ਆਉਂਦਾ ਹੈ ਤਾਂ ਉਸ ਨੂੰ 21 ਹਜ਼ਾਰ ਰੁਪਏ ਨਾਲ ਸਨਮਾਨਤ ਕੀਤਾ ਜਾਵੇਗਾ। ਨਸ਼ਿਆਂ ਨੂੰ ਠੱਲ੍ਹ ਪਾਉਣ ਦੇ ਮਕਸਦ ਨਾਲ ਪਿੰਡ ਵਿਚ ਜੇਕਰ ਕੋਈ ਗੈਰ ਨਸ਼ਾ ਚਿੱਟਾ ਜਾਂ ਗੋਲੀਆਂ ਆਦਿ ਵੇਚਦਾ ਫੜ੍ਹਿਆ ਜਾਂਦਾ ਤਾਂ ਪੰਚਾਇਤ ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਵਾਏਗੀ। ਇਸੇ ਤਰ੍ਹਾਂ ਮਹੰਤਾਂ ਨੂੰ ਵਧਾਈ ਦੇਣ ਦੇ ਰੁਪਏ ਫਿਕਸ ਕੀਤੇ ਗਏ। ਪਿੰਡ ਦੀਆਂ ਗਲੀਆਂ ਵਿੱਚ ਮਿੱਟੀ ਜਾਂ ਹੋਰ ਸਮਾਨ ਰੱਖਣ ਦੀ ਮਨਾਹੀ ਕੀਤੀ ਗਈ ਹੈ। ਇਸੇ ਤਰ੍ਹਾਂ ਪਿੰਡ ਵਿੱਚ ਪਾਣੀ ਦੀ ਹੁੰਦੀ ਦੁਰਵਰਤੋਂ ਨੂੰ ਰੋਕਣ ਲਈ ਟੂਟੀਆਂ ਅਤੇ ਗੇਟ ਵਾਲ ਲਾਉਣਾ ਜ਼ਰੂਰੀ ਕਰ ਦਿੱਤਾ ਗਿਆ ਹੈ। ਪਾਣੀ ਦਾ ਬਿੱਲ ਨਾ ਭਰਨ 'ਤੇ ਕੁਨੈਕਸ਼ਨ ਕੱਟਿਆ ਜਾਵੇਗਾ। ਪਿੰਡ ਵਿੱਚ ਦੁਕਾਨਾਂ 'ਤੇ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਿਗਰਟ-ਤੰਬਾਕੂ ਦੇਣ ਉਤੇ ਪਾਬੰਦੀ ਕੀਤੀ ਗਈ ਹੈ। ਸ਼ੋਰ-ਪ੍ਰਦੂਸ਼ਣ ਰੋਕਣ ਲਈ ਕੋਈ ਵੀ ਪਿੰਡ ਵਿੱਚ ਚਿੱਪ ਵਗੈਰ ਲਾ ਕੇ ਹੋਕਾ ਨਹੀਂ ਦੇਵੇਗਾ। ਇਸ ਤੋਂ ਇਲਾਵਾ ਲਾਇਬ੍ਰੇਰੀ ਦਾ ਨਾਮ ਸੰਤ ਗੁਰਦਿਆਲ ਸਿੰਘ ਅਤੇ ਖੇਡ ਮੈਦਾਨ ਦਾ ਨਾਮ ਸੰਤ ਕ੍ਰਿਪਾਲ ਸਿੰਘ ਰੱਖਣ ਦਾ ਫ਼ੈਸਲਾ ਕੀਤਾ ਅਤੇ ਹਰ ਸਾਲ 'ਧੀਆਂ ਦਾ ਲੋਹੜੀ' ਮਨਾਉਣ ਦੇ ਨਾਲ-ਨਾਲ, ਚਾਈਨਾ ਡੋਰ 'ਤੇ ਪਾਬੰਦੀ ਲਾਉਣ ਅਤੇ ਖੇਡਣ ਵਾਲੇ ਬੱਚਿਆਂ ਲਈ ਕੋਚ ਦਾ ਪ੍ਰਬੰਧ ਕਰਨ ਦੇ ਮਤੇ ਪਾਸ ਕੀਤੇ ਗਏ ਹਨ। ਆਮ ਇਜਲਾਸ




ਵਿੱਚ ਨਵੇਂ ਵਰ੍ਹੇ ਦੀ ਗ੍ਰਾਮ ਪੰਚਾਇਤ ਵਿਕਾਸ ਯੋਜਨਾਂ ਦਾ ਅਨੁਮਾਨਿਤ ਬਜਟ 81 ਲੱਖ 90 ਹਜ਼ਾਰ ਰੁਪਏ ਦਾ ਪਾਸ ਕੀਤਾ ਗਿਆ। ਨਵੇਂ ਬਜਟ ਵਿੱਚ ਹੋਣ ਵਾਲੇ ਵਿਕਾਸ ਕਾਰਜਾਂ ਵਿੱਚ ਗਰਾਊਂਡ ਦੀ ਚਾਰਦੀਵਾਰੀ, ਵੱਖ-ਵੱਖ ਖੇਡਾਂ ਦੇ ਖੇਡ ਮੈਦਾਨ ਬਣਾਉਣੇ, ਵਾਟਰ ਵਰਕਸ ਦੀ ਚਾਰਦੀਵਾਰੀ। ਪਾਰਕ, ਪਾਣੀ ਦੀ ਸਪਲਾਈ ਲਈ ਪਾਇਪ ਲਾਈਨ, ਸਬ-ਸੈਂਟਰ ਦੀ ਇਮਾਰਤ, ਧਰਮਸਾਲਾਵਾਂ, ਸਟਰੀਟ ਲਾਇਟਾਂ, ਸੀ. ਸੀ. ਟੀ. ਵੀ. ਕੈਮਰੇ ਲਗਾਉਣ, ਬੱਸ ਸਟੈਂਡ ਦੀ ਰਿਪੇਅਰ, ਗਲੀਆਂ-ਨਾਲੀਆਂ ਦੀ ਉਸਾਰੀ ਅਤੇ ਯਾਦਗਰੀ ਗੇਟ ਬਣਾਉਣਾ ਸ਼ਾਮਲ ਹਨ। ਇਸ ਮੌਕੇ ਵਾਟਰ ਸਪਲਾਈ ਅਤੇ ਸੈਨੀਟੇਸਨ ਵਿਭਾਗ ਦੇ ਨੁਮਾਇੰਦੇ ਹਰਿੰਦਰ ਸਿੰਘ ਨੇ ਪਾਣੀ ਦੀ ਮਹੱਤਤਾ ਬਾਰੇ ਅਤੇ ਜੀ. ਆਰ. ਐੱਸ. ਅੰਗਰੇਜ਼ ਸਿੰਘ ਅਤੇ ਪੰਚਾਇਤ ਸਕੱਤਰ ਜਸਪ੍ਰੀਤ ਸਿੰਘ ਨੇ ਸਰਕਾਰੀ ਸਕੀਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਦੌਰਾਨ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਸਕੂਲ ਦੇ ਬੱਚਿਆਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਹੈਡ ਟੀਚਰ ਮੈਡਮ ਰੋਸ਼ਨੀ ਚਾਵਲਾ, ਮਾਸਟਰ ਸੁਰਿੰਦਰ ਸਿੰਘ, ਮੈਡਮ ਰਿੰਪੀ ਬਾਲਾ, ਪੰਚ ਦਰਸ਼ਨ ਸਿੰਘ, ਅਵਤਾਰ ਸਿੰਘ, ਗੋਰਾ ਸਿੰਘ, ਰਾੜਾ ਸਿੰਘ, ਕਰਨੈਲ ਸਿੰਘ, ਹਰਵਿੰਦਰਪਾਲ ਕੌਰ, ਜਸਵਿੰਦਰ ਕੌਰ, ਸਿਮਰਨਜੀਤ ਕੌਰ ਅਤੇ ਰਮਨਦੀਪ ਕੌਰ ਆਦਿ ਹਾਜ਼ਰ ਸਨ।

## ਸੁਖਪਾਲ ਖਹਿਰਾ ਨੂੰ ਵੱਡੀ ਰਾਹਤ, ਸੁਪਰੀਮ ਕੋਰਟ ਨੇ ਰੱਦ ਕੀਤੀ ਇਹ ਅਰਜੀ

ਚੰਡੀਗੜ੍ਹ 20 ਜਨਵਰੀ। ਸੁਪਰੀਮ ਕੋਰਟ ਨੇ ਈ. ਡੀ. ਦੀ ਉਸ ਅਰਜੀ ਨੂੰ ਰੱਦ ਕਰ ਦਿੱਤਾ ਹੈ, ਜਿਸ 'ਚ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੀ ਜਮਾਨਤ ਰੱਦ ਕਰਨ ਦੀ ਮੰਗ ਕੀਤੀ ਗਈ ਸੀ।



ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ 2022 'ਚ ਮੇਰੇ ਖ਼ਿਲਾਫ ਸਿਆਸਤ ਤੋਂ ਪ੍ਰੇਰਿਤ ਇਕ ਕੇਸ ਅਦਾਲਤ 'ਚ ਦਾਇਰ ਕੀਤਾ ਗਿਆ ਸੀ। 2021 'ਚ ਈ. ਡੀ. ਨੇ ਉਨ੍ਹਾਂ ਦੇ ਘਰ ਛਾਪਾ ਮਾਰਿਆ ਸੀ। ਚੋਣਾਂ ਤੋਂ ਪਹਿਲਾਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਪਟਿਆਲਾ ਜੇਲ੍ਹ ਭੇਜ ਦਿੱਤਾ ਗਿਆ। ਬਾਅਦ 'ਚ ਹਾਈਕੋਰਟ ਤੋਂ ਉਕਤ ਕੇਸ 'ਚ ਪੱਕੀ ਜਮਾਨਤ ਮਿਲ ਗਈ। ਉਦੋਂ ਤੋਂ ਈ. ਡੀ. ਕਿਸੇ ਤਰ੍ਹਾਂ ਉਨ੍ਹਾਂ ਨੂੰ ਵਾਪਸ ਜੇਲ੍ਹ ਭੇਜਣ ਲਈ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕਰ ਰਹੀ ਸੀ। ਉਨ੍ਹਾਂ ਕਿਹਾ ਕਿ ਸੱਚੀਆਂ ਗੱਲਾਂ 'ਚ ਬਹੁਤ ਤਾਕਤ ਹੁੰਦੀ ਹੈ। ਮੈਂ ਕਿਸੇ ਨਾਲ ਕੁੱਝ ਗਲਤ ਨਹੀਂ ਕੀਤਾ ਹੈ। ਉਨ੍ਹਾਂ ਕਿਹਾ ਕਿ ਈ. ਡੀ. ਨੂੰ ਬੇਨਤੀ ਹੈ ਕਿ ਕਰੋੜਾਂ ਰੁਪਏ ਲੁੱਟਣ ਵਾਲਿਆਂ ਨੂੰ ਛੱਡ ਕੇ ਆਮ ਲੋਕਾਂ ਨੂੰ ਤੰਗ ਨਾ ਕੀਤਾ ਜਾਵੇ।